9-MAY-PAGE-1.qxd 5/8/2023 11:06 PM Page 1


ਮੰਗਲਵਾਰ, 9 ਮਈ, 2023
26 ਵਿਸਾਖ { ਨਾਨਕਸ਼ਾਹੀ 555 / ਬਿਕਰਮੀ 2080 }
ਜਿਲਦ/VOL. : 71
ਅੰਕ/NO. : 338

# ਨਵਾਂ ਜ਼ਮਾਨਾ

DAILY NAWAN ZAMANA • TUESDAY, 9 MAY, 2023

ਜਲੰਧਰ

nawan zamana TV

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

ਕੀਮਤ/PRICE : 5.00 ਰੁਪਏ   Regd. No : Pb/JL-123/2021-23, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 12


# ਸੋਨੀਆ ਨੇ ਜੋ ਕਿਹਾ ਨਹੀਂ, ਉਸ 'ਤੇ ਭਾਜਪਾ ਵੱਲੋਂ ਕਾਂਗਰਸ ਦੀ ਮਾਨਤਾ ਖਤਮ ਕਰਨ ਦੀ ਮੰਗ



**ਨਵੀਂ ਦਿੱਲੀ** : ਭਾਜਪਾ ਨੇ ਸੋਮਵਾਰ ਚੋਣ ਕਮਿਸ਼ਨ ਕੋਲ ਪਹੁੰਚ ਕਰਕੇ ਕਾਂਗਰਸ ਆਗੂ ਸੋਨੀਆ ਗਾਂਧੀ ਵਿਰੁੱਧ ਮਿਸਾਲੀ ਸਜ਼ਾ ਵਾਲੀ ਕਾਰਵਾਈ ਕਰਨ ਅਤੇ ਚੋਣ ਪ੍ਰਚਾਰ ਦੌਰਾਨ 'ਕਰਨਾਟਕ ਦੀ ਪ੍ਰਭੂਸੱਤਾ' ਸ਼ਬਦ ਦੀ ਵਰਤੋਂ ਕਰਨ 'ਤੇ ਉਨ੍ਹਾ ਦੀ ਪਾਰਟੀ ਦੀ ਮਾਨਤਾ ਰੱਦ ਕਰਨ ਦੀ ਮੰਗ ਕੀਤੀ। ਕੇਂਦਰੀ ਮੰਤਰੀ ਭੂਪੇਂਦਰ ਯਾਦਵ ਦੀ ਅਗਵਾਈ ਹੇਠ ਭਾਜਪਾ ਦੇ ਵਫਦ ਨੇ ਕਮਿਸ਼ਨ ਨੂੰ ਇਸ ਮੁੱਦੇ 'ਤੇ ਮੰਗ ਪੱਤਰ ਵੀ ਸੌਂਪਿਆ।

ਭਾਜਪਾ ਨੇ ਕਿਹਾ-ਕਰਨਾਟਕ ਭਾਰਤ ਸੰਘ 'ਚ ਇਕ ਬਹੁਤ ਮਹੱਤਵਪੂਰਨ ਮੈਂਬਰ ਰਾਜ ਹੈ ਅਤੇ ਭਾਰਤ ਸੰਘ ਦੇ ਮੈਂਬਰ ਰਾਜ ਦੀ ਪ੍ਰਭੂਸੱਤਾ ਦੀ ਰੱਖਿਆ ਲਈ ਕੋਈ ਵੀ ਸੱਦਾ ਵੱਖ ਹੋਣ ਦੀ ਮੰਗ ਕਰਨ ਦੇ ਬਰਾਬਰ ਹੈ ਅਤੇ ਖਤਰਨਾਕ ਤੇ ਘਾਤਕ ਨਤੀਜਿਆਂ ਨਾਲ ਭਰਪੂਰ ਹੈ। ਪੱਤਰਕਾਰਾਂ ਨੂੰ ਪਾਰਟੀ ਆਗੂ ਤਰੁਣ ਚੁੱਘ ਨੇ ਲੋਕ ਪ੍ਰਤੀਨਿਧਤਾ ਐਕਟ ਦਾ ਹਵਾਲਾ ਦਿੰਦਿਆਂ ਕਿਹਾ ਕਿ ਕਾਂਗਰਸ ਦੀ ਮਾਨਤਾ ਰੱਦ ਹੋਣੀ ਚਾਹੀਦੀ ਹੈ।

ਦਰਅਸਲ ਸੋਨੀਆ ਵੱਲੋਂ 6 ਮਈ ਨੂੰ ਹੁੱਬਲੀ ਦੀ ਰੈਲੀ 'ਚ ਤਕਰੀਰ ਕਰਨ ਬਾਰੇ ਕਾਂਗਰਸ ਪਾਰਟੀ ਨੇ ਟਵੀਟ ਕੀਤਾ ਸੀ ਕਿ ਸੋਨੀਆ ਗਾਂਧੀ ਨੇ ਕਿਹਾ ਕਿ ਕਾਂਗਰਸ ਕਿਸੇ ਨੂੰ ਕਰਨਾਟਕ ਦੇ ਵਕਾਰ, ਪ੍ਰਭੂਸੱਤਾ ਤੇ ਅਖੰਡਤਾ ਨੂੰ ਖਤਰਾ ਪੈਦਾ ਕਰਨ ਦੀ ਆਗਿਆ ਨਹੀਂ ਦੇਵੇਗੀ, ਪਰ ਸੋਨੀਆ ਗਾਂਧੀ ਨੇ ਪੂਰੀ ਤਕਰੀਰ ਵਿਚ 'ਪ੍ਰਭੂਸੱਤਾ' ਸ਼ਬਦ ਨਹੀਂ ਵਰਤਿਆ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਮੈਸੂਰ ਦੇ ਨੰਜਨਗੁੜ 'ਚ ਰੈਲੀ ਦੌਰਾਨ 'ਪ੍ਰਭੂਸੱਤਾ' ਸ਼ਬਦ ਨੂੰ ਲੈ ਕੇ ਗਾਂਧੀ ਪਰਵਾਰ 'ਤੇ ਹਮਲਾ ਕਰਦਿਆਂ ਕਿਹਾ ਸੀ ਕਿ ਕਾਂਗਰਸ ਦਾ ਸ਼ਾਹੀ ਪਰਵਾਰ ਕਰਨਾਟਕ ਨੂੰ ਭਾਰਤ ਨਾਲੋਂ ਵੱਖ ਕਰਨਾ ਚਾਹੁੰਦਾ ਹੈ। ਉਨ੍ਹਾ ਕਿਹਾ ਸੀ-ਮੈਂ ਕਦੇ ਨਹੀਂ ਸੋਚਿਆ ਸੀ ਕਿ ਟੁਕੜੇ-ਟੁਕੜੇ ਗੈਂਗ ਏਨਾ ਡਿਗ ਪਏਗਾ।

ਇਸੇ ਦੌਰਾਨ ਕਾਂਗਰਸ ਨੇ ਕਰਨਾਟਕ ਵਿਧਾਨ ਸਭਾ ਚੋਣਾਂ 'ਚ ਭਾਜਪਾ ਦੀ ਸਰਕਾਰ ਖਿਲਾਫ ਦਿੱਤੇ 'ਰੇਟ ਕਾਰਡ' ਇਸ਼ਤਿਹਾਰਾਂ 'ਤੇ ਨੋਟਿਸ ਜਾਰੀ ਕਰਨ 'ਤੇ ਚੋਣ ਕਮਿਸ਼ਨ 'ਤੇ ਪੱਖਪਾਤ ਕਰਨ ਦਾ ਦੋਸ਼ ਲਾਇਆ ਹੈ ਅਤੇ ਕਮਿਸ਼ਨ ਤੋਂ ਜਵਾਬ ਦੇਣ ਲਈ ਸਮਾਂ ਮੰਗਿਆ ਹੈ। ਮੁੱਖ ਵਿਰੋਧੀ ਪਾਰਟੀ ਦਾ ਕਹਿਣਾ ਹੈ ਕਿ ਚੋਣ ਕਮਿਸ਼ਨ ਨੇ ਆਦਰਸ਼ ਚੋਣ ਜ਼ਾਬਤੇ ਦੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਦੇ ਕੁਝ ਹੋਰ ਸੀਨੀਅਰ ਨੇਤਾਵਾਂ ਵੱਲੋਂ ਵਾਰ-ਵਾਰ ਅਤੇ ਖੁੱਲ੍ਹੇਆਮ ਉਲੰਘਣਾ ਕਰਨ 'ਤੇ ਨਾ ਨੋਟਿਸ ਜਾਰੀ ਕੀਤੇ ਹਨ ਅਤੇ ਨਾ ਹੀ ਉਨ੍ਹਾਂ ਦੀ ਨਿੰਦਾ ਕੀਤੀ ਹੈ।

## 2027 ਤੱਕ ਡੀਜ਼ਲ ਵਾਲੇ ਫੋਰ ਵ੍ਹੀਲਰ ਬੰਦ ਕਰਨ ਦੀ ਸਿਫਾਰਸ਼

**ਨਵੀਂ ਦਿੱਲੀ** : ਭਾਰਤ ਨੂੰ 2027 ਤੱਕ 10 ਲੱਖ ਤੋਂ ਵੱਧ ਆਬਾਦੀ ਵਾਲੇ ਸ਼ਹਿਰਾਂ 'ਚ ਡੀਜ਼ਲ ਵਾਲੇ ਚਾਰ ਪਹੀਆ ਵਾਹਨਾਂ ਦੀ ਵਰਤੋਂ 'ਤੇ ਪਾਬੰਦੀ ਲਗਾਉਣੀ ਚਾਹੀਦੀ ਹੈ। ਪੈਟਰੋਲੀਅਮ ਮੰਤਰਾਲੇ ਦੀ ਕਮੇਟੀ ਨੇ ਆਪਣੀ ਰਿਪੋਰਟ 'ਚ ਇਹ ਗੱਲ ਕਹੀ ਹੈ। ਨਾਲ ਹੀ ਕਮੇਟੀ ਨੇ ਕਿਹਾ ਕਿ ਇਲੈਕਟ੍ਰਿਕ ਅਤੇ ਗੈਸ ਨਾਲ ਚੱਲਣ ਵਾਲੇ ਵਾਹਨਾਂ ਨੂੰ ਉਤਸ਼ਾਹਤ ਕੀਤਾ ਜਾਣਾ ਚਾਹੀਦਾ ਹੈ। ਸਾਬਕਾ ਪੈਟਰੋਲੀਅਮ ਸਕੱਤਰ ਤਰੁਣ ਕਪੂਰ ਦੀ ਅਗਵਾਈ ਵਾਲੀ ਕਮੇਟੀ ਨੇ ਆਪਣੀ ਰਿਪੋਰਟ 'ਚ 2035 ਤੱਕ ਅੰਦਰੂਨੀ ਤੇਲ ਨਾਲ ਚੱਲਣ ਵਾਲੇ ਮੋਟਰਸਾਈਕਲਾਂ, ਸਕੂਟਰਾਂ ਅਤੇ ਤਿੰਨ ਪਹੀਆ ਵਾਹਨਾਂ ਨੂੰ ਪੜਾਅਵਾਰ ਬੰਦ ਕਰਨ ਦਾ ਸੁਝਾਅ ਦਿੱਤਾ ਹੈ। ਕਮੇਟੀ ਨੇ ਇਸ ਸਾਲ ਫਰਵਰੀ 'ਚ ਸਰਕਾਰ ਨੂੰ ਆਪਣੀ ਰਿਪੋਰਟ ਸੌਂਪੀ ਸੀ। ਰਿਪੋਰਟ ਮੁਤਾਬਕ ਕਰੀਬ 10 ਸਾਲਾਂ 'ਚ ਸ਼ਹਿਰੀ ਖੇਤਰਾਂ 'ਚ ਇੱਕ ਵੀ ਡੀਜ਼ਲ ਬੱਸ ਨਹੀਂ ਚਲਣੀ ਚਾਹੀਦੀ। ਸਰਕਾਰ ਨੇ ਹਾਲੇ ਤੱਕ ਇਸ ਰਿਪੋਰਟ ਨੂੰ ਸਵੀਕਾਰ ਨਹੀਂ ਕੀਤਾ।



ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ 20 ਮਈ ਤੋਂ ਖੁੱਲ੍ਹਣਗੇ। ਸ਼ਰਧਾਲੂਆਂ ਲਈ ਰਾਹ ਸੁਖਾਲਾ ਕਰਨ ਲਈ ਭਾਰਤੀ ਥਲ ਸੈਨਾ ਦੇ ਜਵਾਨ ਦਿਨ-ਰਾਤ ਕੰਮ ਕਰਕੇ ਬਰਫ ਨੂੰ ਹਟਾ ਰਹੇ ਹਨ।

## ਬੇਮੌਸਮੀ ਬਰਫਬਾਰੀ

**ਸ੍ਰੀਨਗਰ** : ਕਸ਼ਮੀਰ ਦੇ ਗੁਲਮਰਗ, ਪਹਿਲਗਾਮ, ਸੋਨਮਰਗ ਅਤੇ ਕਾਜ਼ੀਗੁੰਡ ਖੇਤਰਾਂ 'ਚ ਸੋਮਵਾਰ ਸਵੇਰੇ ਬਰਫਬਾਰੀ ਹੋਈ, ਜਿਸ ਨਾਲ ਸੜਕਾਂ 'ਤੇ ਤਿਲਕਣ ਹੋ ਗਈ। ਹਿਮਾਚਲ ਦੇ ਲਾਹੌਲ ਸਪਿਤੀ ਦੇ ਕਬਾਇਲੀ ਖੇਤਰਾਂ 'ਚ ਬੇਮੌਸਮੀ ਬਰਫਬਾਰੀ ਹੋ ਰਹੀ ਹੈ।

ਇਸ ਬਰਫਬਾਰੀ ਕਾਰਨ ਸੈਲਾਨੀ ਖੁਸ਼ ਹਨ, ਪਰ ਇਹ ਕਿਸਾਨਾਂ ਖਾਸ ਤੌਰ 'ਤੇ ਸੇਬ ਉਤਪਾਦਕਾਂ ਲਈ ਘਾਤਕ ਹੈ। ਉਹ ਬਾਰਸ਼ ਤੇ ਬਰਫਬਾਰੀ ਕਾਰਨ ਚਿੰਤਤ ਹਨ।

## ਕਿਸਾਨ ਬੈਰੀਕੇਡ ਟੱਪ ਕੇ ਜੰਤਰ ਮੰਤਰ ਪੁੱਜੇ

**ਸੋਨੀਪਤ** : ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਣ ਸਿੰਘ ਦੀ ਗ੍ਰਿਫਤਾਰੀ ਦੀ ਮੰਗ ਲਈ ਧਰਨੇ 'ਤੇ ਬੈਠੇ ਭਲਵਾਨਾਂ ਦੀ ਹਮਾਇਤ 'ਚ ਕਿਸਾਨ ਸੋਮਵਾਰ ਪੁਲਸ ਬੈਰੀਕੇਡ ਲੰਘ ਕੇ ਜੰਤਰ ਮੰਤਰ ਵਿਖੇ ਧਰਨਾ ਸਥਾਨ 'ਤੇ ਪੁੱਜੇ। ਪ੍ਰਦਰਸ਼ਨਕਾਰੀਆਂ ਨੇ ਮੰਗ ਕੀਤੀ ਕਿ ਬ੍ਰਿਜ ਭੂਸ਼ਣ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ। ਦਿੱਲੀ ਪੁਲਸ ਕਿਸਾਨਾਂ ਨੂੰ ਰੋਕਣ ਦੀ ਕੋਸ਼ਿਸ਼ ਕਰਦੀ ਰਹੀ, ਪਰ ਅਸਫਲ ਰਹੀ। ਦਿੱਲੀ ਅਤੇ ਹਰਿਆਣਾ ਪੁਲਸ ਨੇ ਬਾਰਡਰਾਂ 'ਤੇ ਬੈਰੀਕੇਡ ਲਗਾ ਦਿੱਤੇ ਹਨ, ਪਰ ਕਿਸਾਨ ਹੁਣ ਰੇਲ ਗੱਡੀਆਂ ਰਾਹੀਂ ਜੰਤਰ ਮੰਤਰ ਪਹੁੰਚ ਰਹੇ ਹਨ।



## ਜਲੰਧਰ ਲੋਕ ਸਭਾ ਹਲਕੇ 'ਚ ਪਰਸੋਂ ਛੁੱਟੀ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਪੰਜਾਬ ਸਰਕਾਰ ਨੇ ਜਲੰਧਰ ਲੋਕ ਸਭਾ ਸੀਟ ਲਈ ਹੋ ਰਹੀ ਉੱਪ ਚੋਣ ਦੇ ਕਾਰਨ ਇਸ ਹਲਕੇ ਵਿਚ ਸਥਿਤ ਸਰਕਾਰੀ ਦਫ਼ਤਰਾਂ, ਬੋਰਡਾਂ/ ਕਾਰਪੋਰੇਸ਼ਨਾਂ ਅਤੇ ਸਰਕਾਰੀ ਵਿੱਦਿਅਕ ਅਦਾਰਿਆਂ ਵਿੱਚ 10 ਮਈ ਨੂੰ ਸਥਾਨਕ ਛੁੱਟੀ ਘੋਸ਼ਿਤ ਕੀਤੀ ਹੈ। ਨੈਗੋਸ਼ੀਏਬਲ ਇੰਸਟਰੂਮੈਂਟ ਐਕਟ-1881 ਤਹਿਤ ਵੀ ਇਹ ਛੁੱਟੀ ਐਲਾਨੀ ਗਈ ਹੈ। ਪੰਜਾਬ ਸਰਕਾਰ ਵੱਲੋਂ ਇਸ ਸੰਬੰਧੀ ਜਾਰੀ ਨੋਟੀਫਿਕੇਸ਼ਨ ਅਨੁਸਾਰ ਜੇਕਰ ਕੋਈ ਸਰਕਾਰੀ ਅਧਿਕਾਰੀ/ ਕਰਮਚਾਰੀ ਜਲੰਧਰ ਲੋਕ ਸਭਾ ਹਲਕੇ ਦਾ ਵੋਟਰ ਹੈ ਅਤੇ ਪੰਜਾਬ ਰਾਜ ਦੇ ਸਰਕਾਰੀ ਦਫ਼ਤਰਾਂ, ਬੋਰਡਾਂ/ ਕਾਰਪੋਰੇਸ਼ਨਾਂ ਤੇ ਸਰਕਾਰੀ ਵਿਦਿਅਕ ਅਦਾਰਿਆਂ ਵਿੱਚ ਕੰਮ ਕਰਦਾ ਹੈ ਤਾਂ ਵੋਟ ਪਾਉਣ ਲਈ ਆਪਣਾ ਵੋਟਰ ਕਾਰਡ ਪੇਸ਼ ਕਰਕੇ ਸੰਬੰਧਤ ਅਥਾਰਟੀ ਤੋਂ 10 ਮਈ ਦੀ ਵਿਸ਼ੇਸ਼ ਛੁੱਟੀ ਲੈ ਸਕਦਾ ਹੈ। ਇਹ ਛੁੱਟੀ ਅਧਿਕਾਰੀ/ਕਰਮਚਾਰੀ ਦੇ ਛੁੱਟੀਆਂ ਦੇ ਖਾਤੇ ਵਿੱਚੋਂ ਨਹੀਂ ਕੱਟੀ ਜਾਵੇਗੀ। ਇਸ ਦੇ ਨਾਲ ਹੀ ਜਲੰਧਰ ਲੋਕ ਸਭਾ ਹਲਕੇ ਵਿਚ ਲੋਕ ਪ੍ਰਤੀਨਿਧਤਾ ਐਕਟ, 1951 ਦੀ ਧਾਰਾ 135-ਬੀ ਦੀ ਉਪ ਧਾਰਾ 1 ਦੀ ਪ੍ਰੋਵੀਜਨ ਅਨੁਸਾਰ (ਕਿਸੇ ਕਾਰੋਬਾਰ, ਵਪਾਰ, ਉਦਯੋਗਿਕ ਇਕਾਈ ਜਾਂ ਕਿਸੇ ਹੋਰ ਅਦਾਰੇ ਵਿੱਚ ਕੰਮ ਕਰਨ ਵਾਲੇ ਸਾਰੇ ਵਿਅਕਤੀਆਂ ਦੇ ਸੰਬੰਧ ਵਿੱਚ) 10 ਮਈ ਦੀ ਤਨਖਾਹ ਸਮੇਤ (ਪੇਡ) ਛੁੱਟੀ ਘੋਸ਼ਿਤ ਕੀਤੀ ਗਈ ਹੈ।

## ਮਨੀਪੁਰ 'ਚ ਉਜੜਨ ਵਾਲਿਆਂ ਨੂੰ ਮੁੜ ਵਸਾਇਆ ਜਾਏ : ਸੁਪਰੀਮ ਕੋਰਟ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਮਨੀਪੁਰ ਦੀ ਹਿੰਸਾ ਨੂੰ ਮਾਨਵੀ ਸੰਕਟ ਕਰਾਰ ਦਿੰਦਿਆਂ ਸੋਮਵਾਰ ਲੋਕਾਂ ਦੇ ਉਜਾੜੇ 'ਤੇ ਚਿੰਤਾ ਪ੍ਰਗਟਾਈ। ਉਸ ਨੇ ਇਨ੍ਹਾਂ ਲੋਕਾਂ ਦੇ ਮੁੜਵਸੇਬੇ ਲਈ ਜ਼ਰੂਰੀ ਕਦਮ ਚੁੱਕਣ ਲਈ ਕਿਹਾ। ਉਸ ਨੇ ਕਿਹਾ ਕਿ ਰਾਹਤ ਕੈਂਪਾਂ ਵਿਚ ਦਵਾਈਆਂ ਤੇ ਖਾਣ-ਪੀਣ ਵਾਲੀਆਂ ਜ਼ਰੂਰੀ ਚੀਜ਼ਾਂ ਦਾ ਪ੍ਰਬੰਧ ਕੀਤਾ ਜਾਵੇ। ਧਰਮ ਸਥਾਨਾਂ ਦੀ ਹਿਫਾਜ਼ਤ ਲਈ ਵੀ ਕਦਮ ਚੁੱਕੇ ਜਾਣ। ਹਫਤਾ ਪਹਿਲਾਂ ਇਕ ਰੈਲੀ ਦੌਰਾਨ ਮੈਤੇਈ ਤੇ ਨਾਗਾ ਕੁੱਕੀ ਭਾਈਚਾਰਿਆਂ ਵਿਚਾਲੇ ਭੜਕੀ ਹਿੰਸਾ ਕਾਰਨ ਹੁਣ ਤੱਕ 54 ਲੋਕ ਮਾਰੇ ਜਾ ਚੁੱਕੇ ਹਨ ਤੇ 23 ਹਜ਼ਾਰ ਉਜੜ ਗਏ ਹਨ।

# ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਦੀ ਚੋਣ

### ਕਰਮ ਚੰਦ ਭਾਰਦਵਾਜ ਪੈਟਰਨ, ਜਰਨੈਲ ਸਿੰਘ ਪ੍ਰਧਾਨ ਤੇ ਬਲਜੀਤ ਸਿੰਘ ਮੋਦਲਾ ਜਨਰਲ ਸਕੱਤਰ



**ਬਠਿੰਡਾ** : ਪੀ.ਐੱਸ.ਈ.ਬੀ. ਇੰਪਲਾਈਜ਼ ਫੈਡਰੇਸ਼ਨ (ਰਜਿ: 14/1965) ਦਾ 13ਵਾਂ ਡੈਲੀਗੇਟ ਇਜਲਾਸ ਪਬਲਿਕ ਧਰਮਸ਼ਾਲਾ ਨਵੀਂ ਬਸਤੀ ਬਠਿੰਡਾ ਵਿਖੇ ਸੂਬਾ ਕਮੇਟੀ ਦੀ ਚੋਣ ਉਪਰੰਤ ਸੰਪੰਨ ਹੋਇਆ। ਡੈਲੀਗੇਟ ਇਜਲਾਸ ਸਰਵਸਾਥੀ ਬਲਵਿੰਦਰ ਸਿੰਘ ਸੰਧੂ, ਨਛੱਤਰ ਸਿੰਘ ਰਣੀਆ, ਲੱਲੂ ਰਾਮ ਤੇ ਗੁਰਦਿੱਤ ਸਿੰਘ ਸਿੱਧੂ ਦੀ ਪ੍ਰਧਾਨਗੀ ਮੰਡਲ 'ਤੇ ਅਧਾਰਤ ਹੋਇਆ। ਇਜਲਾਸ ਵਿੱਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ 200 ਦੇ ਲੱਗਭੱਗ ਡੈਲੀਗੇਟ ਅਤੇ ਕਵਰਿੰਗ ਡੈਲੀਗੇਟਾਂ ਤੋਂ ਇਲਾਵਾ ਦਰਸ਼ਕਾਂ ਵੱਲੋਂ ਹਿੱਸਾ ਲਿਆ ਗਿਆ। ਇਜਲਾਸ ਵਿੱਚ

● ਬਾਕੀ ਸਫ਼ਾ 2 'ਤੇ

## ਅਮਰੀਕਾ 'ਚ ਗੋਲੀਬਾਰੀ, ਭਾਰਤੀ ਮਹਿਲਾ ਇੰਜੀਨੀਅਰ ਸਣੇ 9 ਦੀ ਮੌਤ

**ਨਿਊ ਯਾਰਕ** : ਅਮਰੀਕਾ ਦੇ ਟੈਕਸਾਸ ਰਾਜ ਦੇ ਡਲਾਸ 'ਚ ਇਕ ਮਾਲ 'ਚ ਬੰਦੂਕਧਾਰੀ ਦੀ ਗੋਲੀਬਾਰੀ ਨਾਲ ਭਾਰਤੀ ਮਹਿਲਾ ਇੰਜੀਨੀਅਰ ਸਮੇਤ 9 ਵਿਅਕਤੀਆਂ ਦੀ ਮੌਤ ਹੋ ਗਈ।

ਮੈਕਕਿਨੀ ਦੀ ਐਸ਼ਵਰਿਆ ਤਟੀਕੋਂਡਾ ਜਦੋਂ ਆਪਣੇ ਦੋਸਤ ਨਾਲ ਖਰੀਦਦਾਰੀ ਕਰ ਰਹੀ ਸੀ ਤਾਂ ਉਨ੍ਹਾਂ ਨੂੰ ਡਲਾਸ 'ਚ ਐਲਨ ਪ੍ਰੀਮੀਅਮ ਆਊਟਲੇਟਸ 'ਚ ਬੰਦੂਕਧਾਰੀ ਮੌਰੀਸ਼ੀਓ ਗਾਰਸ਼ੀਆ ਨੇ ਗੋਲੀ ਮਾਰ ਦਿੱਤੀ।

## ਹੈਰੀਟੇਜ ਸਟਰੀਟ 'ਚ ਫਿਰ ਧਮਾਕਾ

**ਅੰਮ੍ਰਿਤਸਰ** : ਇੱਥੇ ਦਰਬਾਰ ਸਾਹਿਬ ਨੇੜੇ ਹੈਰੀਟੇਜ ਸਟ੍ਰੀਟ ਵਿਚ ਸੋਮਵਾਰ ਸਵੇਰੇ ਮੁੜ ਧਮਾਕਾ ਹੋਇਆ। ਇਸ ਨਾਲ ਕੋਈ ਜਾਨੀ ਨੁਕਸਾਨ ਤਾਂ ਨਹੀਂ ਹੋਇਆ, ਪਰ ਇਕ ਵਿਅਕਤੀ ਜ਼ਖਮੀ ਹੋ ਗਿਆ। ਧਮਾਕੇ ਦੀ ਜਾਣਕਾਰੀ ਮਿਲਣ ਤੋਂ ਬਾਅਦ ਪੁਲਸ ਕਮਿਸ਼ਨਰ ਨੌਨਿਹਾਲ ਸਿੰਘ ਅਤੇ ਫੋਰੈਂਸਿਕ ਟੀਮ ਦੇ ਹੋਰ ਮਾਹਰ ਮੌਕੇ 'ਤੇ ਪੁੱਜ ਗਏ। ਫੋਰੈਂਸਿਕ ਮਾਹਰਾਂ ਨੇ ਧਮਾਕੇ ਵਾਲੀ ਥਾਂ ਤੋਂ ਕੁਝ ਨਮੂਨੇ ਲਏ। ਪੁਲਸ ਕਮਿਸ਼ਨਰ ਨੇ ਕਿਹਾ ਕਿ ਘਟਨਾ ਦੀ ਜਾਂਚ ਤੋਂ ਬਾਅਦ ਹੀ ਇਸ ਧਮਾਕੇ ਬਾਰੇ ਕੁਝ ਕਿਹਾ ਜਾ ਸਕਦਾ ਹੈ। ਸ਼ਨਿਚਰਵਾਰ ਰਾਤ 12 ਵਜੇ ਇਸੇ ਥਾਂ 'ਤੇ ਧਮਾਕਾ ਹੋਇਆ ਸੀ। ਧਮਾਕੇ ਕਾਰਨ ਇਮਾਰਤਾਂ ਦੀਆਂ ਖਿੜਕੀਆਂ ਦੇ ਸ਼ੀਸ਼ੇ ਟੁੱਟ ਗਏ ਸਨ, ਜਿਸ ਨਾਲ ਕੁਝ ਸ਼ਰਧਾਲੂ ਜ਼ਖਮੀ ਹੋ ਗਏ ਸਨ। ਐਤਵਾਰ ਵੀ ਮਾਹਰਾਂ ਦੀ ਟੀਮ ਨੇ ਇਸ ਇਲਾਕੇ ਵਿਚ ਕੁਝ ਨਮੂਨੇ ਲਏ ਸਨ। ਇਸੇ ਦੌਰਾਨ ਡੀ ਜੀ ਪੀ ਗੌਰਵ ਯਾਦਵ ਨੇ ਧਮਾਕੇ ਵਾਲੀ ਥਾਂ ਦਾ ਦੌਰਾ ਕੀਤਾ। ਉਨ੍ਹਾ ਇਸ ਨੂੰ ਅੱਤਵਾਦੀ ਘਟਨਾ ਮੰਨਣ ਤੋਂ ਇਨਕਾਰ ਕੀਤਾ। ਉਨ੍ਹਾ ਕਿਹਾ ਕਿ ਇਹ ਘੱਟ ਸ਼ਕਤੀਸ਼ਾਲੀ ਧਮਾਕਾ ਹੈ, ਜੋ ਕਿਸੇ ਕੰਟੇਨਰ 'ਚ ਹੋਇਆ ਹੈ ਅਤੇ ਦੋਵੇਂ ਧਮਾਕੇ ਇੱਕੋ ਜਿਹੇ ਹਨ। ਧਮਾਕਿਆਂ ਦੌਰਾਨ ਡੈਟੋਨੇਟਰਾਂ ਦੀ ਵਰਤੋਂ ਨਹੀਂ ਹੋਈ। ਇਹ ਕਿਸੇ ਸ਼ਰਾਰਤੀ ਵਿਅਕਤੀ ਦੀ ਕਾਰਵਾਈ ਹੋ ਸਕਦੀ ਹੈ, ਜੋ ਤਣਾਅ ਪੈਦਾ ਕਰਨਾ ਚਾਹੁੰਦਾ ਹੈ।

# ਪਾਣੀ ਬਚਾਉਣ ਲਈ ਵਿਆਪਕ ਮੁਹਿੰਮ ਵਿੱਢਣ ਦਾ ਐਲਾਨ



**ਮਾਹਿਲਪੁਰ/ਗੜ੍ਹਸ਼ੰਕਰ/ਹੁਸ਼ਿਆਰਪੁਰ (ਨਿਰਮਲ ਸਿੰਘ ਮੁੱਗੋਵਾਲ/ਫੂਲਾ ਰਾਮ ਬੀਰਮਪੁਰ/ਬਲਬੀਰ ਸਿੰਘ ਸੈਣੀ)**

ਮੁੱਖ ਮੰਤਰੀ ਭਗਵੰਤ ਮਾਨ ਨੇ ਆਉਣ ਵਾਲੀਆਂ ਨਸਲਾਂ ਲਈ ਪਾਣੀ ਬਚਾਉਣ ਲਈ ਧਰਤੀ ਹੇਠ ਪਾਣੀ ਜ਼ੀਰਨ ਦੇ ਨਾਲ-ਨਾਲ ਸੂਬੇ ਦੀ ਬਨਸਪਤੀ ਤੇ ਜੰਗਲੀ ਜੀਵ ਨੂੰ ਬਚਾਉਣ ਲਈ ਵੱਡੇ ਪੱਧਰ ਉਤੇ ਮੁਹਿੰਮ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਸੋਮਵਾਰ ਚਿੱਟੀ ਵੇਈਂ ਦੇ ਪ੍ਰਾਜੈਕਟ ਦਾ ਨੀਂਹ ਪੱਥਰ ਰੱਖਣ ਮਗਰੋਂ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਮਹਾਨ ਗੁਰੂਆਂ ਤੇ ਸੰਤਾਂ ਦੀ ਪਵਿੱਤਰ ਧਰਤੀ ਹੈ, ਜਿਨ੍ਹਾਂ ਸਾਨੂੰ ਵਾਤਾਵਰਨ ਦੀ ਸੰਭਾਲ ਦਾ ਰਾਹ ਦਿਖਾਇਆ। ਉਨ੍ਹਾ ਕਿਹਾ ਕਿ ਗੁਰੂ ਸਾਹਿਬਾਨ ਦੇ ਨਕਸ਼ੇ-ਕਦਮ ਉੱਤੇ ਚੱਲਦਿਆਂ ਸੂਬਾ ਸਰਕਾਰ, ਪੰਜਾਬ ਦੇ ਕੁਦਰਤੀ ਸਰੋਤਾਂ ਦੀ ਸੰਭਾਲ ਲਈ ਵੱਡੇ ਪੱਧਰ ਉਤੇ ਮੁਹਿੰਮ ਵਿੱਢੇਗੀ। ਭਗਵੰਤ ਮਾਨ ਨੇ ਕਿਹਾ ਕਿ ਇਸ ਮਹਾਨ

● ਬਾਕੀ ਸਫ਼ਾ 2 'ਤੇ

## ਅੱਜ-ਨਾਮਾ

ਰਾਜਸਥਾਨ ਵਿੱਚ ਚੋਣ ਜਦ ਆਈ ਲਾਗੇ,
ਲੱਗ ਪਏ ਲੀਡਰ ਨੇ ਹੋਣ ਤਿਆਰ ਬੇਲੀ।
ਕਹਿੰਦੇ ਕਾਂਗਰਸੀਏ, ਕਰਿਆ ਕੰਮ ਏਨਾ,
ਕਿਸ਼ਤੀ ਸੌਖੀ ਹੀ ਲੰਘ ਜਾਊ ਪਾਰ ਬੇਲੀ।
ਬੜ੍ਹਕਾਂ ਮਾਰਦੇ ਓਧਰ ਹਨ ਭਾਜਪਾਈਏ,
ਲੈਣਾ ਏ ਮੋਰਚਾ ਅਸੀਂ ਫਿਰ ਮਾਰ ਬੇਲੀ।
ਲਾਈਨਾਂ ਬੰਨ੍ਹ ਕੇ ਵੋਟਰ ਸਭ ਵੋਟ ਪਾਉਣੀ,
ਆਇਆ ਮੋਦੀ ਜਦ ਕਰਨ ਪਰਚਾਰ ਬੇਲੀ।
ਪਾਟਕ ਸੁਣੀਂਦਾ ਕਾਂਗਰਸ ਦਾ ਬਹੁਤ ਵੱਡਾ,
ਭਾਜਪਾ ਵੱਲ ਵੀ ਪਾਟਕ ਜਿਹਾ ਬੜਾ ਬੇਲੀ।
ਆਪਣੇ-ਆਪਣੇ ਹਿੱਤਾਂ ਲਈ ਤਾਣ ਲੱਗਦਾ,
ਲੱਗਦਾ ਧਰਮ 'ਤੇ ਭਾਰੂ ਜਿਹਾ ਧੜਾ ਬੇਲੀ।

-ਤੀਸ ਮਾਰ ਖਾਂ

## ਮਹਿਲਾ ਸਣੇ 2 ਮਾਓਵਾਦੀ ਮਾਰੇ

**ਰਾਇਪੁਰ** : ਛੱਤੀਸਗੜ੍ਹ ਦੇ ਨਕਸਲ ਪ੍ਰਭਾਵਤ ਸੁਕਮਾ ਜ਼ਿਲ੍ਹੇ 'ਚ ਸੋਮਵਾਰ ਸਵੇਰੇ ਸੁਰੱਖਿਆ ਬਲਾਂ ਨੇ ਮੁਕਾਬਲੇ 'ਚ ਇੱਕ ਮਹਿਲਾ ਮਾਓਵਾਦੀ ਸਮੇਤ ਦੋ ਨਕਸਲੀਆਂ ਨੂੰ ਮਾਰ ਦਿੱਤਾ। ਦੋਵਾਂ ਮਾਓਵਾਦੀਆਂ ਦੇ ਸਿਰ 'ਤੇ ਕੁੱਲ 11 ਲੱਖ ਰੁਪਏ ਦਾ ਇਨਾਮ ਸੀ। ਮਰਨ ਵਾਲਿਆਂ ਦੀ ਪਛਾਣ ਕਮਾਂਡਰ ਮਡਕਮ ਇਰਾ ਅਤੇ ਭੀਮ ਵਜੋਂ ਹੋਈ ਹੈ।

## ਪਾਕਿ 199 ਮਛੇਰੇ ਛੱਡੇਗਾ

**ਕਰਾਚੀ** : ਪਾਕਿਸਤਾਨ ਆਪਣੇ ਪਾਣੀਆਂ 'ਚ ਗੈਰ-ਕਾਨੂੰਨੀ ਮੱਛੀਆਂ ਫੜਨ ਦੇ ਦੋਸ਼ 'ਚ ਗ੍ਰਿਫਤਾਰ ਕੀਤੇ 199 ਭਾਰਤੀ ਮਛੇਰਿਆਂ ਨੂੰ ਸ਼ੁੱਕਰਵਾਰ ਨੂੰ ਰਿਹਾਅ ਕਰ ਦੇਵੇਗਾ।

ਇਸ ਦੌਰਾਨ ਇਕ ਭਾਰਤੀ ਨਾਗਰਿਕ ਜ਼ੁਲਫਕਾਰ, ਜਿਸ ਨੂੰ 199 ਮਛੇਰਿਆਂ ਦੇ ਨਾਲ ਵਾਪਸ ਭੇਜਿਆ ਜਾਣਾ ਸੀ, ਦੀ ਸ਼ਨੀਵਾਰ ਹਸਪਤਾਲ 'ਚ ਮੌਤ ਹੋ ਗਈ।




## ਕੁਲਦੀਪ ਸਿੰਘ ਡੂਡੀ ਨੇ ਚਮਕਾਇਆ ਅਰਨਿਆਂਵਾਲੀ ਦਾ ਨਾਂਅ




**ਸਿਰਸਾ (ਸੁਰਿੰਦਰ ਪਾਲ ਸਿੰਘ)**-ਅਰਨਿਆਂਵਾਲੀ ਦੇ ਰਹਿਣ ਵਾਲੇ ਕੁਲਦੀਪ ਸਿੰਘ ਡੂਡੀ ਨੂੰ ਗੁਰੂ ਅੰਗਦ ਦੇਵ ਵੈਟਰਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ ਲੁਧਿਆਣਾ ਦੀ ਤੀਜੀ ਕਾਨਵੋਕੇਸ਼ਨ ਵਿੱਚ ਅਕਾਦਮਿਕ ਐਕਸੀਲੈਂਸ ਐਵਾਰਡ ਬੀਬੀ ਅਮਰ ਕੌਰ ਗੋਲਡ ਮੈਡਲ ਨਾਲ ਸਨਮਾਨਤ ਕੀਤਾ ਗਿਆ।ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ, ਲਾਲਜੀਤ ਸਿੰਘ ਭੁੱਲਰ ਕੈਬਨਿਟ ਮੰਤਰੀ, ਡਾ. ਆਰ.ਐਸ. ਸੋਢੀ ਪ੍ਰਧਾਨ ਭਾਰਤੀ ਡੇਅਰੀ ਐਸੋਸੀਏਸ਼ਨ ਤੇ ਡਾ. ਇੰਦਰਜੀਤ ਸਿੰਘ ਵਾਈਸ ਚਾਂਸਲਰ ਗਡਵਾਸੂ ਹਾਜ਼ਰ ਸਨ।ਦੱਸ ਦੇਈਏ ਕਿ ਕੁਲਦੀਪ ਡੂਡੀ ਸਾਲ 2019-21 ਵਿੱਚ ਡੇਅਰੀ ਸਾਇੰਸ ਐਂਡ ਟੈਕਨਾਲੋਜੀ ਦਾ ਵਿਦਿਆਰਥੀ ਰਿਹਾ ਹੈ ਤੇ ਕੁਲਦੀਪ ਡੂਡੀ ਸਿਰਸਾ ਜ਼ਿਲ੍ਹੇ ਦੇ ਪਿੰਡ ਅਰਨਿਆਂਵਾਲੀ ਦਾ ਰਹਿਣ ਵਾਲਾ ਹੈ। ਇਸ ਸਮੇਂ ਡੂਡੀ ਮਿਲਕਫੈੱਡ ਪੰਜਾਬ ਵਿੱਚ ਸਹਾਇਕ ਮੈਨੇਜਰ ਵਜੋਂ ਕੰਮ ਕਰ ਰਿਹਾ ਹੈ। ਡੂਡੀ ਨੇ ਬਫੇਲੋ ਮਿਲਕ ਪ੍ਰੋਟੀਨ ਕੰਸੈਂਟਰੇਟ ਤੇ ਆਪਣੀ ਐਮਟੈਕ ਖੋਜ ਕੀਤੀ ਅਤੇ ਪਿਛਲੇ ਸਾਲ ਭਾਰਤੀ ਪੇਟੈਂਟ ਦਫਤਰ ਦੁਆਰਾ ਗਡਵਾਸੂ ਨੂੰ ਦਿੱਤੇ ਗਏ ਪੇਟੈਂਟ ਦਾ ਸਹਿ-ਖੋਜਕਰਤਾ ਰਿਹਾ। ਡੂਡੀ ਨੇ ਦੱਸਿਆ ਕਿ ਉਹ ਇਸ ਸਮੇਂ ਜੋ ਕੁਝ ਵੀ ਹੈ, ਉਸਦਾ ਸਿਹਰਾ ਉਸਦੇ ਮਾਤਾ-ਪਿਤਾ ਤੇ ਉਸ ਦੀਆਂ ਭੈਣਾਂ ਨੂੰ ਜਾਂਦਾ ਹੈ।

## ਕਮਿਊਨਿਟੀ ਹੈਲਥ ਸੈਂਟਰ ਨੂੰ 24 ਘੰਟੇ ਚਾਲੂ ਰੱਖਣ ਲਈ ਮੰਗ ਪੱਤਰ ਭੇਜਣ ਦਾ ਫ਼ੈਸਲਾ



**ਬਰੇਟਾ (ਗੋਬਿੰਦ ਸ਼ਰਮਾ)**-ਕਮਿਊਨਿਟੀ ਹੈਲਥ ਸੈਂਟਰ ਦੇ ਵਿਹੜੇ ਵਿੱਚ ਇਲਾਕੇ ਦੀਆਂ ਜਨਤਕ ਤੇ ਸਮਾਜ ਸੇਵੀ ਜਥੇਬੰਦੀਆਂ ਦੀ ਮੀਟਿੰਗ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜਗਸੀਰ ਸਿੰਘ ਕੁੱਲ ਹਿੰਦ ਖੇਤ ਮਜ਼ਦੂਰ ਸਭਾ ਰੂਪ ਸਿੰਘ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ, ਸੌਣ ਸਿੰਘ ਦਿਆਲਪੁਰਾ ਜਮਹੂਰੀ ਕਿਸਾਨ ਸਭਾ, ਜੀਵਾ ਸਿੰਘ ਅਕਬਰਪੁਰ ਖੁਡਾਲ, ਜਰਨੈਲ ਸਿੰਘ ਬਰੇਟਾ, ਬੀਰਬਲ ਸਿੰਘ ਬਰੇਟਾ, ਸੰਜੀਵ ਗੋਇਲ, ਇਲਾਕਾ ਵਿਕਾਸ ਕਮੇਟੀ ਰਾਜੀਵ ਕੁਮਾਰ (ਵਿੱਕੀ), ਦਸੌਂਧਾ ਸਿੰਘ ਬਹਾਦਰਪੁਰ ਨੇ ਕਿਹਾ ਕਿ ਬਰੇਟਾ ਮੰਡੀ ਤੇ ਇਲਾਕੇ ਦੇ ਲੋਕ ਪੰਜਾਬ ਸਰਕਾਰ ਵੱਲੋਂ ਕਰੋੜਾਂ ਰੁਪਏ ਖਰਚ ਕੇ ਬਣਾਏ ਕਮਿਊਨਿਟੀ ਹੈਲਥ ਸੈਂਟਰ ਨੂੰ ਖੜੀ ਬਿਲਡਿੰਗ ਨਹੀਂ ਦੇਖ ਸਕਦੇ, ਇਸ ਨੂੰ 24 ਘੰਟੇ ਚਾਲੂ ਦੇਖਣਾ ਚਾਹੁੰਦੇ ਹਨ। ਇਸ ਲਈ ਪੜਾਅਵਾਰ ਸੰਘਰਸ਼ ਕਰਨ ਦਾ ਫੈਸਲਾ ਕੀਤਾ। ਪਹਿਲੇ ਪੜਾਅ ਵਿੱਚ ਪੰਜਾਬ ਦੇ ਲੋਕਾਂ ਨੂੰ ਸਿਹਤ ਸਹੂਲਤਾਂ ਦੇਣ ਵਾਲੇ ਮੁੱਖ ਮੰਤਰੀ ਦੇ ਨਾਂਅ 'ਤੇ ਨਾਇਬ ਤਹਿਸੀਲਦਾਰ ਬਰੇਟਾ ਰਾਹੀਂ 16 ਮਈ ਨੂੰ ਮੰਗ ਪੱਤਰ ਭੇਜਿਆ ਜਾਵੇਗਾ, ਕਿਉਂਕਿ ਇਸ ਹਸਪਤਾਲ ਵਿੱਚ ਖਾਲੀ ਪਈਆਂ ਆਸਾਮੀਆਂ ਨੂੰ ਤੁਰੰਤ ਭਰਨ। ਸਿਹਤ ਵਿਭਾਗ ਵੱਲੋਂ ਲੋੜੀਂਦੇ ਸਾਮਾਨ ਤੇ ਦਵਾਈਆਂ ਤੁਰੰਤ ਭੇਜੀਆਂ ਜਾਣ। ਸਟਾਫ਼ ਦੀ ਘਾਟ ਹੋਣ ਦੇ ਬਾਵਜੂਦ ਬੁਢਲਾਡਾ ਵਿਖੇ ਸਟਾਫ਼ ਨੂੰ ਤੁਰੰਤ ਬੁਲਾਇਆ ਜਾਵੇ। ਆਗੂਆਂ ਨੇ ਪੰਜਾਬ ਸਰਕਾਰ ਪਾਸੋਂ ਮੰਗ ਕਰਦਿਆਂ ਕਿਹਾ ਕਿ ਜੇਕਰ ਇਸ ਹਸਪਤਾਲ ਨੂੰ ਨਾ ਚਲਾਇਆ ਗਿਆ ਤਾਂ ਬਰੇਟਾ ਮੰਡੀ ਦੇ ਲੋਕ ਸੰਘਰਸ਼ ਨੂੰ ਹੋਰ ਤੇਜ਼ ਕਰਨਗੇ। ਅਗਲੀ ਮੀਟਿੰਗ 15 ਮਈ ਨੂੰ ਇੱਕ ਵਜੇ ਹਸਪਤਾਲ ਵਿਖੇ ਰੱਖੀ ਗਈ ਹੈ।

## ਸ੍ਰੀ ਹਜ਼ੂਰ ਸਾਹਿਬ ਦੇ ਲੰਗਰਾਂ ਵਾਸਤੇ 125 ਬੋਰੀਆਂ ਝੋਨੇ ਦੀ ਰਸਦ ਭੇਜੀ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਗੁਰਦੁਆਰਾ ਸ੍ਰੀ ਲੰਗਰ ਸਾਹਿਬ (ਡੇਰਾ ਸੰਤ ਬਾਬਾ ਨਿਧਾਨ ਸਿੰਘ ਜੀ, ਸ੍ਰੀ ਹਜ਼ੂਰ ਸਾਹਿਬ (ਨਾਂਦੇੜ) ਦੇ ਲੰਗਰਾਂ ਵਾਸਤੇ ਨਗਰ ਮਾਈਸਰਖਾਨਾ (ਬਠਿੰਡਾ) ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ 125 ਬੋਰੀਆਂ ਝੋਨੇ ਦੀ ਰਸਦ ਸੇਵਾ ਇਕੱਤਰ ਕਰਕੇ ਨਾਂਦੇੜ (ਸ੍ਰੀ ਹਜ਼ੂਰ ਸਾਹਿਬ) ਲਈ ਰਵਾਨਾ ਕੀਤੀ ਗਈ। ਰਵਾਨਗੀ ਮੌਕੇ ਭਾਈ ਜਸਵਿੰਦਰ ਸਿੰਘ ਸਿੱਧੂ, ਮੱਖਣ ਸਿੰਘ, ਰਾਜਿੰਦਰ ਸਿੰਘ, ਸੁਖਮੰਦਰ ਸਿੰਘ, ਸੁਖਦੇਵ ਸਿੰਘ, ਹਰਪ੍ਰੀਤ ਸਿੰਘ, ਕਾਲਾ ਸਿੰਘ, ਮਨਪ੍ਰੀਤ ਸਿੰਘ, ਗੁਰਸ਼ਰਨ ਸਿੰਘ, ਅਭੀਜੋਤ ਸਿੰਘ, ਹਰਪ੍ਰੀਤ ਸਿੰਘ ਮਾਈਸਰਖਾਨਾ, ਪ੍ਰਿਥੀ ਸਿੰਘ ਤੇ ਬਲਵਿੰਦਰ ਸਿੰਘ ਲਹਿਰਾ ਮੁਹੱਬਤ ਸਮੇਤ ਨਗਰ ਦੀਆਂ ਹੋਰ ਸੇਵਾਦਾਰ ਸੰਗਤਾਂ ਹਾਜ਼ਰ ਸਨ।

## ਅੰਤਰਰਾਸ਼ਟਰੀ ਰੈੱਡ ਕਰਾਸ ਡੇਅ 'ਤੇ ਖ਼ੂਨਦਾਨ ਕੈਂਪ ਲਾਇਆ



**ਸੰਗਰੂਰ (ਪ੍ਰਵੀਨ ਸਿੰਘ)**-ਅੰਤਰਰਾਸ਼ਟਰੀ ਰੈੱਡ ਕਰਾਸ ਡੇਅ ਦੇ ਦਿਵਸ ਤੇ ਸਰਕਾਰੀ ਰਣਬੀਰ ਕਾਲਜ ਵਿਖੇ ਪ੍ਰਿੰਸੀਪਲ ਸੁਖਬੀਰ ਸਿੰਘ ਦੀ ਰਹਿਨੁਮਾਈ ਹੇਠ ਕਾਲਜ ਦੇ ਰੈਡ ਕਰਾਸ ਯੂਨਿਟ ਵੱਲੋਂ ਅੱਖਾਂ ਦਾ ਚੈੱਕਅਖ ਕੈਂਪ ਲਾਇਆ ਗਿਆ, ਜਿਸ ਵਿੱਚ ਡਾ. ਸਵੀਨਾ ਤੇ ਰਾਕੇਸ਼ ਕੁਮਾਰ (ਅਫ਼ਸਰ) ਨੇ ਵਿਦਿਆਰਥੀਆਂ, ਅਧਿਕਾਰੀਆਂ ਤੇ ਕ੍ਰਮਚਾਰੀਆਂ ਨੇ ਅੱਖਾਂ ਦਾ ਚੈੱਕਅਪ ਕੀਤਾ ਤੇ ਅੱਖਾਂ ਦੀ ਸਾਂਭ ਅਤੇ ਸੰਭਾਲ ਵਾਸਤੇ ਸਭ ਨੂੰ ਜਾਗਰੂਕ ਕੀਤਾ। ਕੈਂਪ ਦਾ ਰਸਮੀ ਉਦਘਾਟਨ ਕਾਲਜ ਦੇ ਪ੍ਰਿੰਸੀਪਲ ਸੁਖਬੀਰ ਸਿੰਘ, ਵਾਈਸ ਪ੍ਰਿੰਸੀਪਲ, ਪ੍ਰੋ. ਹਰਦੀਪ ਸਿੰਘ, ਕਨਵੀਨਰ ਰੈਡ ਕਰਾਸ, ਪ੍ਰੋ. ਹਤਿੰਦਰ ਕੌਰ, ਪ੍ਰੋ. ਤਪਿੰਦਰ ਕੌਰ, ਪ੍ਰੋ. ਜਗਤਾਰ ਸਿੰਘ, ਪ੍ਰੋ. ਦਵਿੰਦਰ ਕੁਮਾਰ, ਡਾ. ਸਵੀਨਾ ਤੇ ਡਾ. ਰਾਕੇਸ਼ ਕੁਮਾਰ ਦੁਆਰਾ ਕੀਤਾ ਗਿਆ। ਇਸ ਕਾਰਜ ਦੀ ਸਫ਼ਲਤਾ ਨੂੰ ਮੁੱਖ ਰੱਖਦਿਆਂ ਰੈੱਡ ਕਰਾਸ ਟੀਮ ਦੇ ਮੈਂਬਰਾਂ ਨੂੰ ਵਧਾਈ ਦਿੰਦੇ ਹੋਏ ਹੌਸਲਾ ਅਫ਼ਜ਼ਾਈ ਕੀਤੀ ਤੇ ਭਵਿੱਖ ਵਿੱਚ ਅਜਿਹੇ ਕੈਂਪ ਲਾਉਣ ਦੀ ਪ੍ਰੇਰਣਾ ਦਿੱਤੀ।

## ਰੈੱਡ ਕਰਾਸ ਦਿਵਸ ਮੌਕੇ ਪ੍ਰੋਗਰਾਮ



**ਚੀਮਾ ਮੰਡੀ (ਰਵਿੰਦਰ ਚੀਮਾ)**-ਮਾਡਰਨ ਕਾਲਜ ਆਫ਼ ਐਜੂਕੇਸ਼ਨ ਬੀਰ ਕਲਾਂ ਵਿਖੇ ਰੈੱਡ ਕਰਾਸ ਦਿਵਸ ਮੌਕੇ ਪ੍ਰਿੰਸੀਪਲ ਡਾ. ਵੀ.ਕੇ ਰਾਏ ਦੀ ਅਗੁਵਾਈ ਵਿੱਚ ਇੱਕ ਪ੍ਰੋਗਰਾਮ ਆਯੋਜਤ ਕੀਤਾ ਗਿਆ। ਪ੍ਰਿੰਸੀਪਲ ਵੱਲੋਂ ਵਿਦਿਆਰਥੀਆਂ ਨੂੰ ਜਾਣਕਾਰੀ ਦਿੰਦੇ ਇਹ ਦਿਨ ਮਨਾਏ ਜਾਣ ਦੇ ਇਤਿਹਾਸ ਬਾਰੇ ਜਾਣੂ ਕਰਾਇਆ। ਇਸ ਮੌਕੇ ਵਿਦਿਆਰਥੀਆਂ ਨੂੰ ਗਰੁੱਪਾਂ ਵਿੱਚ ਵੰਡ ਕੇ ਚਾਰਟ ਮੇਕਿੰਗ ਮੁਕਾਬਲੇ ਕਰਾਏ ਗਏ, ਜਿਸ ਦੌਰਾਨ ਵਿਦਿਆਰਥਣ ਮਨਪ੍ਰੀਤ ਕੌਰ ਨੇ ਪਹਿਲਾ ਵਰਿੰਦਰ ਕੌਰ ਨੇ ਦੂਜਾ ਤੇ ਹਰਪ੍ਰੀਤ ਕੌਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਤੋਂ ਬਾਅਦ ਜੇਤੂ ਵਿਦਿਆਰਥੀਆਂ ਨੂੰ ਪ੍ਰਿੰਸੀਪਲ ਤੇ ਕਾਲਜ ਦੇ ਚੇਅਰਮੈਨ ਡਾ. ਰਵਿੰਦਰ ਬਾਂਸਲ ਵੱਲੋਂ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਕਾਲਜ ਸਮੂਹ ਅਧਿਆਪਕਾ ਸਹਿਤ ਸਾਰੇ ਵਿਦਿਆਰਥੀ ਸ਼ਾਮਲ ਸਨ।

## ਆਦਿਵਾਸੀ ਗੁਰੂ ਗਿਆਨ ਨਾਥ ਪੂਰਨ ਸੰਘਰਸ਼ ਦਲ ਨੇ ਦਿੱਤਾ ਮੰਗ ਪੱਤਰ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਆਦਿਵਾਸੀ ਗੁਰੂ ਗਿਆਨ ਨਾਥ ਪੂਰਨ ਸੰਘਰਸ਼ ਦਲ ਭਾਰਤ ਦੇ ਅਹੁਦੇਦਾਰ ਜੋਗਿੰਦਰ ਸਿੰਘ ਮਾਨ ਕੌਮੀ ਚੇਅਰਮੈਨ, ਭੁਪਿੰਦਰ ਸਿੰਘ ਸੋਨੂੰ ਕੌਮੀ ਪ੍ਰਧਾਨ, ਡਾ.ਭੁਪਿੰਦਰ ਸਿੰਘ ਸਿੱਧੂ ਕੌਮੀ ਜਨਰਲ ਸਕੱਤਰ, ਡਾ. ਦਵਿੰਦਰ ਗੁਗਲਾਨੀ ਮੁੱਖ ਜਨਰਲ ਸਕੱਤਰ ਤੇ ਡਾ. ਰਿਸ਼ੀ ਨਾਹਰ ਨੇ ਜ਼ਿਲ੍ਹਾ ਫ਼ਿਰੋਜ਼ਪੁਰ ਪ੍ਰਸ਼ਾਸਨ ਦੇ ਅਧਿਕਾਰੀਆਂ ਨੂੰ ਅਹਿਮ ਮਸਲਿਆਂ ਸਬੰਧੀ ਆਪਣਾ ਮੰਗ ਪੱਤਰ ਸੌਂਪਿਆ, ਜਿਸ ਵਿੱਚ ਜਥੇਬੰਦੀ ਦੇ ਆਗੂਆਂ ਨੇ ਗਰੀਬਾਂ, ਮਜ਼ਦੂਰਾਂ, ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਆਦਿ ਨੂੰ ਸੰਵਿਧਾਨਕ ਸਹੂਲਤਾਂ ਸਹੀ ਢੰਗ ਨਾਲ ਨਾ ਮਿਲਣ ਤੇ ਦਲਿਤ ਸਮਾਜ 'ਤੇ ਹੋ ਰਹੇ ਜ਼ੁਲਮਾਂ, ਅੱਤਿਆਚਾਰਾਂ ਵਿਰੁੱਧ ਕੋਈ ਕਾਰਵਾਈ ਨਾ ਕਰਨ ਦੇ ਦੋਸ਼ ਲਾਉਂਦਿਆਂ ਉਨ੍ਹਾਂ ਨੂੰ ਇਨਸਾਫ਼ ਦਿਵਾਉਣ ਦੀ ਮੰਗ ਉਠਾਈ।ਜਥੇਬੰਦੀ ਦੇ ਆਗੂਆਂ ਨੇ ਕਿਹਾ ਕਿ ਜੇਕਰ ਸਰਕਾਰ ਨੇ ਉਨ੍ਹਾਂ ਦੇ ਚੋਣ ਮਨੋਰਥ ਪੱਤਰ ਵਿੱਚ ਦਰਜ ਮੰਗਾਂ ਵੱਲ ਜਲਦੀ ਧਿਆਨ ਨਾ ਦਿੱਤਾ ਤਾਂ ਉਹ ਸੰਘਰਸ਼ ਕਰਨ ਲਈ ਮਜਬੂਰ ਹੋਣਗੇ, ਜਿਸ ਦੀ ਸਾਰੀ ਜ਼ਿੰਮੇਵਾਰੀ ਸਰਕਾਰ ਦੀ ਹੋਵੇਗੀ।

# ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ ਸੰਸਦ 'ਚ ਪਾਸ ਕਰਨ 'ਤੇ ਜ਼ੋਰ

### ਨੀਤੂ, ਪੰਜਾਬੀ 'ਵਰਸਿਟੀ ਪਟਿਆਲਾ ਬਣੀ ਸੂਬਾ ਕਮੇਟੀ ਦੀ ਗਰਲਜ਼ ਕਨਵੀਨਰ






**ਮੋਗਾ (ਅਮਰਜੀਤ ਬੱਬਰੀ)**

ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ (ਪੰਜਾਬ) ਵੱਲੋਂ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿਖੇ 'ਇਨਕਲਾਬੀ ਔਰਤਾਂ ਨੂੰ ਸਮਰਪਤ' ਸੂਬਾਈ ਲੜਕੀਆਂ ਦੀ ਕਨਵੈਨਸ਼ਨ ਮਨੀਸ਼ਾ ਮੋਗਾ, ਸੰਜਨਾ ਫਾਜ਼ਿਲਕਾ, ਰਮਨ ਪੰਜਾਬੀ ਯੂਨੀਵਰਸਿਟੀ ਦੀ ਪ੍ਰਧਾਨਗੀ ਹੇਠ ਕੀਤੀ ਗਈ। ਇਸ ਵਿੱਚ ਵੱਖ-ਵੱਖ ਜ਼ਿਲ੍ਹਿਆਂ ਵਿੱਚੋਂ ਵੱਡੀ ਗਿਣਤੀ 'ਚ ਵਿਦਿਆਰਥੀ ਡੈਲੀਗੇਟ ਲੜਕੀਆਂ ਨੇ ਭਾਗ ਲਿਆ, ਜਿਸ ਨੂੰ ਸੰਬੋਧਨ ਕਰਨ ਲਈ ਮਹਿਲਾ ਫੈਡਰੇਸ਼ਨ ਦੇ ਰਾਸ਼ਟਰੀ ਯੰਗ ਗਰਲਜ਼ ਦੇ ਇੰਚਾਰਜ ਡਾ. ਕੰਵਲਜੀਤ ਢਿੱਲੋਂ, ਰੁਜ਼ਗਾਰ ਪ੍ਰਾਪਤੀ ਮੁਹਿੰਮ ਦੇ ਸਲਾਹਕਾਰ ਜਗਰੂਪ ਅਤੇ ਸਾਬਕਾ ਕੌਮੀ ਗਰਲਜ਼ ਕਨਵੀਨਰ ਕਰਮਵੀਰ ਬੱਧਨੀ (ਬਤੌਰ ਅਬਜ਼ਰਵਰ) ਵਿਸ਼ੇਸ਼ ਤੌਰ 'ਤੇ ਇਸ ਕਨਵੈਨਸ਼ਨ 'ਚ ਹਾਜ਼ਰ ਹੋਏ। ਇਸ ਸਮੇਂ ਜਥੇਬੰਦੀ ਦਾ ਝੰਡਾ ਸਾਬਕਾ ਕੌਮੀ ਗਰਲਜ਼ ਕਨਵੀਨਰ ਕਰਮਵੀਰ ਬੱਧਨੀ ਵੱਲੋਂ ਲਹਿਰਾ ਕੇ ਕਨਵੈਨਸ਼ਨ ਦੀ ਸ਼ੁਰੂਆਤ ਕੀਤੀ ਗਈ। ਉਹਨਾ ਕਾਨਫਰੰਸ ਦਾ ਉਦਘਾਟਨ ਕਰਦਿਆਂ ਕਿਹਾ ਕਿ ਦੁਨੀਆ ਦੀਆਂ ਮਹਾਨ ਔਰਤਾਂ ਕਲਾਰਾ ਜੈਟਕਿਨ, ਰੋਜ਼ਾ ਲਗਜ਼ਮਬਰਗ, ਕਰੁਪਸਕਾਯਾ, ਸਾਵਿਤਰੀ ਬਾਈਫੂਲੇ, ਦੁਰਗਾ ਭਾਬੀ, ਵਿਮਲਾ ਡਾਂਗ ਆਦਿ ਵਰਗੀਆਂ ਨੇ ਲੋਕਾਂ ਨੂੰ ਸੌਖੇ ਹੋਣ ਦਾ ਰਾਹ ਦੱਸਿਆ। ਇਸੇ ਕਰਕੇ ਅੱਜ ਪੂਰੀ ਦੁਨੀਆ ਉਹਨਾਂ ਨੂੰ ਯਾਦ ਕਰਦੀ ਹੈ ਤੇ ਉਹਨਾਂ ਦੇ ਦਿਖਾਏ ਰਸਤੇ 'ਤੇ ਚੱਲਣ ਦੀ ਕੋਸ਼ਿਸ਼ ਕਰ ਰਹੀ ਹੈ। ਉਹਨਾ ਲੜਕੀਆਂ ਨੂੰ ਆਪਣੇ ਹੱਕਾਂ ਨੂੰ ਜਾਨਣ ਅਤੇ ਉਹਨਾਂ ਦੀ ਪ੍ਰਾਪਤੀ ਲਈ ਲਾਮਬੰਦ ਹੋਣ ਦਾ ਸੱਦਾ ਦਿੱਤਾ। ਡਾਕਟਰ ਕੰਵਲਜੀਤ ਢਿੱਲੋਂ ਅਤੇ ਸਾਥੀ ਜਗਰੂਪ ਨੇ ਲੜਕੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਤੁਸੀਂ ਅੱਜ ਇਕ ਇਤਿਹਾਸਕ ਕਾਰਜ ਕੀਤਾ ਹੈ। ਏਨੀ ਵੱਡੀ ਗਿਣਤੀ 'ਚ ਇਕੱਠੇ ਹੋ ਕੁਝ ਨਵਾਂ ਸਿੱਖਣ ਦੀ ਕੋਸ਼ਿਸ਼ ਸ਼ਲਾਘਾਯੋਗ ਹੈ। ਉਹਨਾ ਉਮੀਦ ਜਤਾਈ ਕਿ ਤੁਸੀਂ ਆਪਣੇ ਆਪ ਸਿਧਾਂਤਕ ਤੌਰ 'ਤੇ ਗਿਆਨ ਨਾਲ ਲੈਸ ਕਰ ਔਰਤਾਂ ਦੇ ਹਿੱਤਾਂ ਦੀ ਰਾਖੀ ਲਈ ਕੰਮ ਕਰੋਗੇ। ਉਹਨਾਂ ਦੇਸ਼ ਦੇ ਹਾਲਤਾਂ 'ਤੇ ਜ਼ਿਕਰ ਕਰਦਿਆਂ ਕਿਹਾ ਕਿ ਦੇਸ਼ ਦੇ 40 ਕਰੋੜ ਨੌਜਵਾਨ, ਜਿਹੜੇ ਕੰਮ ਨਾ ਮਿਲਣ ਕਾਰਨ ਨਿਰਾਸ਼ਾ ਦੇ ਆਲਮ ਵਿੱਚ ਹਨ, ਨੂੰ ਜਥੇਬੰਦ ਕਰਨ ਦੀ ਜ਼ਰੂਰਤ ਹੈ। ਸਮੇਂ ਦੀਆਂ ਸਰਕਾਰਾਂ ਨੇ ਸਮੇਂ-ਸਮੇਂ ਰੁਜ਼ਗਾਰ ਦੇਣ ਦਾ ਵਾਅਦਾ ਕਰਕੇ ਕੋਝਾ ਮਜ਼ਾਕ ਕੀਤਾ ਹੈ, ਪਰ ਹੁਣ ਸਮੇਂ ਦੀ ਲੋੜ ਹੈ ਕਿ ਸਭ ਲਈ ਰੁਜ਼ਗਾਰ ਦੀ ਗਰੰਟੀ ਲਈ ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ (ਬਨੇਗਾ) ਪਾਰਲੀਮੈਂਟ 'ਚ ਪਾਸ ਹੋਵੇ, ਲਈ ਲਾਮਬੰਦ ਹੋਈਏ। ਲੜਕੀਆਂ ਇਸ ਲਹਿਰ 'ਚ ਅਹਿਮ ਰੋਲ ਅਦਾ ਕਰ ਸਕਦੀਆਂ ਹਨ, ਕਿਉਂਕਿ ਲੜਕੀਆਂ ਦੀ ਅਜ਼ਾਦੀ ਤੇ ਬਰਾਬਰੀ ਦਾ ਇੱਕੋ-ਇਕ ਰਾਹ ਹੈ, ਜਿਸ 'ਤੇ ਚੱਲਣਾ ਸਮੇਂ ਦੀ ਲੋੜ ਹੈ। ਰਮਨਦੀਪ ਜਲਾਲਾਬਾਦ ਨੇ ਕੌਮੀ ਸਿਖਿਆ ਨੀਤੀ 2020 ਰੱਦ ਕਰ ਮੁਫਤ, ਲਾਜ਼ਮੀ ਤੇ ਮਿਆਰੀ ਵਿਦਿਆ ਦੀ ਗਰੰਟੀ ਹੋਵੇ, ਮਨੀਸ਼ਾ ਮਹੇਸਰੀ ਨੇ 'ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ' ਬਣਾਉਣ ਲਈ ਸੰਘਰਸ਼ ਕਰਨ ਅਤੇ ਸੰਜਨਾ ਫਾਜ਼ਿਲਕਾ ਨੇ ਪਹਿਲਵਾਨ ਲੜਕੀਆਂ ਦੇ ਸੰਘਰਸ਼ ਦੀ ਹਮਾਇਤ ਸੰਬੰਧੀ ਮਤੇ ਪੇਸ਼ ਕੀਤੇ, ਜਿਨ੍ਹਾਂ ਨੂੰ ਇਨਕਲਾਬੀ ਨਾਅਰਿਆਂ ਦੀ ਗੂੰਜ 'ਚ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਇਸ ਸਮੇਂ 25 ਮੈਂਬਰੀ ਲੜਕੀਆਂ ਦੀ ਸੂਬਾ ਕਮੇਟੀ ਦੀ ਚੋਣ ਕੀਤੀ ਗਈਸ਼ ਇਸ ਕਮੇਟੀ ਨੇ ਸਰਬਸੰਮਤੀ ਨਾਲ ਨੀਤੂ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਸੂਬਾ ਕਨਵੀਨਰ, ਜਸਦੀਪ ਮੋਗਾ, ਸੰਜਨਾ ਫਿਰੋਜ਼ਪੁਰ ਅਤੇ ਰਮਨਦੀਪ ਸੁਨਾਮ ਨੂੰ ਕੋ-ਕਨਵੀਨਰ ਚੁਣਿਆ।ਇਸ ਮੌਕੇ ਸਾਬਕਾ ਸੂਬਾ ਸਕੱਤਰ ਏ ਆਈ ਵਾਈ ਐੱਫ ਕੁਲਦੀਪ ਭੋਲਾ, ਸਰਬ ਭਾਰਤ ਨੌਜਵਾਨ ਸਭਾ ਦੇ ਸੂਬਾ ਸਕੱਤਰ ਚਰਨਜੀਤ ਛਾਂਗਾਰਾਏ, ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਲਵਪ੍ਰੀਤ ਮਾੜੀਮੇਘਾ, ਪੂਜਾ ਮੁਕਤਸਰ, ਰਮਨਦੀਪ ਕੌਰ ਮੁਕਤਸਰ, ਅਮਨਦੀਪ ਫਰੀਦਕੋਟ, ਐਡਵੋਕੇਟ ਅਨਾਮਿਕਾ, ਨਵਜੋਤ ਕੌਰ ਬਿਲਾਸਪੁਰ ਆਦਿ ਨੇ ਵੀ ਹਾਜ਼ਰ ਵਿਦਿਆਰਥਣਾਂ ਨੂੰ ਸੰਬੋਧਨ ਕੀਤਾ। ਵਿਦਿਆਰਥੀ ਆਗੂ ਲਵਪ੍ਰੀਤ ਧਾਲੀਵਾਲ ਵੱਲੋਂ ਇਨਕਲਾਬੀ ਔਰਤਾਂ ਨਾਲ ਸੰਬੰਧਤ ਜੱਥੇਬੰਦੀ ਦੀਆਂ ਗਤੀਵਿਧੀਆਂ ਅਤੇ ਆਪਣੇ ਹੱਥਾਂ ਨਾਲ ਤਿਆਰ ਕੀਤੀਆਂ ਪੇਂਟਿੰਗ ਦੀਆਂ ਤਿੰਨ ਪ੍ਰਦਰਸ਼ਨੀਆਂ ਵੀ ਲਗਾਈਆਂ, ਜੋ ਵਿਦਿਆਰਥੀਆਂ ਦੀ ਖਿੱਚ ਦਾ ਕੇਂਦਰ ਰਹੀਆਂ।

ਇਸ ਦੌਰਾਨ ਡਾ. ਇੰਦਰਵੀਰ ਗਿੱਲ, ਜ਼ਿਲ੍ਹਾ ਪ੍ਰਧਾਨ ਜਗਵਿੰਦਰ ਕਾਕਾ, ਗੋਰਾ ਫਰੀਦਕੋਟ, ਸਵਰਨ ਸਿੰਘ ਖੋਸਾ, ਬੋਹੜ ਸੁਖਨਾ, ਰਮਨਦੀਪ ਫਰੀਦਕੋਟ, ਲਵਪ੍ਰੀਤ ਕੌਰ ਮੁਕਤਸਰ, ਹਰਜਿੰਦਰ ਕੌਰ ਮੋਗਾ, ਤਮੰਨਾ ਰਾਣੀ ਫਾਜ਼ਿਲਕਾ, ਸੁਮਨਪ੍ਰੀਤ ਕੌਰ ਫਿਰੋਜ਼ਪੁਰ, ਨਵਕਿਰਨ ਕੌਰ ਮੋਗਾ, ਵੀਰਪਾਲ ਯੂਨੀਵਰਸਿਟੀ ਚੰਡੀਗੜ੍ਹ ਤੇ ਸੁਖਦੀਪ ਖੋਟੇ ਆਦਿ ਹਾਜ਼ਰ ਸਨ।

# ਮੇਰੇ ਪਿਤਾ ਨਵੇਂ ਪੰਜਾਬ ਦੇ ਸਿਰਜਕ ਸਨ : ਸੁਖਬੀਰ

**ਸ਼ਾਹਕੋਟ (ਗਿਆਨ ਸੈਦਪੁਰੀ)**



ਲੋਕ ਸਭਾ ਜਲੰਧਰ ਦੀ ਜ਼ਿਮਨੀ ਚੋਣ ਦੇ ਸੰਬੰਧ ਵਿੱਚ ਵਿਧਾਨ ਸਭਾ ਹਲਕਾ ਸ਼ਾਹਕੋਟ ਵਿੱਚ ਆਖਰੀ ਜਨਤਕ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਜਿੱਥੇ ਜਾਣੇ-ਅਣਜਾਣੇ ਹੋ ਗਈਆਂ ਗਲਤੀਆਂ ਨੂੰ ਭੁੱਲ ਜਾਣ ਦੀ ਅਪੀਲ ਕੀਤੀ, ਉਥੇ ਪੰਜ ਵਾਰ ਪੰਜਾਬ ਦੇ ਮੁੱਖ ਮੰਤਰੀ ਰਹੇ ਸਵਰਗੀ ਪ੍ਰਕਾਸ਼ ਸਿੰਘ ਬਾਦਲ ਨੂੰ ਨਵੇਂ ਪੰਜਾਬ ਦੇ ਸਿਰਜਕ ਦੱਸਦਿਆਂ ਅਕਾਲੀ ਦਲ ਨੂੰ ਮਜ਼ਬੂਤ ਕਰਨ ਦਾ ਵੀ ਜ਼ੋਰਦਾਰ ਸੱਦਾ ਦਿੱਤਾ। ਹਜ਼ਾਰਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅੱਜ ਦਾ ਇਤਿਹਾਸਕ ਇਕੱਠ ਦੱਸਦਾ ਹੈ ਕਿ ਅਕਾਲੀ-ਬਸਪਾ ਦੇ ਸਾਂਝੇ ਉਮੀਦਵਾਰ ਡਾ. ਸੁਖਵਿੰਦਰ ਕੁਮਾਰ ਸੁੱਖੀ ਲੋਕ ਸਭਾ ਦੀਆਂ ਬਰੂਹਾਂ ਟੱਪਣ ਵਿੱਚ ਸਫਲ ਹੋਣਗੇ। 102 ਸਾਲਾ ਅਕਾਲੀ ਦਲ ਦੇ ਇਤਿਹਾਸ ਵਿੱਚ ਆਪਣੇ ਪਿਤਾ ਸਵਰਗੀ ਪ੍ਰਕਾਸ਼ ਸਿੰਘ ਬਾਦਲ ਵੱਲੋਂ 70 ਸਾਲਾਂ ਦੇ ਸਿਆਸੀ ਜੀਵਨ ਵਿੱਚ ਪੰਜਾਬ ਦੇ ਵਿਕਾਸ ਲਈ ਕੀਤੇ ਕੰਮਾਂ ਦਾ ਵਿਸਥਾਰ ਨਾਲ ਜ਼ਿਕਰ ਕਰਦਿਆਂ ਦਲ ਦੇ ਪ੍ਰਧਾਨ ਨੇ ਕਿਹਾ ਕਿ ਬੇਅੰਤ ਸਿੰਘ ਸਰਕਾਰ ਦੇ ਪੰਜ ਸਾਲਾਂ ਅਤੇ ਕੈਪਟਨ ਅਮਰਿੰਦਰ ਸਿੰਘ ਦੇ 10 ਸਾਲਾਂ ਵਿੱਚ ਪੰਜਾਬ ਅੰਦਰ ਇੱਕ ਵੀ ਲੋਕ ਪੱਖੀ ਸਕੀਮ ਚਾਲੂ ਨਹੀਂ ਹੋ ਸਕੀ। ਉਨ੍ਹਾਂ ਕਿਹਾ ਕਿ ਸਵਰਗੀ ਬਾਦਲ ਦੀ ਅਗਵਾਈ ਵਿੱਚ ਅਕਾਲੀ ਦਲ ਦੀ ਸਰਕਾਰ ਨੇ ਪੰਜਾਬ ਵਿੱਚ ਸੜਕਾਂ ਦਾ ਜਾਲ ਵਿਛਾਇਆ। ਸਿੰਚਾਈ ਲਈ ਨਹਿਰਾਂ ਕੱਢੀਆਂ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਸ਼ਗਨ ਸਕੀਮ ਅਤੇ ਆਟਾ-ਦਾਲ ਸਕੀਮ ਵੀ ਬਾਦਲ ਦੀ ਦੇਣ ਹੈ। ਪੰਜਾਬ ਵਿੱਚ ਥਰਮਲ ਪਲਾਂਟ ਉਸਾਰ ਕੇ ਪੰਜਾਬ ਵਿੱਚ ਬਿਜਲੀ ਸਰਪੱਲਸ ਕੀਤੀ। ਉਨ੍ਹਾ ਅਕਾਲੀ ਦਲ ਨੂੰ ਪੰਜਾਬ ਤੇ ਪੰਜਾਬੀਆਂ ਦੀ ਪਾਰਟੀ ਦੱਸਦਿਆਂ ਕਿਹਾ ਕਿ ਆਪ, ਭਾਜਪਾ ਤੇ ਕਾਂਗਰਸ ਦੀ ਤਾਰ ਦਿੱਲੀ ਤੋਂ ਹਿੱਲਦੀ । ਸੁਖਬੀਰ ਸਿੰਘ ਬਾਦਲ ਨੇ ਪੰਜਾਬੀਆਂ ਤੇ ਖਾਸ ਕਰਕੇ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਟੁੰਬਣ ਦੀ ਕੋਸ਼ਿਸ਼ ਕਰਦਿਆਂ 1984 ਨੂੰ ਵੀ ਚੇਤੇ ਕਰਵਾਇਆ। ਉਨ੍ਹਾਂ ਵੱਲੋਂ ਆਪਣੀ ਭਾਈਵਾਲ ਬਹੁਜਨ ਸਮਾਜ ਪਾਰਟੀ ਨੂੰ ਵੀ ਪੰਜਾਬ ਦੀ ਧਰਤੀ ਨਾਲ ਜੁੜੀ ਦੱਸਦਿਆਂ ਕਿਹਾ ਕਿ ਬਾਬੂ ਕਾਂਸ਼ੀ ਰਾਮ ਪੰਜਾਬ ਦੇ ਜੰਮਪਲ ਸਨ। ਦੋਹਾਂ ਪਾਰਟੀਆਂ ਦੇ ਗੱਠਜੋੜ ਦੀ ਸਾਰਥਿਕਤਾ ਬਿਆਨ ਕਰਦਿਆਂ ਬਾਦਲ ਨੇ ਕਿਹਾ ਕਿ ਜਦੋਂ ਪਹਿਲੀ ਵਾਰ ਬਸਪਾ-ਅਕਾਲੀ ਗੱਠਜੋੜ ਹੋਇਆ ਸੀ ਤਾਂ ਪੰਜਾਬ ਦੀਆਂ 13 ਲੋਕ ਸਭਾ ਸੀਟਾਂ ਵਿੱਚੋਂ 11 ਗੱਠਜੋੜ ਨੇ ਜਿੱਤ ਲਈਆਂ ਸਨ। ਜ਼ਿਮਨੀ ਚੋਣ ਵਿੱਚ ਸਾਂਝੇ ਉਮੀਦਵਾਰ ਡਾ. ਸੁਖਵਿੰਦਰ ਕੁਮਾਰ ਸੁੱਖੀ ਨੂੰ ਨੇਕ ਇਨਸਾਨ ਦੱਸਦਿਆਂ ਬਾਦਲ ਨੇ ਉਨ੍ਹਾਂ ਨੂੰ ਸਫਲ ਬਣਾਉਣ ਦੀ ਅਪੀਲ ਕੀਤੀ। ਆਖਰ ਵਿੱਚ ਉਨ੍ਹਾਂ ਕਿਹਾ ਕਿ ਅਕਾਲੀ ਦਲ ਪੰਜਾਬੀਆਂ ਦੀ ਫੌਜ । ਇਸ ਨੂੰ ਤਕੜਾ ਕਰਨ ਦੀ ਲੋੜ, ਤਦ ਹੀ ਪੰਜਾਬ ਬਚ ਸਕੇਗਾ। ਬਸਪਾ ਪੰਜਾਬ ਦੇ ਮੁਖੀ ਜਸਵੀਰ ਸਿੰਘ ਗੜ੍ਹੀ ਨੇ ਵੱਡੇ ਬਾਦਲ ਅਤੇ ਛੋਟੇ ਬਾਦਲ ਦੀ ਰੱਜਵੀਂ ਤਾਰੀਫ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਵੱਡੇ ਹਿੱਤੂ ਰਹੇ ਪ੍ਰਕਾਸ਼ ਸਿੰਘ ਬਾਦਲ ਤਾਂ ਚਲੇ ਗਏ ਹਨ, ਪਰ ਤਸੱਲੀ ਦੀ ਗੱਲ ਇਹ ਕਿ ਬਾਦਲ ਦੇ ਨੂਰ-ਏ-ਨਜ਼ਰ ਸੁਖਬੀਰ ਸਾਡੇ ਵਿੱਚ ਹਾਜ਼ਰ ਹਨ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਬਸਪਾ ਵਾਲੇ ਕਾਂਸ਼ੀ ਰਾਮ ਨੂੰ ਭੈਣ ਮਾਇਆਵਤੀ ਵਿੱਚ ਦੇਖਦੇ ਹਨ, ਉਸੇ ਤਰ੍ਹਾਂ ਅਕਾਲੀ ਪ੍ਰਕਾਸ਼ ਸਿੰਘ ਬਾਦਲ ਨੂੰ ਸੁਖਬੀਰ ਸਿੰਘ ਵਿੱਚ ਦੇਖ ਰਹੇ ਹਨ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਜਲੰਧਰ ਦੇ ਲੋਕਾਂ ਨੂੰ ਅਪੀਲ ਕੀਤੀ ਕਿ 2017 ਅਤੇ 2022 ਵਿੱਚ ਪੰਜਾਬ ਦੇ ਲੋਕਾਂ ਵੱਲੋਂ ਕੀਤੀ ਕੁਤਾਹੀ ਨੂੰ 10 ਮਈ ਨੂੰ ਸੁਧਾਰ ਲਿਆ ਜਾਵੇ। ਰੈਲੀ ਨੂੰ ਡਾ. ਸੁਖਵਿੰਦਰ ਕੁਮਾਰ ਸੁੱਖੀ, ਸਾਬਕਾ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਅਤੇ ਅਕਾਲੀ ਦਲ (ਬਾਦਲ) ਦੇ ਹਲਕਾ ਇੰਚਾਰਜ ਐਡਵੋਕੇਟ ਬਚਿੱਤਰ ਸਿੰਘ ਕੋਹਾੜ ਨੇ ਵੀ ਸੰਬੋਧਨ ਕੀਤਾ। ਸਟੇਜ ਸਕੱਤਰ ਦੇ ਫਰਜ਼ ਦਲਜੀਤ ਸਿੰਘ ਕਾਹਲੋਂ ਨੇ ਨਿਭਾਏ।

## ਅਸ਼ੋਕ ਅਰੋੜਾ ਨੇ ਸੁਸ਼ੀਲ ਰਿੰਕੂ ਦੇ ਹੱਕ 'ਚ ਕੀਤਾ ਚੋਣ ਪ੍ਰਚਾਰ

**ਨਾਭਾ (ਵਰਿੰਦਰ ਵਰਮਾ)**-ਆਮ ਆਦਮੀ ਪਾਰਟੀ ਦੇ ਸ਼ਹਿਰੀ ਪ੍ਰਧਾਨ ਅਸ਼ੋਕ ਅਰੋੜਾ ਜੀ ਦੀ ਅਗਵਾਈ ਹੇਠ ਵੱਡੀ ਗਿਣਤੀ ਵਿੱਚ ਵਰਕਰ ਤੇ ਆਗੂ ਜਲੰਧਰ ਲੋਕ ਸਭਾ ਜ਼ਿਮਨੀ ਚੋਣ ਵਿੱਚ ਆਪਣੀ ਪਾਰਟੀ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਦੇ ਹੱਕ ਵਿੱਚ ਜ਼ੋਰਦਾਰ ਪ੍ਰਚਾਰ ਕੀਤਾ। ਉਨ੍ਹਾਂ ਲੋਕਾਂ ਨੂੰ ਰਿੰਕੂ ਨੂੰ ਭਾਰੀ ਵੋਟਾਂ ਨਾਲ ਜਿਤਾਉਣ ਦੀ ਅਪੀਲ ਕੀਤੀ। ਉਨ੍ਹਾਂ ਲੋਕਾਂ ਨੂੰ ਕਿਹਾ ਕਿ ਆਮ ਆਦਮੀ ਪਾਰਟੀ ਸਰਕਾਰ ਹੈ, ਜੋ ਪਿਛਲੇ ਇੱਕ ਸਾਲ ਤੋਂ ਲਗਾਤਾਰ ਆਪਣੀਆਂ ਲੋਕ ਭਲਾਈ ਨੀਤੀਆਂ ਨਾਲ ਲੋਕਾਂ ਦਾ ਦਿਲ ਜਿੱਤ ਰਹੀ ਹੈ। ਉਨ੍ਹਾਂ ਕਿਹਾ ਕਿ ਪਾਰਟੀ ਨੇ ਸਰਕਾਰ ਬਣਨ ਤੋਂ ਬਾਅਦ ਕਈ ਅਹਿਮ ਫ਼ੈਸਲੇ ਲਏ ਗਏ ਹਨ, ਜਿਸ ਵਿੱਚ ਮੁਫ਼ਤ ਬਿਜਲੀ ਵਰਗੇ ਵੱਡੇ ਕੰਮ ਵੀ ਸ਼ਾਮਲ ਹਨ। ਇਸੇ ਤਰ੍ਹਾਂ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਲਈ 'ਆਪ' ਸਰਕਾਰ ਨੇ ਮੁਹਿੰਮ ਵਿੱਢੀ ਹੈ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਰਮੇਸ਼ ਤਲਵਾੜ, ਗੁਰਲਾਲ ਮੱਲ੍ਹੀ, ਸੰਜੀਵ ਕੁਮਾਰ ਸ਼ਿਲਪਾ, ਸੰਦੀਪ ਸ਼ਰਮਾ, ਮੈਡਮ ਜਗਜੀਤ ਕੌਰ ਜਵੰਦਾ ਬਿੱਲਾ ਖੋਖ, ਬਿੱਲਾ ਛੀਂਟਾਂਵਾਲਾ, ਅਮਨ ਤੇਜੇ ਆਦਿ ਯੂਥ ਵਰਕਰ ਤੇ ਆਗੂ ਹਾਜ਼ਰ ਸਨ।

## ਵਿਸ਼ਵ ਥੈਲਾਸੀਮੀਆ ਦਿਵਸ 'ਤੇ ਵੱਧ ਤੋਂ ਵੱਧ ਖ਼ੂਨ ਦਾਨ ਕੀਤਾ ਜਾਵੇ : ਸਿਵਲ ਸਰਜਨ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**

ਵਿਸ਼ਵ ਥੈਲਾਸੀਮੀਆ ਦਿਵਸ 'ਤੇ ਸਿਵਲ ਸਰਜਨ ਸ੍ਰੀ ਮੁਕਤਸਰ ਸਾਹਿਬ ਡਾ. ਰੰਜੂ ਸਿੰਗਲਾ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਵੱਧ ਤੋਂ ਵੱਧ ਖ਼ੂਨ ਦਾਨ ਕਰਨ ਤਾਂ ਜੋ ਥੈਲਾਸੇਮੀਆ ਪੀੜਤ ਲੋਕਾਂ ਨੂੰ ਖ਼ੂਨ ਦੇ ਕੇ ਤੰਦਰੁਸਤ ਰੱਖਿਆ ਜਾ ਸਕੇ। ਉਨ੍ਹਾ ਕਿਹਾ ਕਿ ਥੈਲਾਸੇਮੀਆ (ਖ਼ੂਨ ਨਾ ਬਣਨਾ) ਇੱਕ ਜਮਾਂਦਰੂ ਬਿਮਾਰੀ ਹੈ, ਜਿਸ ਨਾਲ ਨਵ ਜਨਮੇ ਬੱਚੇ ਵਿੱਚ ਖ਼ੂਨ ਬਣਨ ਦੀ ਪ੍ਰਕਿਰਿਆ ਬਹੁਤ ਘੱਟ ਹੁੰਦੀ ਹੈ, ਜਿਸ ਕਾਰਨ ਬੱਚੇ ਨੂੰ ਹਰ 20 ਜਾਂ 30 ਦਿਨਾਂ ਬਾਅਦ ਖ਼ੂਨ ਚੜ੍ਹਾਉਣ ਦੀ ਲੋੜ ਪੈਂਦੀ ਹੈ। ਹਰ ਵਾਰ ਹਸਪਤਾਲ ਜਾਣਾ, ਖ਼ੂਨ ਚੜ੍ਹਾਉਣਾ ਕਿਸੇ ਵੀ ਬੱਚੇ, ਉਸ ਦੇ ਮਾਤਾ-ਪਿਤਾ ਤੇ ਸਮੂਹ ਪਰਿਵਾਰ ਲਈ ਇੱਕ ਦੁੱਖਦਾਈ ਸੰਤਾਪ ਹੁੰਦਾ ਹੈ।

ਉਨ੍ਹਾ ਦੱਸਿਆ ਕਿ ਸਰਕਾਰ ਦੇ ਯਤਨਾਂ ਸਦਕਾ ਸਿਵਲ ਹਸਪਤਾਲ ਸ੍ਰੀ ਮੁਕਤਸਰ ਸਾਹਿਬ ਵਿਖੇ ਥੈਲਾਸੇਮੀਆ ਪੀੜਤ ਵਿਅਕਤੀਆਂ ਨੂੰ ਮੁਫ਼ਤ ਖ਼ੂਨ ਚੜ੍ਹਾਉਣ ਦੀ ਸਹੂਲਤ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾ ਕਿਹਾ ਕਿ ਸਾਡੇ ਭਾਰਤ ਦੇਸ਼ ਵਿੱਚ 4 ਕਰੋੜ ਤੋਂ ਵੱਧ ਔਰਤ ਮਰਦ ਹਨ, ਜੋ ਦੇਖਣ ਵਿੱਚ ਬਿਲਕੁਲ ਤੰਦਰੁਸਤ ਹਨ, ਪਰ ਮਾਈਨਰ ਥੈਲਾਸੀਮੀਕ ਜੀਨ ਕੈਰੀਅਰ (ਵਾਹਕ) ਹੁੰਦੇ ਹਨ ਤੇ 10 ਤੋਂ 20 ਹਜ਼ਾਰ ਮੇਜਰ ਥੈਲਾਸੀਮੀਕ ਰੋਗੀ ਹਰ ਸਾਲ ਪੈਦਾ ਹੁੰਦੇ ਹਨ। ਉਨ੍ਹਾ ਕਿਹਾ ਕਿ ਜਾਣਕਾਰੀ ਤੇ ਜਾਗਰੂਕਤਾ ਰਾਹੀਂ ਇਸ ਬਿਮਾਰੀ ਤੋਂ ਬਚਿਆ ਜਾ ਸਕਦਾ ਹੈ।

ਇਸ ਮੌਕੇ ਡਾ. ਭੁਪਿੰਦਰਜੀਤ ਕੌਰ ਐੱਸ.ਐੱਮ.ਓ. ਨੇ ਦੱਸਿਆ ਕਿ ਸਿਵਲ ਹਸਪਤਾਲ ਸ੍ਰੀ ਮੁਕਤਸਰ ਸਾਹਿਬ ਵਿਖੇ ਥੈਲਾਸੇਮੀਆ ਪੀੜਤ ਮਰੀਜ਼ਾਂ ਦਾ ਪੂਰੀ ਤਰ੍ਹਾਂ ਟੈਸਟ ਕੀਤਾ ਜਾਂਦਾ ਹੈ ਅਤੇ ਸੁਰੱਖਿਅਤ ਬਲੱਡ ਲਿਊਕੋ ਫਿਲਟਰ ਪੈਕ ਦਾ ਇਸਤੇਮਾਲ ਕਰਕੇ ਮੁਫਤ ਲਗਾਇਆ ਜਾਂਦਾ ਹੈ ਅਤੇ ਉਨ੍ਹਾਂ ਨੂੰ ਕੋਈ ਵੀ ਮੁਸ਼ਕਲ ਪੇਸ਼ ਨਹੀਂ ਆਉਣ ਦਿੱਤੀ ਜਾਂਦੀ। ਉਨ੍ਹਾ ਦੱਸਿਆ ਕਿ ਬਲੱਡ ਬੈਂਕ ਇੰਚਾਰਜ ਡਾ. ਅਮਨਿੰਦਰ ਸਿੰਘ ਐੱਮ. ਡੀ. ਪੈਥਾਲੋਜਿਸਟ ਤੇ ਬੱਚਿਆਂ ਦੇ ਮਾਹਿਰ ਡਾ. ਪਰਮਦੀਪ ਸਿੰਘ ਸੰਧੂ ਵੱਲੋਂ ਥੈਲਾਸੇਮੀਆ ਪੀੜਤ ਮਰੀਜ਼ਾਂ ਦੇ ਖ਼ੂਨ ਲਗਾਉਣ ਲਈ ਪੂਰਾ ਸਹਿਯੋਗ ਦਿੱਤਾ ਜਾਂਦਾ ਹੈ।

## 'ਜਨ ਔਸ਼ਧੀ' ਮੈਡੀਕਲ ਸਟੋਰ ਦਾ ਕੀਤਾ ਉਦਘਾਟਨ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਵਿਧਾਇਕ ਬਠਿੰਡਾ (ਸ਼ਹਿਰੀ) ਜਗਰੂਪ ਸਿੰਘ ਗਿੱਲ ਤੇ ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ ਵੱਲੋਂ ਐਡਵਾਂਸਡ ਕੈਂਸਰ ਇੰਸਟੀਚਿਊਟ ਵਿਖੇ ਰੀਬਨ ਕੱਟ ਕੇ 'ਜਨ ਔਸ਼ਦੀ' ਮੈਡੀਕਲ ਸਟੋਰ ਦਾ ਉਦਘਾਟਨ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਜਨਰਲ ਲੈਬ ਦਾ ਦੌਰਾ ਕਰਕੇ ਜਾਇਜ਼ਾ ਵੀ ਲਿਆ। ਇਸ ਮੌਕੇ ਉਨ੍ਹਾਂ ਡਾਕਟਰਾਂ ਦੀ ਸਮੱਸਿਆਵਾਂ ਸੁਣੀਆਂ, ਜਿਨ੍ਹਾਂ ਨੂੰ ਜਲਦ ਹੱਲ ਕਰਨ ਦਾ ਭਰੋਸਾ ਵੀ ਦਿਵਾਇਆ। ਇਸ ਉਪਰੰਤ ਡਿਪਟੀ ਕਮਿਸ਼ਨਰ ਸ੍ਰੀ ਸ਼ੌਕਤ ਅਹਿਮਦ ਪਰੇ ਨੇ ਗੋਨਿਆਣਾ ਰੋਡ ਤੇ ਸਥਿਤ ਸਹਾਰਾ ਆਸ਼ਰਮ ਦਾ ਦੌਰਾ ਕਰਕੇ ਜਾਇਜ਼ਾ ਲਿਆ ਤੇ ਉਨ੍ਹਾਂ ਸਹਾਰਾ ਜਨ ਸੇਵਾ ਵੱਲੋਂ ਕੀਤੇ ਜਾ ਰਹੇ ਨੇਕ ਕਾਰਜਾਂ ਦੀ ਸ਼ਲਾਘਾ ਕੀਤੀ। ਇਸ ਦੌਰਾਨ ਉਨ੍ਹਾਂ ਮਰੀਜ਼ਾਂ ਦਾ ਹਾਲ-ਚਾਲ ਵੀ ਜਾਣਿਆ। ਇਸ ਦੌਰਾਨ ਸ੍ਰੀ ਸ਼ੌਕਤ ਅਹਿਮਦ ਪਰੇ ਨੇ ਸਹਾਰਾ ਜਨ ਸੇਵਾ ਦੇ ਪ੍ਰਧਾਨ ਸ੍ਰੀ ਵਿਜੈ ਗੋਇਲ ਨੂੰ ਵਿਸ਼ਵਾਸ਼ ਦਿਵਾਉਂਦਿਆਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਉਨ੍ਹਾਂ ਦੇ ਨਾਲ ਹਮੇਸ਼ਾ ਖੜਾ ਹੈ।

ਇਸ ਮੌਕੇ ਉਨ੍ਹਾਂ ਨੌਜਵਾਨ ਵਰਗ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਵੀ ਇਨ੍ਹਾਂ ਨਾਲ ਜੁੜਨ ਤੇ ਵੱਧ ਤੋਂ ਵੱਧ ਮਾਨਵਤਾ ਦੀ ਸੇਵਾ ਕਰਨ। ਇਸ ਮੌਕੇ ਸਿਵਲ ਸਰਜਨ ਡਾ. ਤੇਜਵੰਤ ਸਿੰਘ ਢਿੱਲੋਂ, ਐਡਵਾਂਸਡ ਕੈਂਸਰ ਇੰਸਟੀਚਿਊਟ ਦੇ ਡਾਇਰੈਕਟਰ ਡਾ. ਦੀਪਕ ਅਰੋੜਾ, ਸੈਕਟਰੀ ਰੈੱਡ ਕਰਾਸ ਸ੍ਰੀ ਦਰਸ਼ਨ ਕੁਮਾਰ ਤੋਂ ਇਲਾਵਾ ਡਾਕਟਰੀ ਸਟਾਫ਼ ਆਦਿ ਹਾਜ਼ਰ ਸਨ।

## ਸਿਵਲ ਹਸਪਤਾਲ 'ਚ ਅੰਤਰਰਾਸ਼ਟਰੀ ਥੈਲੇਸੀਮੀਆ ਦਿਵਸ ਮਨਾਇਆ




**ਸਮਰਾਲਾ (ਸੁਰਜੀਤ ਸਿੰਘ)**-ਪੰਜਾਬ ਸਰਕਾਰ ਦੀਆਂ ਹਦਾਇਤਾਂ ਤੇ ਡਾ: ਹਤਿੰਦਰ ਕੌਰ ਸਿਵਲ ਸਰਜਨ ਲੁਧਿਆਣਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅੱਜ ਸਿਵਲ ਹਸਪਤਾਲ ਦੇ ਸੀਨੀਅਰ ਮੈਡੀਕਲ ਅਫਸਰ ਡਾ. ਤਾਰਕਜੋਤ ਸਿੰਘ ਦੀ ਅਗਵਾਈ ਹੇਠ ਇਸ ਸੰਸਥਾ ਵਿਖੇ ਵਰਲਡ ਥੈਲੇਸੀਮੀਆ ਦਿਵਸ ਮਨਾਇਆ ਗਿਆ। ਇਸ ਸੰਬਧੀ ਸਮਰਾਲਾ ਸ਼ਹਿਰ ਦੇ ਲੋਕਾਂ ਤੇ ਇਸ ਸੰਸਥਾ ਦੇ ਸਮੂਹ ਸਟਾਫ ਨੂੰ ਥੈਲੇਸੀਮੀਆ ਬਾਰੇ ਜਾਣੂ ਕਰਵਾਇਆ ਗਿਆ, ਜਿਸ ਵਿੱਚ ਡਾ: ਤਾਰਕਜੋਤ ਸਿੰਘ ਐੱਸ.ਐੱਮ.ਓ. ਨੇ ਦੱਸਿਆ ਕਿ ਇਹ ਥੈਲੇਸੀਮੀਆ ਦਿਵਸ ਹਰ ਸਾਲ 8 ਮਈ ਨੂੰ ਮਨਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਥੈਲੇਸੀਮੀਆ ਇੱਕ ਜੈਨੇਟਿਕ ਬਿਮਾਰੀ ਹੈ, ਜੋ ਮਾਂ-ਬਾਪ ਤੋਂ ਇੱਕ ਬੱਚੇ ਨੂੰ ਹੁੰਦੀ ਹੈ। ਇਸ ਬਿਮਾਰੀ ਦੇ ਚੱਲਦੇ ਬੱਚੇ ਵਿੱਚ ਖ਼ੂਨ ਦੀ ਮਾਤਰਾ ਬਹੁਤ ਘੱਟ ਹੁੰਦੀ ਹੈ, ਜਿਸ ਕਰਕੇ ਉਸ ਨੂੰ ਲਗਾਤਾਰ ਖ਼ੂਨ ਚੜ੍ਹਾਇਆ ਜਾਂਦਾ ਹੈ। ਇਸ ਦੀ ਜਾਂਚ ਸਮੇਂ ਸਿਰ ਕਰਵਾਉਣੀ ਚਾਹੀਦੀ ਹੈ ਤਾਂ ਜੋਂ ਬਿਮਾਰੀ ਦਾ ਪਤਾ ਚੱਲ ਸਕੇ। ਇਸ ਪ੍ਰਤੀ ਡਾ: ਤਾਰਕਜੋਤ ਸਿੰਘ ਐੱਸ.ਐੱਮ.ਓ. ਨੇ ਲੋਕਾਂ ਨੂੰ ਇਸ ਬਿਮਾਰੀ ਪ੍ਰਤੀ ਜਾਗਰੂਕ ਕੀਤਾ। ਇਸ ਮੌਕੇ ਡਾ: ਸੰਚਾਰੀ ਸਾਹਾ ਦੱਤ (ਪੈਥੋਲੋਜਿਸਟ) ਐੱਮ ਓ, ਡਾ: ਲਖਵਿੰਦਰ ਸਿੰਘ (ਐਨਥੀਸੀਆ) ਐੱਮ ਓ, ਡਾ: ਸੁਖਵਿੰਦਰ ਕੌਰ (ਗਾਇਨੀ) ਐੱਮ ਓ, ਡਾ: ਨਵਜੋਤ ਕੌਰ (ਗਾਇਨੀ) ਐੱਮ ਓ, ਡਾ: ਕਰਨਵੀਰ ਸਿੰਘ ਗਿੱਲ ਐੱਮ ਓ, ਅਪਵਿੰਦਰ ਕੌਰ (ਨਰਸਿੰਗ ਸਿਸਟਰ), ਅਮਿਤ ਕੁਮਾਰ ਐੱਮ.ਐੱਲ.ਟੀ., ਅਰਸ਼ਦੀਪ ਕੌਰ ਐੱਮ.ਐੱਲ.ਟੀ., ਮਨਪ੍ਰੀਤ ਕੌਰ ਐੱਮ.ਐੱਲ.ਟੀ. ਤੋਂ ਇਲਾਵਾ ਨਰਸਿੰਗ ਸਟਾਫ ਤੇ ਕਟਾਣੀ ਕਲਾਂ ਦੇ ਵਿਦਿਆਰਥੀ ਸ਼ਾਮਲ ਸਨ।

## ...ਸਫ਼ਾ 1 ਦੇ ਬਾਕੀ

### ਪੀ ਐੱਸ ਈ ਬੀ ਇੰਪਲਾਈਜ਼..

ਜਨਰਲ ਸਕੱਤਰ ਸਾਥੀ ਸਿਕੰਦਰ ਨਾਥ ਅਤੇ ਪੂਰਨ ਸਿੰਘ ਗੁੰਮਟੀ ਵੱਲੋਂ ਵਿੱਤੀ ਰਿਪੋਰਟ ਲਿਖਤੀ ਤੌਰ 'ਤੇ ਪੇਸ਼ ਕੀਤੀ ਗਈ, ਜੋ ਕਿ ਸਰਵਸੰਮਤੀ ਨਾਲ ਪਾਸ ਕੀਤੀ ਗਈ ਰਿਪੋਰਟ 'ਤੇ ਬਹਿਸ ਦੌਰਾਨ ਡੈਲੀਗੇਟਾਂ ਨੇ ਭਰਪੂਰ ਬਹਿਸ ਕਰਦਿਆਂ ਜਥੇਬੰਦੀ ਨੂੰ ਮਜ਼ਬੂਤ ਕਰਨ, ਮੁਲਾਜ਼ਮਾਂ ਨੂੰ ਦਰਪੇਸ਼ ਸਮੱਸਿਆਵਾਂ, ਕੌਮਾਂਤਰੀ, ਕੌਮੀ, ਸੂਬਾਈ ਅਤੇ ਪਾਵਰਕਾਮ ਟਰਾਂਸਕੋ ਦੇ ਵਿੱਤੀ ਹਾਲਾਤ ਅਤੇ ਅਦਾਰੇ ਦੇ ਵਡਮੁੱਲੇ ਖਪਤਕਾਰਾਂ ਨੂੰ ਵਧੀਆ ਸੇਵਾ ਸਹੂਲਤਾਂ ਦੇਣ 'ਤੇ ਵਿਚਾਰ ਕਰਦਿਆਂ ਮੁਲਾਜ਼ਮਾਂ ਨੂੰ ਇੱਕਜੁੱਟ ਹੋਣ ਦਾ ਸੱਦਾ ਦਿੱਤਾ। ਇਜਲਾਸ ਵੱਲੋਂ ਸਰਬ ਸਾਥੀ ਕਰਮਚੰਦ ਭਾਰਦਵਾਜ ਨੂੰ ਪੈਟਰਨ, ਜਰਨੈਲ ਸਿੰਘ ਪ੍ਰਧਾਨ, ਬਲਜੀਤ ਸਿੰਘ ਮੋਦਲਾ ਜਨਰਲ ਸਕੱਤਰ, ਬਿੰਦਰ ਸਿੰਘ ਮਲੂਕਾ ਖਜ਼ਾਨਚੀ ਤੋਂ ਇਲਾਵਾ ਲਖਵੀਰ ਸਿੰਘ ਸੀਨੀਅਰ ਮੀਤ ਪ੍ਰਧਾਨ, ਜਸਵਿੰਦਰ ਸਿੰਘ ਬਰਗਾੜੀ, ਅਮਰੀਕ ਸਿੰਘ ਖੰਨਾ, ਸੁਰਜੀਤ ਸਿੰਘ ਗਾਬਾ, ਜੰਗੀਰ ਸਿੰਘ ਕਟਾਰੀਆ, ਕੁਲਵਿੰਦਰ ਸਿੰਘ ਸਾਰੇ ਮੀਤ ਪ੍ਰਧਾਨ, ਰਾਮ ਸਿੰਘ ਡਿਪਟੀ ਜਨਰਲ ਸਕੱਤਰ, ਹਰਵਿੰਦਰ ਸਿੰਘ ਅਮਲੋਹ, ਲਖਵੀਰ ਸਿੰਘ ਮੂਲੇਵਾਲ, ਸਤੀਸ਼ ਕੁਮਾਰ, ਕ੍ਰਿਸ਼ਨ ਗੋਪਾਲ, ਮਨਿੰਦਰ ਸਿੰਘ ਸਾਰੇ ਸਕੱਤਰ, ਬਲਵਿੰਦਰ ਸਿੰਘ ਸੰਧੂ ਮੁੱਖ ਜਥੇਬੰਦਕ ਸਕੱਤਰ, ਗੁਰਮੁੱਖ ਸਿੰਘ, ਅੰਕਿਤ ਕੁਮਾਰ, ਅਵਿਸ਼ੇਕ ਰਤਨ ਜਥੇਬੰਦਕ ਸਕੱਤਰ ਸਾਰੇ ਸਰਵਸੰਮਤੀ ਨਾਲ ਸੂਬਾਈ ਅਹੁਦੇਦਾਰ ਚੁਣੇ ਗਏ। ਸੂਬਾ ਕਮੇਟੀ ਦੀ ਸਹਾਇਤਾ ਲਈ ਸਲਾਹਕਾਰ ਕਮੇਟੀ ਵੀ ਚੁਣੀ ਗਈ। ਇਜਲਾਸ ਦੌਰਾਨ ਵੱਖ-ਵੱਖ ਮਤੇ ਜਿਵੇਂ ਬਿਜਲੀ ਸੋਧ ਬਿੱਲ 2022 ਰੱਦ ਕਰਨ, ਪਬਲਿਕ ਸੈਕਟਰ ਦੀਆਂ ਇਕਾਈਆਂ ਵੇਚਣ, ਬੰਦ ਕਰਨ ਅਤੇ ਇਨ੍ਹਾਂ ਦੇ ਨਿੱਜੀਕਰਨ ਕਰਨ ਵਿਰੁੱਧ, ਪੰਜਾਬ ਦੇ ਕਿਸਾਨਾਂ-ਮਜ਼ਦੂਰਾਂ ਵੱਲੋਂ ਆਪਣੇ ਮਸਲਿਆਂ ਲਈ ਕੀਤੇ ਜਾ ਰਹੇ ਸੰਘਰਸ਼ਾਂ ਦੀ ਹਮਾਇਤ, ਪੰਜਾਬ ਅੰਦਰ ਨਸ਼ਾ ਅਤੇ ਮਾਫੀਆ ਨੂੰ ਸਮਾਪਤ ਕਰਨ, ਪੰਜਾਬ ਅੰਦਰ ਪ੍ਰਾਈਵੇਟ ਥਰਮਲਾਂ ਨਾਲ ਲੰਮੀ ਮਿਆਦ ਅਤੇ ਮਹਿੰਗੀਆਂ ਦਰਾਂ ਉਪਰ ਕੀਤੇ ਬਿਜਲੀ ਖਰੀਦ ਸਮਝੌਤੇ ਰੱਦ ਕਰਨ, ਬਿਜਲੀ ਕਾਮਿਆਂ ਦੀਆਂ ਮੰਗਾਂ ਅਤੇ ਮਸਲਿਆਂ ਸੰਬੰਧੀ ਪਾਵਰ ਮੈਨੇਜਮੈਂਟ ਨਾਲ ਜੱਥੇਬੰਦੀ ਦੇ ਹੋਏ ਸਮਝੌਤੇ ਅਨੁਸਾਰ ਮੰਨੀਆਂ ਮੰਗਾਂ ਲਾਗੂ ਕਰਨ, 295/19 ਸੀ.ਆਰ.ਏ. ਰਾਹੀਂ ਨਿਯੁਕਤ ਸਹਾਇਕ ਲਾਇਨਮੈਨਾਂ ਨੂੰ ਨਜਾਇਜ਼ ਤੌਰ 'ਤੇ ਤੰਗ-ਪ੍ਰੇਸ਼ਾਨ ਕਰਨ, ਗਲਤ ਇਨਕੁਆਰੀ ਦੇ ਨਾਂਅ 'ਤੇ ਗ੍ਰਿਫਤਾਰ ਕਰਨ, ਗਰਿਡ ਸਬ ਸਟੇਸ਼ਨਾਂ ਅਤੇ ਮੁਲਾਜ਼ਮਾਂ ਦੀ ਸੁਰੱਖਿਆ ਤੋਂ ਇਲਾਵਾ ਮੁਲਾਜ਼ਮ, ਮਜ਼ਦੂਰ ਦੇ ਹਿੱਤ ਵਿੱਚ ਬਣੇ 44 ਕਿਰਤ ਕਾਨੂੰਨਾਂ ਨੂੰ ਖਤਮ ਕਰਕੇ 4 ਕਿਰਤ ਕੋਡ ਬਣਾਉਣ ਵਿਰੁੱਧ ਅਤੇ ਸਾਥੀ ਭਗਵਾਨ ਸਿੰਘ ਅਣਖੀ ਦੀ ਯਾਦ ਵਿੱਚ ਪਟਿਆਲਾ ਵਿਖੇ ਸਾਂਝਾ ਕਾ: ਅਣਖੀ ਯਾਦਗਾਰ ਟਰੱਸਟ ਬਣਾਉਣ ਸੰਬੰਧੀ ਸਰਵ-ਸੰਮਤੀ ਨਾਲ ਮਤੇ ਪਾਸ ਕੀਤੇ ਗਏ। ਇਲਾਜ ਨੂੰ ਭਰਾਤਰੀ ਜਥੇਬੰਦੀ ਦੇ ਸੂਬਾਈ ਆਗੂਆਂ ਜਗਜੀਤ ਸਿੰਘ ਜੋਗਾ, ਹਰਦੇਵ ਸਿੰਘ ਅਰਸ਼ੀ ਕਿਸਾਨ ਆਗੂ, ਬਲਕਰਨ ਸਿੰਘ ਬਰਾੜ ਪ੍ਰਧਾਨ ਕੁਲ ਹਿੰਦ ਕਿਸਾਨ ਸਭਾ, ਐੱਮ ਐੱਲ ਸਹਿਗਲ ਪ੍ਰਧਾਨ ਆਲ ਇੰਡੀਆ ਗੌਰਮੈਂਟ ਇੰਪਲਾਈਜ਼ ਫੈਡਰੇਸ਼ਨ, ਰਾਜਪਾਲ ਨੈਨ ਹਰਿਆਣਾ ਰੋਡਵੇਜ਼ ਆਗੂ, ਗੁਲਜ਼ਾਰ ਗੋਰੀਆ ਜਨਰਲ ਸਕੱਤਰ ਭਾਰਤੀ ਖੇਤ ਮਜ਼ਦੂਰ ਯੂਨੀਅਨ, ਦੇਵੀ ਕੁਮਾਰੀ ਜਨਰਲ ਸਕੱਤਰ ਪੰਜਾਬ ਬੀ.ਕੇ.ਐੱਮ.ਯੂ. ਆਦਿ ਆਗੂਆਂ ਨੇ ਮੁਲਾਜ਼ਮ, ਮਜ਼ਦੂਰ, ਲੋਕ ਏਕਤਾ ਬਣਾ ਕੇ ਇੱਕਜੁੱਟ ਹੋ ਕੇ ਸਰਕਾਰਾਂ ਦੀਆਂ ਮੁਲਾਜ਼ਮ-ਮਜ਼ਦੂਰ ਵਿਰੋਧੀ ਨੀਤੀਆਂ ਵਿਰੁੱਧ ਸੰਘਰਸ਼ ਕਰਨ ਦਾ ਸੱਦਾ ਦਿੱਤਾ।

ਇਜਲਾਸ ਦੇ ਅੰਤ ਵਿੱਚ ਬਠਿੰਡਾ ਸਰਕਲ ਦੇ ਸਾਥੀਆਂ ਦਾ ਵਧੀਆ ਪ੍ਰਬੰਧ ਲਈ ਧੰਨਵਾਦ ਮਤਾ ਪਾਸ ਕਰਨ ਉਪਰੰਤ ਮੁਲਾਜ਼ਮ ਬਿਜਲੀ ਏਕਤਾ ਅਤੇ ਜਥੇਬੰਦੀ ਨੂੰ ਹੋਰ ਮਜ਼ਬੂਤ ਕਰਨ ਅਤੇ ਖਪਤਕਾਰਾਂ ਨੂੰ ਵਧੀਆ ਸਹੂਲਤਾਂ ਦੇਣ ਦਾ ਹੋਕਾ ਦਿੰਦਿਆਂ ਨਾਅਰਿਆਂ ਦੀ ਗੂੰਜ ਵਿੱਚ ਸਮਾਪਤ ਹੋਇਆ।

### ਪਾਣੀ ਬਚਾਉਣ ਲਈ...

ਕਾਰਜ ਲਈ ਫੰਡਾਂ ਦੀ ਕੋਈ ਘਾਟ ਨਹੀਂ ਹੈ। ਉਨ੍ਹਾਂ ਲੋਕਾਂ ਨੂੰ ਇਸ ਕਾਰਜ ਲਈ ਸਹਿਯੋਗ ਦੇਣ ਅਤੇ ਇਸ ਨੂੰ ਲੋਕ ਲਹਿਰ ਬਣਾਉਣ ਦਾ ਸੱਦਾ ਦਿੱਤਾ। ਵਾਤਾਵਰਨ ਦੇ ਮਸਲਿਆਂ ਨੂੰ ਜਾਣ-ਬੁੱਝ ਕੇ ਨਜ਼ਰਅੰਦਾਜ਼ ਕਰਨ ਲਈ ਵਿਰੋਧੀ ਧਿਰਾਂ ਦੀ ਆਲੋਚਨਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪਾਣੀ, ਹਵਾ ਤੇ ਧਰਤੀ ਦੀ ਕੋਈ ਵੋਟ ਨਾ ਹੋਣ ਕਾਰਨ ਇਨ੍ਹਾਂ ਆਗੂਆਂ ਨੇ ਇਨ੍ਹਾਂ ਤਿੰਨਾਂ ਖੇਤਰਾਂ ਨੂੰ ਨਜ਼ਰਅੰਦਾਜ਼ ਕੀਤਾ। ਉਨ੍ਹਾਂ ਕਿਹਾ ਕਿ ਵੱਡੇ ਪੱਧਰ ਉਤੇ ਪ੍ਰਦੂਸ਼ਣ ਕਾਰਨ ਇਨ੍ਹਾਂ ਤਿੰਨੇ ਕੁਦਰਤੀ ਸਰੋਤਾਂ ਦਾ ਘਾਣ ਹੋਇਆ ਹੈ, ਜਿਸ ਨਾਲ ਸਮਾਜ ਨੂੰ ਨਾ ਪੂਰਿਆ ਜਾਣ ਵਾਲਾ ਘਾਟਾ ਪੈ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਧਰਤੀ ਹੇਠਲੇ ਪਾਣੀ ਦੀ ਬੱਚਤ ਕਰਨ ਲਈ ਨਹਿਰੀ ਪਾਣੀ ਦੀ ਵੱਧ ਤੋਂ ਵੱਧ ਵਰਤੋਂ ਲਈ ਵੱਡੇ ਪੱਧਰ ਉਤੇ ਕਦਮ ਚੁੱਕੇ ਹਨ। ਉਨ੍ਹਾਂ ਕਿਹਾ ਕਿ ਇਸ ਸਮੇਂ ਪੰਜਾਬ ਆਪਣੇ ਕੋਲ ਉਪਲੱਬਧ ਨਹਿਰੀ ਪਾਣੀ ਵਿੱਚੋਂ ਸਿਰਫ਼ 33 ਤੋਂ 34 ਫੀਸਦੀ ਦੀ ਵਰਤੋਂ ਕਰ ਰਿਹਾ ਹੈ। ਇਸ ਨੂੰ ਆਉਣ ਵਾਲੇ ਦਿਨਾਂ ਵਿੱਚ ਵਧਾਇਆ ਜਾਵੇਗਾ। ਭਗਵੰਤ ਮਾਨ ਨੇ ਉਮੀਦ ਜ਼ਾਹਰ ਕੀਤੀ ਕਿ ਪੰਜਾਬ ਪਹਿਲੇ ਪੜਾਅ ਵਿੱਚ ਨਹਿਰੀ ਪਾਣੀ ਦੀ ਵਰਤੋਂ ਨੂੰ ਵਧਾ ਕੇ 60 ਫੀਸਦੀ ਕਰੇਗਾ, ਜਿਸ ਨਾਲ ਕੁੱਲ 14 ਲੱਖ ਟਿਊਬਵੈੱਲਾਂ ਵਿੱਚੋਂ ਤਕਰੀਬਨ ਚਾਰ ਲੱਖ ਟਿਊਬਵੈੱਲ ਬੰਦ ਹੋ ਸਕਣ। ਇਸ ਕਦਮ ਨਾਲ ਧਰਤੀ ਹੇਠਲਾ ਪਾਣੀ ਬਚਾਉਣ ਵਿੱਚ ਮਦਦ ਮਿਲੇਗੀ। ਮੁੱਖ ਮੰਤਰੀ ਨੇ ਦੁਹਰਾਇਆ ਕਿ ਸਤਲੁਜ-ਯਮੁਨਾ ਲਿੰਕ (ਐੱਸ.ਵਾਈ.ਐੱਲ) ਨਹਿਰ ਦੇ ਪ੍ਰਾਜੈਕਟ ਨੂੰ ਹੁਣ ਯਮੁਨਾ-ਸਤਲੁਜ ਲਿੰਕ (ਵਾਈ.ਐੱਸ.ਐੱਲ.) ਵਜੋਂ ਜਾਣਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਤਲੁਜ ਦਰਿਆ ਪਹਿਲਾਂ ਹੀ ਸੁੱਕ ਚੁੱਕਾ ਹੈ ਅਤੇ ਕਿਸੇ ਨੂੰ ਇਕ ਬੂੰਦ ਪਾਣੀ ਦੇਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਭਗਵੰਤ ਮਾਨ ਨੇ ਕਿਹਾ ਕਿ ਇਸ ਦੇ ਉਲਟ ਗੰਗਾ ਤੇ ਯਮੁਨਾ ਦਾ ਪਾਣੀ ਸਤਲੁਜ ਦਰਿਆ ਰਾਹੀਂ ਪੰਜਾਬ ਨੂੰ ਸਪਲਾਈ ਹੋਣਾ ਚਾਹੀਦਾ ਹੈ ਤਾਂ ਕਿ ਸੂਬੇ ਦੀਆਂ ਲੋੜਾਂ ਪੂਰੀਆਂ ਹੋ ਸਕਣ। ਇਸ ਦੌਰਾਨ ਮੁੱਖ ਮੰਤਰੀ ਨੇ ਇਹ ਵੀ ਐਲਾਨ ਕੀਤਾ ਕਿ ਹੁਸ਼ਿਆਰਪੁਰ ਜ਼ਿਲ੍ਹੇ ਦੇ ਜਿਹੜੇ ਪਿੰਡ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਨਾਲ ਜੁੜਨ ਦੇ ਇੱਛੁਕ ਹਨ, ਉਨ੍ਹਾਂ ਬਾਰੇ ਕੈਬਨਿਟ ਵੱਲੋਂ ਹਮਦਰਦੀ ਨਾਲ ਵਿਚਾਰ ਕੀਤਾ ਜਾਵੇਗਾ। ਉਨ੍ਹਾ ਗੜ੍ਹਸ਼ੰਕਰ-ਬਾਈਪਾਸ ਨੂੰ ਅੱਪਗ੍ਰੇਡ ਅਤੇ ਮਜ਼ਬੂਤ ਕਰਨ ਦਾ ਵੀ ਐਲਾਨ ਕੀਤਾ। ਇਸ ਮੌਕੇ ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ, ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਰੋੜੀ, ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਤੇ ਹੋਰ ਵੀ ਹਾਜ਼ਰ ਸਨ।

## ਮਜੀਠੀਆ ਖ਼ਿਲਾਫ ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਜ਼ੋਰਦਾਰ ਮੁਜ਼ਾਹਰਾ

**ਕਰਤਾਰਪੁਰ (ਹਰਮੇਸ਼ ਦੱਤ)**




ਨੇੜਲੇ ਪਿੰਡ ਦਿਆਲਪੁਰ ਵਿਖੇ ਬੀਤੀ 7 ਮਈ ਨੂੰ ਦੇਰ ਸ਼ਾਮ ਵੋਟਾਂ ਮੰਗਣ ਗਏ ਅਕਾਲੀ ਆਗੂ ਬਿਰਕਮ ਸਿੰਘ ਮਜੀਠੀਆ ਨੂੰ ਲੈਂਡ ਸੀਲਿੰਗ ਐਕਟ ਤਹਿਤ ਸਾਢੇ ਸਤਾਰਾਂ ਏਕੜ ਜ਼ਮੀਨ ਤੋਂ ਵਾਧੂ ਜ਼ਮੀਨ ਬੇਜ਼ਮੀਨੇ ਮਜ਼ਦੂਰਾਂ ਤੇ ਛੋਟੇ ਕਿਸਾਨਾਂ ਨੂੰ ਵੰਡੋਗੇ? ਵਰਗਾ ਸਵਾਲ ਪੁੱਛਣ ਦੀ ਹਿੰਮਤ ਕਰਨ ਵਾਲੇ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਆਗੂਆਂ, ਕਾਰਕੁਨਾਂ ਤੇ ਪੰਜਾਬ ਸਟੂਡੈਂਟਸ ਯੂਨੀਅਨ ਦੀ ਆਗੂ ਦੀ ਮਜੀਠੀਆ ਦੇ ਸਾਥੀਆਂ ਨੇ ਕੁੱਟਮਾਰ ਕਰ ਦਿੱਤੀ। ਯੂਨੀਅਨ ਨੇ ਕੁੱਟਮਾਰ ਦੇ ਵਿਰੋਧ ਵਿੱਚ ਥਾਣਾ ਕਰਤਾਰਪੁਰ ਅੱਗੇ ਰਾਤ 12 ਵਜੇ ਤੱਕ ਧਰਨਾ ਮੁਜ਼ਾਹਰਾ ਕਰਕੇ ਮਜੀਠੀਆ ਅਤੇ ਉਸ ਦੇ ਲੱਠਮਾਰਾਂ ਖਿਲਾਫ ਕਾਰਵਾਈ ਦੀ ਮੰਗ ਕੀਤੀ। ਪੁਲਸ ਅਧਿਕਾਰੀਆਂ ਨੇ ਸਵੇਰੇ 11 ਵਜੇ ਤੱਕ ਦਾ ਸਮਾਂ ਲੈ ਕੇ ਪ੍ਰਦਰਸ਼ਨ ਖਤਮ ਕਰਵਾਉਣ 'ਚ ਭਾਵੇਂ ਸਫਲਤਾ ਹਾਸਲ ਕਰਕੇ ਮਸਲੇ ਨੂੰ ਠੰਢੇ ਬਸਤੇ ਪਾਉਣ ਦੀ ਕੋਸ਼ਿਸ਼ ਕੀਤੀ, ਪ੍ਰੰਤੂ ਸੋਮਵਾਰ ਦੁਪਹਿਰ 12 ਵਜੇ ਯੂਨੀਅਨ ਵੱਲੋਂ ਥਾਣੇ ਦਾ ਘੇਰਾਓ ਕਰਕੇ ਸ਼ਾਮ ਵੇਲੇ ਚੋਣ ਪ੍ਰਚਾਰ ਕਰਨ ਆ ਰਹੇ ਸੁਖਬੀਰ ਸਿੰਘ ਬਾਦਲ ਦੇ ਵਿਰੋਧ ਦਾ ਐਲਾਨ ਕਰ ਦਿੱਤਾ ਗਿਆ।

ਪੇਂਡੂ ਮਜ਼ਦੂਰ ਥਾਣੇ ਦਾ ਘਿਰਾਓ ਹਟਾ ਕੇ ਭਾਰੀ ਪੁਲਸ ਤੇ ਮੈਰਾ ਮਿਲਟਰੀ ਫੋਰਸ ਦੀ ਦਹਿਸ਼ਤ ਨੂੰ ਤੋੜਦੇ ਹੋਏ ਸੁਖਬੀਰ ਬਾਦਲ ਦੇ ਪ੍ਰੋਗਰਾਮ ਸਥਾਨ ਵੱਲ ਜਾ ਰਹੇ ਸਨ। ਜਰਨੈਲੀ ਸੜਕ ਉੱਪਰ ਉਹਨਾਂ ਨੂੰ ਰੋਕ ਕੇ ਅਧਿਕਾਰੀਆਂ ਨੇ ਐੱਸ ਸੀ/ਐੱਸ ਟੀ ਐਕਟ ਤੇ ਹੋਰ ਧਾਰਾਵਾਂ ਤਹਿਤ ਪਰਚਾ ਦਰਜ ਕਰਨ ਦੀ ਮੰਗ ਮੰਨਣ ਦਾ ਐਲਾਨ ਕਰ ਦਿੱਤਾ। ਮਜ਼ਦੂਰਾਂ ਉੱਥੇ ਹੀ ਧਰਨਾ ਲਗਾ ਕੇ ਮਜੀਠੀਆ ਦਾ ਸੜਕ ਵਿਚਕਾਰ ਪੁਤਲਾ ਫੂਕ ਕੇ ਨਾਅਰੇਬਾਜ਼ੀ ਕਰਦੇ ਹੋਏ ਪ੍ਰਦਰਸ਼ਨ ਦੀ ਸਮਾਪਤੀ ਕਰਕੇ ਚੇਤਾਵਨੀ ਦਿੱਤੀ ਕਿ ਜੇਕਰ ਪ੍ਰਸ਼ਾਸਨ ਨੇ ਆਪਣੇ ਵਾਅਦੇ ਉੱਤੇ ਅਮਲ ਨਾ ਕੀਤਾ ਤਾਂ ਜਥੇਬੰਦੀ ਸੰਘਰਸ਼ ਨੂੰ ਤੇਜ਼ ਕਰਨ ਲਈ ਮਜਬੂਰ ਹੋਵੇਗੀ। ਇਸ ਮੌਕੇ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਜਨਰਲ ਸਕੱਤਰ ਅਵਤਾਰ ਸਿੰਘ ਰਸੂਲਪੁਰ, ਸੂਬਾਈ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁਗਸ਼ੋਰ ਨੇ ਕਿਹਾ ਕਿ ਮੁੱਦਾ ਰਹਿਤ ਚੋਣਾਂ ਵਿੱਚ ਲੜ ਰਹੀਆਂ ਸਾਰੀਆਂ ਹਾਕਮ ਜਮਾਤਾਂ ਦੀਆਂ ਨੁਮਾਇੰਦਾ ਪਾਰਟੀਆਂ ਦੇ ਆਗੂਆਂ ਅਤੇ ਉਮੀਦਵਾਰਾਂ ਨੂੰ ਸਵਾਲ ਕਰਨ ਦਾ ਯੂਨੀਅਨ ਵੱਲੋਂ ਸੱਦਾ ਦਿੱਤਾ ਗਿਆ ਹੈ।

## ਖੱਟਰ ਲਾਉਣਗੇ ਵਿਕਾਸ ਕਾਰਜਾਂ ਦੀ ਝੜੀ : ਬਲਕੌਰ ਸਿੰਘ

**ਸਿਰਸਾ (ਸੁਰਿੰਦਰ ਪਾਲ ਸਿੰਘ)**



ਮੁੱਖ ਮੰਤਰੀ ਮਨੋਹਰ ਲਾਲ ਖੱਟੜ ਦੇ ਜਨ ਸੰਵਾਦ ਦੌਰੇ ਦੇ ਚੱਲਦੇ ਸਿਰਸਾ ਜ਼ਿਲ੍ਹੇ ਦੇ ਹਲਕਾ ਕਾਲਾਂਵਾਲੀ ਦੇ ਸਾਬਕਾ ਵਿਧਾਇਕ ਤੇ ਭਾਰਤੀ ਜਨਤਾ ਪਾਰਟੀ ਦੇ ਹਲਕਾ ਇੰਚਾਰਜ ਭਾਈ ਬਲਕੌਰ ਸਿੰਘ ਵੱਲੋਂ ਦੁਰਗਾ ਮੰਦਰ ਕਾਲਾਂਵਾਲੀ ਵਿਖੇ ਬੁਲਾਈ ਗਈ।

ਮੁੱਖ ਮੰਤਰੀ ਦੇ ਹਲਕਾ ਕਾਲਾਂਵਾਲੀ ਆਗਮਨ ਦੌਰਾਨ ਇਸ ਖੇਤਰ ਦੀਆਂ ਜਨਤਕ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਪਾਰਟੀ ਦੇ ਮੰਡਲ ਪ੍ਰਧਾਨਾਂ, ਮਹਾਂਮੰਤਰੀਆਂ ਤੇ ਸਰਗਰਮ ਕਾਰਜਕਰਤਾਵਾਂ ਨੇ ਮੁੱਖ ਮੰਤਰੀ ਅੱਗੇ ਰੱਖਿਆ ਜਾਣ ਵਾਲਾ ਮੰਗ ਪੱਤਰ ਤਿਆਰ ਕਰ ਲਿਆ ਗਿਆ ਹੈ। ਭਾਰਤੀ ਜਨਤਾ ਪਾਰਟੀ ਦੇ ਹਲਕਾ ਆਗੂ ਭਾਈ ਬਲਕੌਰ ਸਿੰਘ ਦਾ ਕਹਿਣਾ ਸੀ ਕਿ ਮੁੱਖ ਮੰਤਰੀ ਹਰਿਆਣਾ ਉਨ੍ਹਾਂ ਨੂੰ ਵਿਸਵਾਸ਼ ਗਵਾ ਚੁੱਕੇ ਹਨ ਕਿ ਹਲਕਾ ਕਾਲਾਂਵਾਲੀ ਦੇ ਵਿਕਾਸ ਵਿੱਚ ਧਨ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।

ਲੰਮਾ ਸਮਾਂ ਬੀਤ ਜਾਣ 'ਤੇ ਵੀ ਹਲਕਾ ਕਾਲਾਂਵਾਲੀ ਦੇ ਵਿਕਾਸ ਵੱਲ ਕੋਈ ਧਿਆਨ ਕਿਉਂ ਨਹੀਂ ਦਿੱਤਾ ਗਿਆ, ਦੇ ਉੱਤਰ ਵਿੱਚ ਸਾਬਕਾ ਵਿਧਾਇਕ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਹਲਕਾ ਕਾਲਾਂਵਾਲੀ ਦੇ ਵਿਕਾਸ ਕੰਮਾਂ ਵਿੱਚ ਮੁੱਖ ਮੰਤਰੀ ਵਿਕਾਸ ਕਾਰਜਾਂ ਦਾ ਹੜ੍ਹ ਲਿਆ ਦੇਣਗੇ। ਉਨ੍ਹਾਂ ਹਲਕੇ ਦੀਆਂ ਜਨਤਕ ਸਮੱਸਿਆਵਾਂ ਨੂੰ ਵੀ ਮੁੱਖ ਮੰਤਰੀ ਅੱਗੇ ਰੱਖਣ ਦਾ ਫ਼ੈਸਲਾ ਕੀਤਾ। ਭਾਈ ਬਲਕੌਰ ਸਿੰਘ ਦੀ ਜਨਤਕ ਮੀਟਿੰਗ ਵਿੱਚ ਹੋਰ ਮੁੱਦਿਆਂ ਤੋਂ ਬਿਨਾਂ ਨਵੇਂ ਸਥਾਪਤ ਕੀਤੇ ਗਏ ਡਾ. ਅੰਬੇਡਕਰ ਚੌਂਕ, ਵਾਲਮੀਕ ਚੌਂਕ, ਗੁਰੂ ਨਾਨਕ ਦੇਵ ਜੀ ਚੌਂਕ ਤੇ ਪਰਸ਼ੂਰਾਮ ਚੌਂਕ ਨੂੰ ਹੋਰ ਵਿਕਸਤ ਕਰਨ ਦਾ ਮੁੱਦਾ ਵੀ ਉਠਾਇਆ ਗਿਆ। ਮੀਟਿੰਗ ਦੀ ਪ੍ਰਧਾਨਗੀ ਭਾਜਪਾ ਆਗੂ ਹਨੂੰਮਾਨ ਗੋਂਦਾਰਾ, ਹਰਪਾਲ ਸਿੰਘ ਨੰਬਰਦਾਰ ਤੇ ਨੰਬਰਦਾਰ ਰੁਲਦੂ ਸਿੰਘ ਰੋੜੀ ਨੇ ਕੀਤੀ। ਇਸ ਮੌਕੇ ਭਾਰਤੀ ਜਨਤਾ ਪਾਰਟੀ ਦੇ ਪ੍ਰਮੁੱਖ ਕਾਰਜ ਕਰਤਾ ਓਮ ਪ੍ਰਕਾਸ਼ ਵਾਜਪਾਈ, ਬਲਵਿੰਦਰ ਸਿੰਘ ਝਿੜੀ, ਭਾਈ ਗੁਰਸੇਵਕ ਸਿੰਘ ਕਾਲਾਂਵਾਲੀ, ਸੰਜੈ ਗਾਭਾ, ਰਾਜਿੰਦਰ ਸ਼ਰਮਾ, ਭੀਮ ਸਿੰਘ ਸਰਪੰਚ ਲੱਕੜਵਾਲੀ, ਅਜੈ ਗਰਗ ਜੈਮਕੋ, ਪ੍ਰਤੀਨਿਧ ਗੁਰਦਾਸ ਸਿੰਘ ਸੁਖਚੈਨ, ਰਾਕੇਸ਼ ਗੋਇਲ, ਤਰਸੇਮ ਕੁਮਾਰ ਨੀਟਾ ਪੂਰਨ ਚੰਦ ਨਾਗਰ, ਤੇਜਪਾਲ ਸ਼ਰਮਾ ਵਿਨੋਦ ਕੁਮਾਰ, ਸੁਰੇਸ਼ ਕੁਮਾਰ ਬਾਲਮੀਕ ਤੇ ਨੰਦ ਬਾਬਾ ਗਊ ਸੇਵਾ ਸਮਿਤੀ ਕਾਲਾਂਵਾਲੀ ਦੇ ਪ੍ਰਮੁੱਖ ਮੈਂਬਰ ਸ਼ਾਮਲ ਸਨ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri
ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

9-May-PAGE-3.qxd 5/8/2023 11:14 PM Page 1



# ਕੇਜਰੀਵਾਲ ਤੇ ਭਗਵੰਤ ਮਾਨ ਨੇ ਸੁਸ਼ੀਲ ਰਿੰਕੂ ਦੇ ਹੱਕ 'ਚ ਕੀਤਾ ਰੋਡ ਸ਼ੋਅ



**ਲੋਹੀਆਂ ਖਾਸ, (ਰੀਨਾ ਸ਼ਰਮਾ, ਯੋਗੇਸ਼ਵਰ):** ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਜਲੰਧਰ ਲੋਕ ਸਭਾ ਦੇ ਵੱਖ-ਵੱਖ ਹਲਕਿਆਂ ਵਿੱਚ ਰੋਡ ਸ਼ੋਅ ਕਰ ਕੇ ਜਲੰਧਰ ਜ਼ਿਮਨੀ ਚੋਣ ਵਿਚ 'ਆਪ' ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਦੇ ਹੱਕ ਵਿਚ ਚੋਣ ਪ੍ਰਚਾਰ ਕੀਤਾ। ਦੋਵਾਂ ਆਗੂਆਂ ਨੇ ਸ਼ਾਹਕੋਟ ਹਲਕੇ ਦੇ ਲੋਹੀਆਂ ਖਾਸ ਤੋਂ ਅੱਗੇ ਫਿਲੌਰ ਹਲਕੇ ਦੇ ਗੁਰਾਇਆ ਤੋਂ ਆਦਮਪੁਰ ਤਕ ਰੋਡਸ਼ ਸ਼ੋਅ ਕੀਤਾ ਅਤੇ ਲੋਕਾਂ ਨੂੰ 'ਆਪ' ਉਮੀਦਵਾਰ ਨੂੰ ਜਿਤਾਉਣ ਦੀ ਅਪੀਲ ਕੀਤੀ। ਰੋਡ ਸ਼ੋਅ ਦੌਰਾਨ ਲੋਕਾਂ ਨੂੰ ਸੰਬੋਧਨ ਕਰਦਿਆਂ ਕੇਜਰੀਵਾਲ ਨੇ ਕਿਹਾ ਕਿ 'ਆਪ' ਸਰਕਾਰ ਦੇ ਕਾਰਜਕਾਲ ਦੌਰਾਨ ਪੰਜਾਬ ਨੇ ਵਿਕਾਸ ਦੀਆਂ ਨਵੀਆਂ ਬੁਲੰਦੀਆਂ ਨੂੰ ਛੂਹਿਆ ਹੈ। ਉਨ੍ਹਾਂ ਕਿਹਾ ਕਿ ਪਿਛਲੀਆਂ ਅਕਾਲੀ-ਭਾਜਪਾ ਅਤੇ ਕਾਂਗਰਸ ਸਰਕਾਰਾਂ ਨੇ 75 ਸਾਲਾਂ ਵਿਚ ਜੋ ਕੰਮ ਕੀਤੇ, ਉਸ ਤੋਂ ਵੱਧ ਕੰਮ ਮਾਨ ਸਰਕਾਰ ਨੇ ਸਿਰਫ ਇਕ ਸਾਲ ਵਿਚ ਹੀ ਕਰ ਦਿੱਤੇ। ਇਸ ਚੋਣ ਵਿਚ ਦਿੱਲੀ ਦਾ ਕਈ ਵੀ ਵੱਡਾ ਕਾਂਗਰਸੀ ਨੇਤਾ ਤੁਹਾਡੇ ਤੋਂ ਵੋਟਾਂ ਮੰਗਣ ਨਹੀਂ ਆਇਆ। ਜਦੋਂ ਕਿ ਆਮ ਆਦਮੀ ਪਾਰਟੀ ਦੇ ਦੋਵੇਂ ਵੱਡੇ ਆਗੂ ਅਤੇ ਦੋਵੇਂ ਮੁੱਖ ਮੰਤਰੀ ਤੁਹਾਡੇ ਤੋਂ ਵੋਟਾਂ ਮੰਗਣ ਆਪ ਆਏ ਹਨ। ਸਾਨੂੰ ਇਕ ਮੌਕਾ ਦਿਉ। ਅਸੀਂ ਤੁਹਾਡੀਆਂ ਉਮੀਦਾਂ 'ਤੇ ਪੂਰੀ ਤਰ੍ਹਾਂ ਖਰਾ ਉਤਰਾਂਗੇ। ਰੋਡ ਸ਼ੋਅ ਦੌਰਾਨ ਲੋਕਾਂ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਉਹ 10 ਮਈ ਨੂੰ ਝਾੜੂ ਦਾ ਬਟਨ ਦਬਾ ਕੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੁਸ਼ੀਲ ਰਿੰਕੂ ਨੂੰ ਜਿਤਾਉਣ। ਉਸ ਤੋਂ ਬਾਅਦ ਤੁਹਾਡੀ ਸਾਰੀ ਜ਼ਿੰਮੇਵਾਰੀ ਖਤਮ ਹੋ ਜਾਵੇਗੀ, ਸਾਡੀ ਸ਼ੁਰੂ ਹੋ ਜਾਵੇਗੀ। ਜਲੰਧਰ ਦੇ ਲੋਕਾਂ ਨੂੰ ਭਾਵੁਕ ਅਪੀਲ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿਚ ਸਾਡੇ 92 ਵਿਧਾਇਕ ਹਨ। ਦਿੱਲੀ ਵਿੱਚ 62 ਅਤੇ ਗੋਆ ਵਿਚ ਦੋ ਵਿਧਾਇਕ ਹਨ ਅਤੇ ਰਾਜ ਸਭਾ ਵਿਚ ਸਾਡੇ 10 ਸੰਸਦ ਮੈਂਬਰ ਹਨ।

ਪਰ ਸਾਡੀ ਪਾਰਟੀ ਦਾ ਲੋਕ ਸਭਾ ਵਿੱਚ ਇੱਕ ਵੀ ਨੁਮਾਇੰਦਾ ਨਹੀਂ ਹੈ। ਤੁਹਾਡੇ ਕੋਲ 'ਆਪ ਉਮੀਦਵਾਰ ਨੂੰ ਜਿਤਾ ਕੇ ਇਤਿਹਾਸ ਰਚਣ ਦਾ ਮੌਕਾ ਹੈ। ਜੇਕਰ ਜਲੰਧਰ ਤੋਂ 'ਆਪ' ਦਾ ਉਮੀਦਵਾਰ ਇਹ ਚੋਣ ਜਿੱਤਦਾ ਹੈ ਤਾਂ ਆਮ ਆਦਮੀ ਪਾਰਟੀ ਦੇ ਨਾਲ-ਨਾਲ ਜਲੰਧਰ ਦਾ ਨਾਂਅ ਵੀ ਇਤਿਹਾਸ ਵਿਚ ਲਿਖਿਆ ਜਾਵੇਗਾ।

# ਕਣਕ ਦੀ ਨਿਰਵਿਘਨ ਖਰੀਦ ਦੇ ਨਾਲ-ਨਾਲ ਲਿਫਟਿੰਗ 'ਚ ਵੀ ਲਿਆਂਦੀ ਤੇਜ਼ੀ

**ਗੁਰਦਾਸਪੁਰ, (ਜਨਕ ਮਹਾਜਨ)**-ਜ਼ਿਲ੍ਹਾ ਗੁਰਦਾਸਪੁਰ ਦੀਆਂ ਮੰਡੀਆਂ ਵਿੱਚ ਹੁਣ ਕਣਕ ਦੀ ਲਿਫਟਿੰਗ ਵਿੱਚ ਤੇਜ਼ੀ ਲਿਆਂਦੀ ਗਈ ਹੈ। ਬੀਤੀ ਸ਼ਾਮ ਤੱਕ 424123 ਮੀਟ੍ਰਿਕ ਟਨ ਕਣਕ ਦੀ ਲਿਫਟਿੰਗ ਕਰਕੇ ਗੁਦਾਮਾਂ ਵਿੱਚ ਪਹੁੰਚਾਇਆ ਗਿਆ ਹੈ। ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਬੀਤੀ ਸ਼ਾਮ ਤੱਕ ਜ਼ਿਲ੍ਹੇ ਦੀਆਂ ਮੰਡੀਆਂ 'ਚ 614080 ਮੀਟ੍ਰਿਕ ਟਨ ਕਣਕ ਦੀ ਆਮਦ ਹੋਈ ਸੀ, ਜਿਸ ਵਿਚੋਂ 611589 ਮੀਟ੍ਰਿਕ ਟਨ ਕਣਕ ਸਰਕਾਰੀ ਖਰੀਦ ਏਜੰਸੀਆਂ ਵੱਲੋਂ ਖਰੀਦੀ ਜਾ ਚੁੱਕੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਬੀਤੀ ਸ਼ਾਮ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਪਹੁੰਚੀ ਲਗਭਗ ਸਾਰੀ ਕਣਕ ਦੀ ਫਸਲ ਖਰੀਦ ਲਈ ਗਈ ਹੈ।

ਉਨਾਂ ਦੱਸਿਆ ਕਿ ਗੁਰਦਾਸਪੁਰ ਜ਼ਿਲੇ 'ਚ 167201 ਮੀਟ੍ਰਿਕ ਟਨ ਕਣਕ ਦੀ ਖਰੀਦ ਨਾਲ ਸਰਕਾਰੀ ਏਜੰਸੀ ਪਨਗ੍ਰੇਨ ਸਭ ਤੋਂ ਮੋਹਰੀ ਬਣੀ ਹੋਈ ਹੈ। ਇਸੇ ਤਰ੍ਹਾਂ ਸਰਕਾਰੀ ਖਰੀਦ ਏਜੰਸੀ ਮਾਰਕਫੈੱਡ ਨੇ 144872 ਮੀਟ੍ਰਿਕ ਟਨ, ਪਨਸਪ ਵੱਲੋਂ 144641 ਮੀਟ੍ਰਿਕ ਟਨ, ਪੰਜਾਬ ਸਟੇਟ ਵੇਅਰਹਾਊਸ ਕਾਰਪੋਰੇਸ਼ਨ ਵੱਲੋਂ 135679 ਮੀਟ੍ਰਿਕ ਟਨ ਅਤੇ ਐੱਫ.ਸੀ.ਆਈ ਵੱਲੋਂ 19196 ਮੀਟ੍ਰਿਕ ਟਨ ਕਣਕ ਦੀ ਫਸਲ ਖਰੀਦੀ ਗਈ ਹੈ। ਡੀਸੀ ਨੇ ਦੱਸਿਆ ਕਿ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਖਰੀਦੀ ਗਈ ਕਣਕ ਦੀ ਲਿਫਟਿੰਗ ਕਰਕੇ ਗੁਦਾਮਾਂ ਵਿੱਚ ਪਹੁੰਚਾਇਆ ਜਾਵੇ ਜਿਸ ਤਹਿਤ ਲਿਫਟਿੰਗ ਦੇ ਕੰਮ ਵਿੱਚ ਵੀ ਤੇਜ਼ੀ ਆਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਕਿਸਾਨਾਂ ਵੱਲੋਂ ਮੰਡੀਆਂ 'ਚ ਲਿਆਂਦੀ ਕਣਕ ਦੀ ਫ਼ਸਲ ਦਾ ਦਾਣਾ-ਦਾਣਾ ਖ਼ਰੀਦਣ ਲਈ ਵਚਨਬੱਧ ਹੈ ਅਤੇ ਖਰੀਦ ਪ੍ਰਕਿਰਿਆ ਮੁਕੰਮਲ ਹੋਣ ਤੱਕ ਕਿਸੇ ਵੀ ਕਿਸਾਨ ਨੂੰ ਮੰਡੀਆਂ 'ਚ ਕਿਸੇ ਕਿਸਮ ਦੀ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ।

# ਡੀ ਟੀ ਐੱਫ ਨੇ ਪੰਜ ਵਿਧਾਨ ਸਭਾ ਹਲਕਿਆਂ 'ਚ ਕੀਤਾ ਝੰਡਾ ਮਾਰਚ

**ਜਲੰਧਰ (ਕੇਸਰ)**-ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਨੇ ਸ਼ਾਹਕੋਟ ਤੋਂ ਲੈ ਕੇ ਜਲੰਧਰ ਤੱਕ ਪੰਜ ਵਿਧਾਨ ਸ਼ਭਾ ਹਲਕਿਆਂ ਵਿਚ ਝੰਡਾ ਮਾਰਚ ਕਰਕੇ ਕੇਂਦਰ ਦੀ ਭਾਜਪਾ ਅਤੇ ਸੂਬੇ ਦੀ ਆਪ ਸਰਕਾਰ ਦੀਆਂ ਸਿੱਖਿਆ ਵਿਰੋਧੀ ਨੀਤੀਆਂ ਦਾ ਪਰਦਾਫਾਸ਼ ਕੀਤਾ। ਸ਼ਾਹਕੋਟ ਦੇ ਬੱਸ ਅੱਡੇਤੋਂ ਸ਼ੁਰੂ ਹੋਇਆ ਝੰਡਾ ਮਾਰਚ ਮਲਸੀਆਂ, ਕਾਂਗਣਾ, ਸਿਹਾਰੀਵਾਲ, ਗਿੱਲ, ਮੱਲੀਆਂ ਕਲਾਂ ਤੇ ਖੁਰਦ, ਤਲਵੰਡੀ ਸਲੇਮ, ਚੂਹੜ, ਉੱਗੀ, ਸਹਿਮ ਕੁੱਲੀਆਂ, ਅਵਾਣ ਖਾਲਸਾ,ਸਿੰਘਾਂ, ਕੰਗ ਸਾਹਬੂ, ਲਾਬੜਾਂ ਅਤੇ ਤਾਜਪੁਰ ਵਿਚੋਂ ਦੀ ਹੁੰਦਾ ਹੋਇਆ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਸਮਾਪਤ ਹੋਇਆ। ਸ਼੍ਰੀ ਗੁਰੂ ਰਵਿਦਾਸ ਚੌਕ ਵਿਚ 4161 ਅਧਿਆਪਕਾਂ ਵੱਲੋਂ ਆਪਣੀਆਂ ਮੰਗਾਂ ਦੇ ਹੱਕ ਵਿਚ ਕੀਤੇ ਟ੍ਰੈਫਿਕ ਜਾਮ ਦੌਰਾਨ ਡੀ.ਟੀ.ਐਫ ਨੇ ਉਨ੍ਹਾਂ ਦੀਆਂ ਮੰਗਾਂ ਦਾ ਸਮਰਥਨ ਕਰਦਿਆ ਉਨ੍ਹਾਂ ਦੇ ਸੰਘਰਸ਼ ਵਿਚ ਭਰਾਤਰੀ ਸਹਿਯੋਗ ਦੇਣ ਦਾ ਵਾਅਦਾ ਕੀਤਾ। ਪਿੰਡਾਂ ਵਿਚ ਜੁੜੇ ਇਕੱਠਾਂ ਨੂੰ ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ,ਸੀਨੀਅਰ ਮੀਤ ਪ੍ਰਧਾਨ ਸਰਵਨ ਸਿੰਘ ਔਜਲਾ,ਮੀਤ ਪ੍ਰਧਾਨ ਸੁਖਵਿੰਦਰ ਸੁੱਖੀ,ਜਨਰਲ ਸਕੱਤਰ ਬਲਬੀਰ ਲੌਂਗੋਵਾਲ,ਪ੍ਰੈਸ ਸਕੱਤਰ ਗੁਰਮੀਤ ਸਿੰਘ ਕੋਟਲੀ,ਵਿੱਤ ਸਕੱਤਰ ਜਸਵਿੰਦਰ ਸਿੰਘ,ਦਲਜੀਤ ਸਿੰਘ ਸਮਰਾਲਾ,ਰੇਸ਼ਮ ਸਿੰਘ ਬਠਿੰਡਾ,ਦਾਤਾ ਸਿੰਘ ਮਨੋਲ ਅਤੇ ਲਖਵੀਰ ਸਿੰਘ ਹਰੀਕੇ ਨੇ ਸੰਬੋਧਨ ਕੀਤਾ। ਬੁਲਾਰਿਆਂ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਅਤੇ ਪੰਜਾਬ ਦੀ ਆਪ ਸਰਕਾਰ ਸਿੱਖਿਆ ਨੀਤੀ 2020 ਲਾਗੂ ਕਰਕੇ ਸਰਕਾਰੀ ਸਿੱਖਿਆ ਨੂੰ ਤਬਾਹੀ ਵੱਲ ਲਿਜਾ ਰਹੀ ਹੈ। ਸਰਕਾਰੀ ਸਿੱਖਿਆ ਨੂੰ ਬਚਾਉਣ ਲਈ ਉਨ੍ਹਾਂ ਵਿਸ਼ਾਲ ਅਧਿਆਪਕ ਏਕਤਾ ਉਸਾਰਨ ਅਤੇ ਸਾਂਝੇ ਸੰਘਰਸ਼ ਕਰਨ ਦਾ ਸੱਦਾ ਦਿੱਤਾ। ਝੰਡਾ ਮਾਰਚ ਦੌਰਾਨ ਸੂਬਾਈ ਆਗੂ ਚਾਰ ਛੋਟੇ ਹਾਥੀਆਂ ਵਿਚ ਸਵਾਰ ਸਨ,ਜਿੰਨ੍ਹਾਂ ਉੱਪਰ ਕੇਂਦਰੀ ਤੇ ਸੂਬਾ ਸਰਕਾਰ ਦੀਆਂ ਸਿੱਖਿਆ ਵਿਰੋਧੀ ਨੀਤੀਆਂ ਦੀਆਂ ਫਲੈਕਸਾਂ ਲਗਾਈਆਂ ਹੋਈਆਂ ਸਨ। ਮੰਗਾਂ ਦਾ ਜ਼ਿਕਰ ਕਰਦੇ ਉਨ੍ਹਾਂ ਕਿਹਾ ਕਿ ਵਿਭਾਗ ਅੰਦਰ ਠੇਕਾ ਅਧਾਰਿਤ ਕਰਦੇ ਕੰਮ ਕਰਦੇ ਹਰੇਕ ਕੈਟਾਗਿਰੀ ਦੇ ਅਧਿਆਪਕਾਂ ਨੂੰ ਵਿਭਾਗ ਵਿਚ ਸ਼ਾਮਿਲ ਕਰਕੇ ਉਨ੍ਹਾਂ ਦੀਆਂ ਸੇਵਾਵਾਂ ਰੈਗੂਲਰ ਕੀਤੀਆਂ ਜਾਣ। ਸਿੱਖਿਆ ਨੀਤੀ 2020 ਨੂੰ ਰੱਦ ਕੀਤੀ ਜਾਵੇ। ਸਕੂਲ ਆਫ ਐਮੀਨੈਂਸ ਅਤੇ ਪੀ.ਐਮ ਸ਼੍ਰੀ ਸਕੂਲਾਂ ਦੀ ਸਕੀਮ ਨੂੰ ਵਾਪਿਸ ਲਿਆ ਜਾਵੇ। ਅਧਿਆਪਕਾਂ ਦੀਆਂ ਸਮੁੱਚੀਆਂ ਆਰਥਿਕ ਮੰਗਾਂ ਦਾ ਨਿਪਟਾਰਾ ਕੀਤੇ ਜਾਵੇ। ਇਸ ਮੌਕੇ ਸੁਖਪਾਲਜੀਤ ਸਿੰਘ ਮੋਗਾ,ਬਲਰਾਮ ਸ਼ਰਮਾ,ਸ਼ਬੀਰ ਖਾਨ, ਹਰਭਗਵਾਨ ਗੁਰਨੇ,ਕਰਮਜੀਤ ਤਾਮਕੋਟ,ਹਰਜਿੰਦ ਅਨੂਪਗੜ੍ਹ,ਗਗਨ ਪਾਹਵਾ,ਜਗਵੀਰਨ ਕੌਰ,ਹਰਜੀਤ ਸੁਧਾਰ,ਚਰਨਜੀਤ ਸਿੰਘ,ਜਗਵਿੰਦਰ ਫਤਿਹਗੜ੍ਹ ਸਾਹਿਬ,ਤਲਵਿੰਦਰ ਅਤੇ ਬੇਅੰਤ ਸਿੰਘ ਮਲੇਰ ਕੋਟਲਾ ਹਾਜ਼ਰ ਸਨ। ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ) ਜ਼ਿਲ੍ਹਾ ਜਲੰਧਰ ਨੇ ਭਰਾਤਰੀ ਸਹਿਯੋਗ ਦਿੰਦਿਆ ਅਧਿਆਪਕਾਂ ਨੂੰ ਚਾਹ/ਪਾਣੀ ਦਾ ਲੰਗਰ ਛਕਾਇਆ।




# ਮੋਪਡ ਚਾਲਕਾਂ ਨੂੰ ਬਚਾਉਂਦਿਆਂ ਸਫਾਰੀ ਬੰਬੀ ਨਾਲ ਜਾ ਟਕਰਾਈ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਕਾਦੀਆਂ ਤੋਂ ਬੁੱਟਰ ਕਲਾਂ ਰੋਡ ਵਿਖੇ ਮੋਪਡ ਚਾਲਕਾਂ ਨੂੰ ਬਚਾਉਂਦਿਆਂ ਇਕ ਸਫਾਰੀ ਹਾਦਸਾਗ੍ਰਸਤ ਹੋਣ ਅਤੇ ਖੇਤਾਂ ਵਿੱਚ ਜਾ ਕੇ ਬੰਬੀ ਨਾਲ ਟਕਰਾਉਣ ਦੀ ਖਬਰ ਸਾਹਮਣੇ ਆਈ ਹੈ। ਪ੍ਰਾਪਤ ਕੀਤੀ ਗਈ ਜਾਣਕਾਰੀ ਅਨੁਸਾਰ ਸਫਾਰੀ ਚਾਲਕ ਜੋ ਕਾਦੀਆਂ ਤੋਂ ਬੁੱਟਰ ਕਲਾਂ ਰੋਡ ਵੱਲ ਨੂੰ ਜਾ ਰਿਹਾ ਸੀ ਤਾਂ ਇਸ ਦੌਰਾਨ ਸਾਹਮਣੇ ਤੋਂ ਆ ਰਹੀਆਂ ਦੋ ਮੋਪਡ ਚਾਲਕਾਂ ਨੂੰ ਬਚਾਉਂਦਿਆਂ ਸਫਾਰੀ ਗੱਡੀ ਦੇ ਡਰਾਈਵਰ ਵੱਲੋਂ ਬਹਾਦਰੀ ਨਾਲ ਉਨਾਂ ਦੋਵਾਂ ਮੋਪਡ ਚਾਲਕਾਂ ਨੂੰ ਤਾਂ ਬਚਾ ਲਿਆ ਪਰ ਉਸ ਦੀ ਗੱਡੀ ਖੇਤਾਂ ਵਿੱਚ ਬਣੀ ਬੰਬੀ ਵਿਚ ਜਾ ਟਕਰਾਈ ਅਤੇ ਬੰਬੀ ਦੇ ਆਲੇ-ਦੁਆਲੇ ਹੋਈ ਚਾਰ ਦਿਵਾਰੀ ਤਹਿਸ-ਨਹਿਸ ਹੋ ਗਈ। ਇਸ ਹਾਦਸੇ ਵਿਚ ਸਫਾਰੀ ਗੱਡੀ ਦਾ ਭਾਰੀ ਨੁਕਸਾਨ ਹੋ ਗਿਆ। ਗੱਡੀ ਚਾਲਕ ਨੂੰ ਮਾਮੂਲੀ ਸੱਟਾਂ ਵੀ ਲੱਗੀਆਂ। ਆਸਪਾਸ ਦੇ ਲੋਕਾਂ ਵੱਲੋਂ ਦੱਸਿਆ ਗਿਆ ਕਿ ਗੱਡੀ ਚਾਲਕ ਦੀ ਬਹਾਦਰੀ ਨਾਲ ਇਕ ਵੱਡਾ ਹਾਦਸਾ ਹੋਣੋਂ ਟਲ ਗਿਆ। ਜੇਕਰ ਸਫਾਰੀ ਚਾਲਕ ਗੱਡੀ ਨੂੰ ਖੇਤਾਂ 'ਚ ਨਾ ਉਤਾਰਦਾ ਤਾਂ ਇਸ ਹਾਦਸੇ ਦੌਰਾਨ ਜਾਨੀ ਨੁਕਸਾਨ ਹੋ ਜਾਣਾ ਸੀ। ਡਰਾਈਵਰ ਹਰ ਇਕ ਵਿਅਕਤੀ ਵੱਲੋਂ ਤਾਰੀਫ ਕੀਤੀ ਜਾ ਰਹੀ ਹੈ।

# ਫੀਲਡ ਪੱਤਰਕਾਰ ਐਸੋਸੀਏਸ਼ਨ ਸਬ-ਡਵੀਜ਼ਨ ਬਾਬਾ ਬਕਾਲਾ ਸਾਹਿਬ ਦੀ ਚੋਣ ਮੀਟਿੰਗ



**ਬਾਬਾ ਬਕਾਲਾ ਸਾਹਿਬ (ਨਿਰਮਲ ਸਿੰਘ ਸੰਘਾ)**-ਫੀਲਡ ਪੱਤਰਕਾਰ ਐਸੋਸੀਏਸ਼ਨ, ਸਬ ਡਵੀਜ਼ਨ ਬਾਬਾ ਬਕਾਲਾ ਸਾਹਿਬ ਦੀ ਅਹਿਮ ਚੋਣ ਮੀਟਿੰਗ ਸੂਬਾ ਪ੍ਰਧਾਨ ਹਰਜੀਪ੍ਰੀਤ ਸਿੰਘ ਕੰਗ ਦੀ ਦੇਖ ਰੇਖ ਵਿੱਚ ਹੋਈ, ਜਿਸ ਵਿੱਚ ਸਬ-ਡਵੀਜ਼ਨ ਬਾਬਾ ਬਕਾਲਾ ਸਾਹਿਬ ਦੀ ਸਾਲ 2023-24 ਲਈ ਨਵੀਂ ਚੋਣ ਕਰਵਾਈ ਗਈ। ਚੋਣ ਵਿੱਚ ਉਘੇ ਲੇਖਕ ਅਤੇ ਪੱਤਰਕਾਰ ਸ਼ੈਲਿੰਦਰਜੀਤ ਸਿੰਘ ਰਾਜਨ ਨੂੰ ਲਗਾਤਾਰ 28ਵੀਂ ਵਾਰ ਐਸੋਸੀਏਸ਼ਨ ਦਾ ਸਰਬਸੰਮਤੀ ਨਾਲ ਪ੍ਰਧਾਨ ਚੁਣ ਲਿਆ ਗਿਆ। ਇਸ ਮੌਕੇ ਪ੍ਰਧਾਨਗੀ ਲਈ ਸ਼ੈਲਿੰਦਰਜੀਤ ਸਿੰਘ ਰਾਜਨ ਦਾ ਨਾਮ ਜਗੀਰ ਸਿੰਘ ਸਫਰੀ ਅਤੇ ਗੁਰਪ੍ਰੀਤ ਸਿੰਘ ਬਾਬਾ ਬਕਾਲਾ ਨੇ ਪੇਸ਼ ਕੀਤਾ, ਜਿਸਦੀ ਤਾਈਦ ਕੈਪਟਨ ਸਿੰਘ ਮਹਿਤਾ ਅਤੇ ਤਾਈਦ ਮਾਜੀਦ ਜਗਦੀਸ਼ ਸਿੰਘ ਬਮਰਾਹ ਅਤੇ ਲੱਖਾ ਸਿੰਘ ਆਜ਼ਾਦ ਨੇ ਕੀਤੀ, ਹੋਰ ਕੋਈ ਵੀ ਨਾਮ ਪੇਸ਼ ਨਾ ਹੋਣ 'ਤੇ ਸ਼ੈਲਿੰਦਰਜੀਤ ਸਿੰਘ ਰਾਜਨ ਨੂੰ ਸਰਬਸੰਮਤੀ ਨਾਲ ਮੁੜ ਤੋਂ ਪ੍ਰਧਾਨ ਚੁਣ ਲਿਆ ਗਿਆ ਅਤੇ ਬਾਕੀ ਦੇ ਅਹੁਦੇਦਾਰ ਚੁਣਨ ਦੇ ਅਧਿਕਾਰ ਵੀ ਉਨਾਂ ਨੂੰ ਦਿੱਤੇ ਗਏ। ਇਸ ਮੌਕੇ ਫੀਲਡ ਪੱਤਰਕਾਰ ਐਸੋਸੀਏਸ਼ਨ ਵੱਲੋਂ ਪਿਛਲੇ ਸਮੇਂ ਦੌਰਾਨ ਕੀਤੀਆਂ ਪ੍ਰਾਪਤੀਆਂ ਦਾ ਲੇਖਾ ਜੋਖਾ ਕੀਤਾ ਗਿਆ ਅਤੇ ਸਾਲ 2023-24 ਲਈ ਨਵੇਂ ਪ੍ਰੋਗਰਾਮ ਉਲੀਕਨ ਲਈ ਵਿਚਾਰਾਂ ਹੋਈਆਂ। ਬਾਬਾ ਬਕਾਲਾ ਸਾਹਿਬ ਤਹਿਸੀਲ ਪੱਧਰ 'ਤੇ ਪ੍ਰੈਸ ਕਲੱਬ ਬਣਾਉਣ ਅਤੇ ਤਹਿਸੀਲ ਪੱਧਰ ਦਾ ਮੌਜੂਦਾ ਪੱਤਰਕਾਰਤਾ ਦੇ ਵਿਸ਼ੇ ਤੇ ਸੈਮੀਨਾਰ ਕਰਵਾਉਣ ਸੰਬੰਧੀ ਵਿਚਾਰਾਂ ਹੋਈਆਂ। ਮਤਾ ਪਾਸ ਕੀਤਾ ਗਿਆ ਕਿ ਨਵੇਂ ਵਰ੍ਹੇ 2023-24 ਲਈ ਸਮੂਹ ਮੈਂਬਰਾਂ/ਅਹੁਦੇਦਾਰਾਂ ਨੂੰ ਨਵੇਂ ਸ਼ਨਾਖਤੀ ਕਾਰਡ ਜਾਰੀ ਕੀਤੇ ਜਾਣਗੇ, ਨਵੇਂ ਸਾਲ ਦੇ ਕੈਲੰਡਰ ਅਤੇ ਡਾਇਰੀਆਂ ਵੀ ਜਾਰੀ ਕੀਤੀਆਂ ਜਾਣਗੀਆਂ। ਫੀਲਡ ਵਿੱਚ ਕੰਮ ਕਰਨ ਵਾਲੇ ਪੱਤਰਕਾਰਾਂ ਨੇ ਦਰਪੇਸ਼ ਮੁਸ਼ਕਲਾਂ ਤੇ ਵਿਚਾਰਾਂ ਕੀਤੀਆਂ ਗਈਆਂ ਅਤੇ ਹਲਕਾ ਬਾਬਾ ਬਕਾਲਾ ਵਿੱਚ ਕੁਝ ਬੌਗਸ ਪੱਤਰਕਾਰੀ ਕਰਨ ਵਾਲੇ ਅਖੌਤੀ ਪੱਤਰਕਾਰਾਂ ਨੂੰ ਤਾੜਨਾ ਕੀਤੀ ਗਈ ਕਿ ਉਹ ਪੱਤਰਕਾਰੀ ਦੇ ਨਾਂ ਹੇਠ ਆਪਣੀਆਂ ਗਲਤ ਕਾਰਵਾਈਆਂ ਬੰਦ ਕਰਨ। ਪ੍ਰਧਾਨ ਰਾਜਨ ਨੇ ਸਮੂਹ ਭਾਈਚਾਰੇ ਦਾ ਉਨ੍ਹਾਂ ਉਪਰ ਵਿਸ਼ਵਾਸ਼ ਪ੍ਰਗਟ ਕਰਨ ਲਈ ਹਾਰਦਿਕ ਧੰਨਵਾਦ ਕੀਤਾ। ਇਸ ਮੌਕੇ ਅਤਰ ਸਿੰਘ ਤਰਸਿੱਕਾ, ਜਗਦੀਸ਼ ਸਿੰਘ ਬਮਰਾਹ, ਧਰਮਿੰਦਰ ਸਿੰਘ ਭੰਮਰਾ, ਜਗੀਰ ਸਿੰਘ ਸਫਰੀ, ਪਰਮਜੀਤ ਸਿੰਘ ਰੱਖੜਾ, ਕੈਪਟਨ ਸਿੰਘ ਮਹਿਤਾ, ਬਲਜਿੰਦਰ ਸਿੰਘ ਰੰਧਾਵਾ, ਲੱਖਾ ਸਿੰਘ ਅਜ਼ਾਦ, ਸੁਰਜੀਤ ਸਿੰਘ ਬੁਤਾਲਾ, ਬਲਵਿੰਦਰ ਸਿੰਘ ਅਠੌਲਾ, ਜੋਗਿੰਦਰ ਸਿੰਘ ਮਾਹਨਾ, ਵਰਿੰਦਰ ਬਾਊ, ਦਵਿੰਦਰ ਸਿੰਘ ਮਹਿਤਾ, ਨਿਰਮਲ ਸਿੰਘ ਸੰਘਾ, ਸਤਨਾਮ ਸਿੰਘ ਨੌਰੰਗਪੁਰੀ, ਗੁਰਪ੍ਰੀਤ ਸਿੰਘ ਬਾਬਾ ਬਕਾਲਾ, ਸੁਖਵਿੰਦਰ ਸਿੰਘ ਚਾਹਲ, ਰਣਜੀਤ ਸਿੰਘ ਸੰਧੂ, ਹਰਜੀਤ ਸਿੰਘ ਬੁਤਾਲਾ, ਸੁਰਿੰਦਰਪਾਲ ਸਿੰਘ ਲੱਡੂ, ਸੁਸ਼ੀਲ ਅਰੋੜਾ, ਰਣਜੀਤ ਸਿੰਘ ਕੰਗ, ਗੁਰਮੁੱਖ ਸਿੰਘ ਪੱਡਾ, ਰਾਜਵਿੰਦਰ ਸਿੰਘ ਮਹਿਤਾ, ਅਮਰਜੀਤ ਸਿੰਘ ਬੁੱਟਰ, ਦਿਲਰਾਜ ਸਿੰਘ ਦਰਦੀ, ਸਕੱਤਰ ਸਿੰਘ ਪੁਰੇਵਾਲ, ਗੁਰਮੇਜ ਸਿੰਘ ਸਹੋਤਾ, ਸ਼ਰਨਜੀਤ ਸਿੰਘ ਸੰਘਾ, ਕਮਲਪ੍ਰੀਤ ਸਿੰਘ ਹੈਪੀ ਆਦਿ ਪੱਤਰਕਾਰ ਹਾਜ਼ਰ ਸਨ।

# ਭਾਰਤੀ ਮਹਿਲਾ ਪਹਿਲਵਾਨਾਂ ਦੀ ਹਮਾਇਤ 'ਚ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ ਵਲੋਂ ਪ੍ਰਦਰਸ਼ਨ

**ਗੁਰਾਇਆ ( ਨਵਾਂ ਜ਼ਮਾਨਾ ਸਰਵਿਸ )** ਕੁੱਲ ਹਿੰਦ ਰਾਜ ਮੁਲਾਜਮ ਫੈਡਰੇਸ਼ਨ ਦੇ ਸੱਦੇ 'ਤੇ ਪੰਜਾਬ ਸੁਬਾਰਡੀਨੇਟ ਸਰਵਸਿਜ ਫੈਡਰੇਸ਼ਨ ਬਲਾਕ ਰੁੜਕਾ ਕਲਾਂ ਤਾਰਾ ਸਿੰਘ ਬੀਕਾ ਦੀ ਅਗਵਾਈ ਵਿੱਚ ਦਿੱਲੀ ਦੇ ਜੰਤਰ ਮੰਤਰ ਵਿਖੇ ਇਨਸਾਫ ਲਈ ਬੈਠੀਆਂ ਭਾਰਤੀ ਮਹਿਲਾ ਪਹਿਲਵਾਨਾਂ ਦੇ ਹੱਕ ਵਿੱਚ ਰੋਸ ਪ੍ਰਦਰਸਨ ਕੀਤਾ ਗਿਆ। ਇਸ ਸਮੇਂ ਸੰਬੋਧਨ ਕਰਦੇ ਹੋਏ ਪ.ਸ.ਸ.ਫ. ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ, ਜ਼ਿਲ੍ਹਾ ਜਨਰਲ ਸਕੱਤਰ ਨਿਰਮੋਲਕ ਸਿੰਘ ਹੀਰਾ ਅਤੇ ਪੈਨਸਨਰ ਆਗੂ ਕੁਲਦੀਪ ਸਿੰਘ ਕੌੜਾ ਨੇ ਮੰਗ ਕੀਤੀ ਕਿ ਸੰਸਾਰ ਵਿੱਚ ਦੇਸ਼ ਦਾ ਨਾਮ ਉੱਚਾ ਕਰਨ ਵਾਲੀਆਂ ਮਹਿਲਾ ਪਹਿਲਵਾਨ ਲੜਕੀਆਂ ਦਾ ਜਿਨਸੀ ਸ਼ੋਸ਼ਣ ਕਰਨ ਵਾਲੇ ਕੁਸ਼ਤੀ ਸੰਘ ਦੇ ਪ੍ਰਧਾਨ ਤੇ ਭਾਜਪਾ ਸੰਸਦ ਮੈਂਬਰ ਬ੍ਰਿਜ ਭੂਸ਼ਨ ਸ਼ਰਨ ਸਿੰਘ ਨੂੰ ਤੁਰੰਤ ਬਰਖਾਸਤ ਕਰਕੇ ਗ੍ਰਿਫਤਾਰ ਕੀਤਾ ਜਾਵੇ, ਔਰਤਾਂ ਖਿਡਾਰੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ। ਪ੍ਰਧਾਨ ਮੰਤਰੀ ਆਪਣੇ ਮਨ ਕੀ ਬਾਤ ਤਾਂ ਲੋਕਾਂ ਨੂੰ ਸੁਣਾਉਂਦੇ ਹਨ ਪਰ ਉਨ੍ਹਾਂ ਦੇ ਦਰਵਾਜੇ ਮੂਹਰੇ ਇਨਸਾਫ ਮੰਗਦੀਆਂ ਪਹਿਲਵਾਨ ਲੜਕੀਆਂ ਦੇ ਮਨ ਦੀ ਗੱਲ ਸੁਣਨ ਤੋਂ ਇਨਕਾਰੀ ਹਨ। ਸਗੋਂ ਫੰਡਰ ਕਮੇਟੀਆਂ ਬਣਾਕੇ ਸਰਕਾਰ ਖੇਡ ਸੰਸਾਰ ਵਿੱਚ ਮਹਿਲਾਂ ਖਿਡਾਰੀਆਂ ਨਾਲ ਹੁੰਦੇ ਧੱਕੇ ਧੋੜੇ ਦੇ ਮਸਲੇ ਨੂੰ ਮਿੱਟੀ ਰੋਲਣਾ ਚਾਹੁੰਦੀ ਹੈ ਅਤੇ ਪੁਲਸ ਦੀਆਂ ਧਾੜਾਂ ਰਾਹੀਂ ਅੰਦੋਲਨ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਸਮੇਂ ਸੁਖਵਿੰਦਰ ਰਾਮ,ਰਤਨ ਸਿੰਘ, ਬਲਵੀਰ ਸਿੰਘ ਗੁਰਾਇਆ, ਅਸ਼ੋਕ ਕੁਮਾਰ,ਦੇਵ ਰਾਜ,ਅਜੀਤ ਸਿੰਘ, ਚੰਦਰ ਸ਼ੇਖਰ, ਸੂਰਜ ਕੁਮਾਰ ਆਦਿ ਹਾਜਰ ਸਨ।

# ਪਹਿਲਵਾਨਾਂ ਦੇ ਹੱਕ ਵਿੱਚ ਮੁਲਾਜ਼ਮਾਂ ਨੇ ਕੀਤਾ ਰੋਸ ਪ੍ਰਦਰਸ਼ਨ



**ਹੁਸ਼ਿਆਰਪੁਰ, (ਬਲਵੀਰ ਸੈਣੀ)** ਭਾਰਤ ਦੇਸ਼ ਦੀ ਸ਼ਾਨ ਵਧਾਉਣ ਲਈ ਖੇਡਾਂ ਦੇ ਖੇਤਰ ਵਿੱਚ ਨਮਾਣਾ ਖੱਟਣ ਵਾਲੇ ਖਿਡਾਰੀਆਂ ਨੂੰ ਸਨਮਾਨ ਦੇਣ ਦੀ ਥਾਂ ਸੱਤਾਧਾਰੀ ਰਾਜਸੀ ਨੇਤਾਵਾਂ ਵਲੋਂ ਕੀਤੇ ਜਾ ਰਹੇ ਸ਼ੋਸ਼ਣ ਨੂੰ ਦੇਸ਼ਭਗਤ ਲੋਕ ਕਦੇ ਵੀ ਸਹਿਣ ਨਹੀਂ ਕਰਨਗੇ। ਮੋਦੀ ਸਰਕਾਰ ਵਲੋਂ ਥਾਪੇ ਗਏ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਭਾਜਪਾ ਦੇ ਮੈਂਬਰ ਪਾਰਲੀਮੈਂਟ ਬ੍ਰਿਜ ਭੂਸ਼ਣ ਵਲੋਂ ਮਹਿਲਾ ਕੁਸ਼ਤੀ ਖਿਡਾਰੀਆਂ ਨਾਲ ਜੋ ਬਦਸਲੂਕੀ ਅਤੇ ਕੀਤੇ ਗਏ ਜਿਨਸੀ ਸ਼ੋਸ਼ਣ ਕਾਰਣ ਜਿੱਥੇ ਖਿਡਾਰੀਆਂ ਦੇ ਮਨਾਂ ਨੂੰ ਠੇਸ ਪਹੁੰਚੀ ਹੈ ਉੱਥੇ ਹੀ ਪੂਰੀ ਦੁਨੀਆਂ ਅੰਦਰ ਭਾਰਤ ਦੇਸ਼ ਦੇ ਨਾਂਅ ਨੂੰ ਵੀ ਕਲੰਕਿਤ ਕੀਤਾ ਗਿਆ ਹੈ। ਇਹਨਾਂ ਭਲਵਾਨਾਂ ਵਲੋਂ ਆਪਣੀ ਸਾਖ ਨੂੰ ਬਚਾਉਣ ਅਤੇ ਭਾਜਪਾ ਦੇ ਇਸ ਐਮ ਪੀ ਨੂੰ ਅਹੁਦੇ ਤੋਂ ਹਟਾ ਕੇ ਗ੍ਰਿਫਤਾਰ ਕਰਨ ਲਈ ਮਿਤੀ 23 ਅਪ੍ਰੈਲ ਤੋਂ ਜੰਤਰ ਮੰਤਰ ਦਿੱਲੀ ਵਿਖੇ ਲਗਾਤਾਰ ਰੋਸ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਦੁੱਖ ਦੀ ਗੱਲ ਇਹ ਹੈ ਕਿ ਲੋਕਾਂ ਨੂੰ ਦੇਸ਼ ਭਗਤੀ ਦੇ ਸਰਟੀਫਿਕੇਟ ਵੰਡਣ ਵਾਲੀ ਮੋਦੀ ਸਰਕਾਰ ਵਲੋਂ ਦੇਸ਼ ਨੂੰ ਕਲੰਕਿਤ ਕਰਨ ਵਾਲੇ ਇਸ ਆਗੂ ਨੂੰ ਅਜੇ ਤੱਕ ਗ੍ਰਿਫਤਾਰ ਕਰਨ ਦੇ ਹੁਕਮ ਨਹੀਂ ਦਿੱਤੇ ਹਨ। ਇਹਨਾਂ ਭਲਵਾਨਾਂ ਦੇ ਸੰਘਰਸ਼ ਦੀ ਹਿਮਾਇਤ ਕਰਨ ਲਈ ਲਈ ਦੇਸ਼ ਦੇ ਮੁਲਾਜ਼ਮਾਂ ਦੀ ਜੱਥੇਬੰਦੀ "ਆਲ ਇੰਡਿਆ ਸਟੇਟ ਗੌਰਮਿੰਟ ਇੰਪਲਾਈਜ਼ ਫੈਡਰੇਸ਼ਨ" ਵਲੋਂ ਦੇਸ਼ ਅੰਦਰ ਵੱਖ ਵੱਖ ਸ਼ਤਾਨਾਂ ਤੇ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਹੈ। ਇਸ ਸਬੰਧੀ ਪੰਜਾਬ ਸੁਬਾਰਡੀਨੇਟ ਸਰਵਿਜ਼ਿ ਫੈਡਰੇਸ਼ਨ (ਪ.ਸ.ਸ.ਫ.) ਵਲੋਂ ਪੰਜਾਬ ਅੰਦਰ ਰੋਸ ਪ੍ਰਦਰਸ਼ਨ ਕੀ ਗਏ। ਇਸ ਸਬੰਧੀ ਪ.ਸ.ਸ.ਫ. ਸੂਬਾ ਪ੍ਰਧਾਨ ਸਤੀਸ਼ ਰਾਣਾ ਅਤੇ ਜ਼ਿਲ੍ਹਾ ਆਗੂਆਂ ਦੀ ਅਗਵਾਈ ਹੇਠ ਨਹਿਰ ਕਲੋਨੀ ਸਥਿੱਤ ਟਿਊਬਵੈਲ ਉਸਾਰੀ ਮੰਡਲ, ਪੰਜਾਬ ਜਲ ਸਰੋਤ ਇੰਪਨਅਨ (ਟੇਵੂ) ਵਲੋਂ ਸਰਕਲ ਦਫਤਰ ਵਿਖੇ ਮੁਲਾਜ਼ਮਾਂ ਵਲੋਂ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਕੇਂਦਰ ਦੀ ਮੋਦੀ ਸਰਕਾਰ ਵਿਰੁੱਧ ਜਮ ਕੇ ਨਾਅਰੇਬਾਜੀ ਕੀਤੀ ਅਤੇ ਦੋਸ਼ੀ ਪਾਰਲੀਮੈਂਟ ਮੈਂਬਰ ਨੂੰ ਫੌਰੀ ਤੌਰ 'ਤੇ ਗ੍ਰਿਫਤਾਰ ਕਰਨ ਦੀ ਮੰਗ ਕੀਤੀ। ਇਸ ਮੌਕੇ ਉਪਰੋਕਤ ਆਗੂਆਂ ਤੋਂ ਇਲਾਵਾ ਰਾਜ ਕੁਮਾਰ, ਵਰੁਣ ਭਨੋਟ, ਰਕੇਸ਼ ਕੁਮਾਰ, ਪ੍ਰੇਮ ਚੰਦ, ਮਨਵੀਰ ਕੌਰ, ਜਤਿੰਦਰ ਸਿੰਘ ਠੰਡਲ ਵੀ ਹਾਜਰ ਸਨ।

# ਪਹਿਲਵਾਨਾਂ ਦੇ ਹੱਕ 'ਚ ਸਿਹਤ ਮੁਲਾਜ਼ਮਾਂ ਨੇ ਕੀਤਾ ਰੋਸ ਪ੍ਰਦਰਸ਼ਨ



**ਬੁਲ੍ਹੋਵਾਲ, (ਵਿਰਦੀ)** ਭਾਰਤ ਦੇਸ਼ ਦੀ ਸ਼ਾਨ ਵਧਾਉਣ ਲਈ ਖੇਡਾਂ ਦੇ ਖੇਤਰ ਵਿੱਚ ਨਮਾਣਾ ਖੱਟਣ ਵਾਲੇ ਖਿਡਾਰੀਆਂ ਨੂੰ ਸਨਮਾਨ ਦੇਣ ਦੀ ਥਾਂ ਸੱਤਾਧਾਰੀ ਰਾਜਸੀ ਨੇਤਾਵਾਂ ਵਲੋਂ ਕੀਤੇ ਜਾ ਰਹੇ ਸੋਸ਼ਣ ਨੂੰ ਦੇਸ਼ ਭਗਤ ਲੋਕ ਕਦੇ ਵੀ ਸਹਿਣ ਨਹੀਂ ਕਰਨਗੇ। ਮੋਦੀ ਸਰਕਾਰ ਵਲੋਂ ਥਾਪੇ ਗਏ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਭਾਜਪਾ ਦੇ ਮੈਂਬਰ ਪਾਰਲੀਮੈਂਟ ਬ੍ਰਿਜ ਭੂਸ਼ਣ ਵਲੋਂ ਮਹਿਲਾ ਕੁਸ਼ਤੀ ਖਿਡਾਰੀਆਂ ਨਾਲ ਜੋ ਬਦਸਲੂਕੀ ਅਤੇ ਕਿਤੇ ਗਏ ਜਿਣਸੀ ਸ਼ੋਸ਼ਣ ਕਾਰਣ ਜਿੱਥੇ ਖਿਡਾਰੀਆਂ ਦੇ ਮਨਾਂ ਨੂੰ ਠੇਸ ਪਹੁੰਚੀ ਹੈ ਉੱਥੇ ਹੀ ਪੂਰੀ ਦੁਨੀਆਂ ਅੰਦਰ ਭਾਰਤ ਦੇਸ਼ ਦੇ ਨਾਂਅ ਨੂੰ ਵੀ ਕਲੰਕਿਤ ਕੀਤਾ ਗਿਆ ਹੈ। ਇਹਨਾਂ ਭਲਵਾਨਾਂ ਵਲੋਂ ਆਪਣੀ ਸਾਖ ਨੂੰ ਬਚਾਉਣ ਅਤੇ ਭਾਜਪਾ ਦੇ ਇਸ ਐਮ ਪੀ ਨੂੰ ਅਹੁਦੇ ਤੋਂ ਹਟਾ ਕੇ ਗ੍ਰਿਫਤਾਰ ਕਰਨ ਲਈ ਮਿਤੀ 23 ਅਪ੍ਰੈਲ ਤੋਂ ਜੰਤਰ ਮੰਤਰ ਦਿੱਲੀ ਵਿਖੇ ਲਗਾਤਾਰ ਰੋਸ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਦੁੱਖ ਦੀ ਗਲ ਇਹ ਹੈ ਕਿ ਲੋਕਾਂ ਨੂੰ ਦੇਸ਼ ਭਗਤੀ ਦੇ ਸਰਟੀਫਿਟ ਵੰਡਣ ਵਾਲੀ ਮੋਦੀ ਸਰਕਾਰ ਵਲੋਂ ਦੇਸ਼ ਨੂੰ ਕਲੰਕਿਤ ਕਰਨ ਵਾਲੇ ਇਸ ਆਗੂ ਨੂੰ ਅਜੇ ਤੱਕ ਗ੍ਰਿਫਤਾਰ ਕਰਨ ਦੇ ਹੁਕਮ ਨਹੀਂ ਦਿੱਤੇ ਹਨ। ਇਹਨਾਂ ਭਲਵਾਨਾਂ ਦੇ ਸੰਘਰਸ਼ ਦੀ ਹਿਮਾਇਤ ਕਰਨ ਲਈ ਲਈ ਦੇਸ਼ ਦੇ ਮੁਲਾਜ਼ਮਾਂ ਦੀ ਜੱਥੇਬੰਦੀ "ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਫੈਡਰੇਸ਼ਨ" ਵਲੋਂ ਦੇਸ਼ ਅੰਦਰ ਵੱਖ ਵੱਖ ਸ਼ਤਾਨਾਂ ਤੇ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਹੈ। ਇਸ ਸਬੰਧੀ ਪੰਜਾਬ ਸੁਬਾਰਡੀਨੇਟ ਸਰਵਿਜ਼ਿ ਫੈਡਰੇਸ਼ਨ (ਪ.ਸ.ਸ.ਫ.) ਵਲੋਂ ਪੰਜਾਬ ਅੰਦਰ ਰੋਸ ਪ੍ਰਦਰਸ਼ਨ ਕੀਤੇ ਗਏ। ਇਸ ਸਬੰਧੀ ਪ.ਸ.ਸ.ਫ. ਜ਼ਿਲ੍ਹਾ ਹੁਸ਼ਿਆਰਪੁਰ ਦੇ ਜਨਰਲ ਸਕੱਤਰ ਇੰਦਰਜੀਤ ਵਿਰਦੀ ਅਤੇ ਪੈਰਾ-ਮੈਡੀਕਲ ਯੂਨੀਅਨ ਦੇ ਆਗੂ ਗੁਰਦੇਵ ਸਿੰਘ ਦੀ ਅਗਵਾਈ ਹੇਠ ਮੁੱਢਲ ਸਿਹਤ ਕੇਂਦਰ ਚੱਕੋਵਾਲ ਵਿਖੇ ਸਿਹਤ ਮੁਲਾਜ਼ਮਾਂ ਵਲੋਂ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਕੇਂਦਰ ਦੀ ਮੋਦੀ ਸਰਕਾਰ ਵਿਰੁੱਧ ਜਮ ਕੇ ਨਾਅਰੇਬਾਜੀ ਕੀਤੀ ਅਤੇ ਦੋਸ਼ੀ ਪਾਰਲੀਮੈਂਟ ਮੈਂਬਰ ਨੂੰ ਫੌਰੀ ਤੌਰ 'ਤੇ ਗ੍ਰਿਫਤਾਰ ਕਰਨ ਦੀ ਮੰਗ ਕੀਤੀ। ਇਸ ਮੌਕੇ ਅਜੈ ਕੁਮਰਾ, ਹਰਮੇਸ਼ ਕੁਮਾਰ, ਪਰਮਪ੍ਰੀਤਪਾਲ ਕੌਰ, ਬਲਜੀਤ ਸਿੰਘ ਐਨ.ਐਚ.ਐਮ.ਆਗੂ, ਸਤੀਸ਼ ਕੁਮਾਰ ਸੀਨੀਅਰ ਸਹਾਇਕ, ਊਸ਼ਾ ਰਾਣੀ, ਗਿਆਨ ਕੌਰ, ਸਰਬਜੀਤ ਕੌਰ ਐਲ.ਐਚ.ਵੀ., ਸੁਨੀਤਾ ਰਾਣੀ ਸਟਾਫ ਨਰਸ, ਹਰਪ੍ਰੀਤ ਸਿੰਘ, ਸਤਵੀਰ ਸਿੰਘ, ਦਿਲਬਾਗ ਸਿੰਘ, ਮੇਲ ਵਰਕਰ, ਹਰਦੀਪ ਸਿੰਘ ਬੀ ਈ ਈ, ਹਰਦਿਆਲ, ਸਾਗਰਦੀਪ ਸਿੰਘ ਲੈਬ ਟੈਕਨੀਅਨ, ਬਲਜੀਤ ਕੌਰ, ਏ ਐਨ ਐਮ ਅਤੇ ਆਸ਼ਾ ਵਰਕਰਾਂ ਵੀ ਹਾਜਰ ਸਨ।

# ਮਨਰੇਗਾ ਮਜ਼ਦੂਰਾਂ ਨੂੰ ਉਨ੍ਹਾਂ ਦੇ ਹੱਕ ਚੇਤੇ ਕਰਵਾਏ

**ਨੌਸ਼ਹਿਰਾ ਮੱਝਾ ਸਿੰਘ (ਸਤਨਾਮ ਸਿੰਘ ਕਿਰਤੀ)**-ਪਿੰਡ ਨੌਸ਼ਹਿਰਾ ਮੱਝਾ ਸਿੰਘ ਵਿਖੇ ਮਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਪੰਜਾਬ ਦੇ ਮਾਝਾ ਜ਼ੋਨ ਦੇ ਮੁੱਖ ਸਲਾਹਕਾਰ ਬਲਕਾਰ ਸਿੰਘ ਦੁਧਾਲਾਂ ਦੀ ਅਗਵਾਈ ਵਿੱਚ ਲੋਕਾਂ ਦਾ ਜਾਗਰੂਕਤਾ ਕੈਂਪ ਲਗਾਇਆ ਜਿਸ ਵਿੱਚ ਪਿੰਡਾਂ ਦੇ ਮਨਰੇਗਾ ਮਜ਼ਦੂਰਾਂ ਨੂੰ ਮਨਰੇਗਾ ਕਾਨੂੰਨ ਪ੍ਰਤੀ ਜਾਗਰੂਕ ਕੀਤਾ ਗਿਆ ਅਤੇ ਲੋਕਾਂ ਨੂੰ 100 ਦਿਨ ਦੀ ਰੁਜ਼ਗਾਰ ਗਰੰਟੀ ਅਤੇ ਆਪਣੇ ਹੱਕਾਂ ਬਾਰੇ ਦੱਸਿਆ ਗਿਆ। ਉੱਥੇ ਹੀ ਕਾਮਰੇਡ ਬਲਕਾਰ ਸਿੰਘ ਦੁਧਾਲਾ ਨੇ ਕਿਹਾ ਕਿ ਸੈਂਟਰ ਦੀ ਮੋਦੀ ਸਰਕਾਰ ਵੱਲੋਂ ਮਨਰੇਗਾ ਕਾਨੂੰਨ ਦੇ ਬਜਟ ਵਿੱਚ ਕੀਤੀ ਗਈ ਕਟੌਤੀ ਨਿੰਦਣਯੋਗ ਹੈ। ਸਰਕਾਰ ਨੂੰ ਮਜ਼ਦੂਰਾਂ ਦੀ ਦਿਹਾੜੀ 303 ਰੁਪਏ ਤੋਂ ਵਧਾ ਕੇ 700 ਰੁਪੈ ਪ੍ਰਤੀ ਦਿਨ ਕਰਨੀ ਚਾਹੀਦੀ ਹੈ, ਨਾਲ ਹੀ ਉਨ੍ਹਾਂ ਨੇ ਮੰਗ ਕੀਤੀ 100 ਦਿਨ ਦੀ ਰੁਜ਼ਗਾਰ ਗਰੰਟੀ ਨੂੰ ਵਾਧਾ ਕੇ ਸਰਕਾਰ ਵੱਲੋਂ 200 ਦਿਨ ਕਰਨਾ ਚਾਹੀਦਾ ਹੈ। ਉੱਥੇ ਹੀ ਲੋਕਾਂ ਨੂੰ ਜਾਣੂ ਕਰਵਾਉਂਦੇ ਉਨ੍ਹਾਂ ਦੱਸਿਆ ਕਿ ਕੰਮ ਦੀ ਅਰਜ਼ੀ ਦੇਣ ਤੋਂ 7 ਦਿਨ ਤਕ ਕਾਮਿਆਂ ਨੂੰ ਰੁਜ਼ਗਾਰ ਦਿੱਤਾ ਜਾਣਾ ਚਾਹੀਦਾ ਹੈ ਅਤੇ 15 ਦਿਨ ਦੇ ਅੰਦਰ-ਅੰਦਰ ਕਾਮਿਆਂ ਨੂੰ ਉਨਾਂ ਦੀ ਮਜ਼ਦੂਰੀ ਦਿੱਤੀ ਜਾਣੀ ਚਾਹੀਦੀ ਹੈ। ਇਸ ਮੌਕੇ ਲਖਵਿੰਦਰ ਸਿੰਘ ਗੋਪਾਲਪੁਰ ਪ੍ਰਧਾਨ ਜ਼ਿਲ੍ਹਾ ਅੰਮ੍ਰਿਤਸਰ, ਸੇਵਾ ਸਿੰਘ ਪ੍ਰਧਾਨ ਬਲਾਕ ਮਜੀਠਾ, ਸਤਨਾਮ ਸਿੰਘ ਕਿਰਤੀ ਪ੍ਰਧਾਨ ਜ਼ਿਲ੍ਹਾ ਗੁਰਦਾਸਪੁਰ, ਮਨਦੀਪ ਸਿੰਘ ਸਰਪੰਚ ਨੌਸ਼ਹਿਰਾ ਮੱਝਾ ਸਿੰਘ, ਅਮਨਦੀਪ ਸਿੰਘ ਗਿੱਲ, ਰਾਜਬੀਰ ਸਿੰਘ ਰੰਧਾਵਾ, ਸਦੀਕ ਮਸੀਹ, ਗਰੀਬਨ ਭੱਟੀ, ਵੀਨਾ, ਊਸ਼ਾ, ਹਰਭਜਨ ਕੌਰ ਆਦਿ ਬਹੁਤ ਸਾਰੇ ਕਾਮੇ ਮੌਜੂਦ ਸਨ।



# ਗੁਰਦੁਆਰਾ ਚਰਨਕੰਵਲ ਸਾਹਿਬ ਵਿਖੇ ਲੱਗਾ ਸਾਲਾਨਾ ਜੋੜ ਮੇਲਾ



**ਪੱਟੀ (ਬਲਦੇਵ ਸਿੰਘ ਸੰਧੂ)**-ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਕਸਬਾ ਹਰੀਕੇ ਪੱਤਣ ਦੇ ਇਤਿਹਾਸਕ ਗੁਰਦੁਆਰਾ ਚਰਨਕੰਵਲ ਸਾਹਿਬ ਪਾਤਸ਼ਾਹੀ ਦੂਸਰੀ ਅਤੇ ਛੇਵੀਂ ਵਿਖੇ ਸਾਲਾਨਾ ਜੋੜ ਮੇਲਾ ਮਨਾਇਆ ਗਿਆ ਜਿਸ ਵਿੱਚ ਸੰਪਰਦਾਇ ਦਲ ਪੰਥ ਬਾਬਾ ਬਿਧੀ ਚੰਦ ਦੇ ਮੌਜੂਦਾ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ ਵਾਲੇ ਵਿਸ਼ੇਸ਼ ਤੌਰ 'ਤੇ ਪਹੁੰਚੇ। 5 ਮਈ ਤੋਂ ਆਰੰਭ ਹੋਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ। ਧਾਰਮਿਕ ਦੀਵਾਨਾ 'ਚ ਪੰਥ ਪ੍ਰਸਿੱਧ ਪ੍ਰਚਾਰਕਾਂ ਨੇ ਹਰ ਜੱਸ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਦੇਰ ਸ਼ਾਮ ਬਾਬਾ ਬਿਧੀ ਚੰਦ ਕਲੱਬ ਸੁਰਸਿੰਘ ਅਤੇ ਬਾਬਾ ਬਿਧੀ ਚੰਦ ਕਲੱਬ ਫਰੰਦੀਪੁਰ ਵਿਚਕਾਰ ਫਸਵਾਂ ਮੈਚ ਹੋਇਆ। ਬਾਬਾ ਅਵਤਾਰ ਸਿੰਘ ਦੀ ਅਗਵਾਈ ਵਿੱਚ ਨਿਹੰਗ ਸਿੰਘ ਫੌਜਾਂ ਵੱਲੋ ਮੁਹੱਲਾ ਵੀ ਕੱਢਿਆ ਗਿਆ ਜਿਸ ਦਾ ਪਿੰਡ ਵਾਸੀਆਂ ਵੱਲੋ ਗਰਮਜੋਸ਼ੀ ਨਾਲ ਸੁਆਗਤ ਕੀਤਾ ਗਿਆ। ਬੱਚਿਆਂ ਅਤੇ ਔਰਤਾਂ ਖੂਬ ਖਰੀਦੋ ਫਰੋਖਤ ਕੀਤੀ। ਸਾਰਾ ਦਿਨ ਗੁਰੂ ਦਾ ਲੰਗਰ ਅਤੁੱਟ ਵਰਤਦਾ ਰਿਹਾ। ਇਸ ਮੌਕੇ ਨੰਬਰਦਾਰ ਗੁਰਦਰਸ਼ਨ ਸਿੰਘ, ਜੁਗਿੰਦਰ ਸਿੰਘ ਗੱਟੀ ਹਰੀਕੇ, ਬਾਬਾ ਹਰਵਿੰਦਰ ਸਿੰਘ ਚਾਂਦੀ, ਜਥੇਦਾਰ ਫੂਲਾ ਸਿੰਘ, ਮਾਸਟਰ ਦਵਿੰਦਰ ਸਿੰਘ, ਸਰਬਜੀਤ ਸਿੰਘ ਸ਼ਟਰਿੰਗ ਵਾਲੇ, ਸੁਖਵਿੰਦਰ ਸਿੰਘ ਸੁਖ ਕਿੜੀਆਂ, ਲਖਵਿੰਦਰ ਸਿੰਘ ਠੇਠੀ, ਮੁਖਤਿਆਰ ਸਿੰਘ ਕਲਸੀ, ਬਲਵਿੰਦਰ ਸਿੰਘ ਹੈਡਲੂਮ ਵਾਲੇ, ਰਵਿੰਦਰ ਸਿੰਘ ਅਟਵਾਲ, ਸ਼ਮਸ਼ੇਰ ਸਿੰਘ ਹਰੀਕੇ, ਗੁਰਸੇਵਕ ਸਿੰਘ ਘੜੁੰਮ, ਦੇਸਾ ਸਿੰਘ ਗਿੱਲ, ਸੁਖਦੇਵ ਸਿੰਘ, ਮਨਜੀਤ ਸਿੰਘ, ਮਿਲਖਾ ਸਿੰਘ ਮੱਲ੍ਹੀ ਆਦਿ ਸੇਵਾਦਾਰ ਹਾਜ਼ਰ ਸਨ।

# 1984 ਦੇ ਸ਼ਹੀਦਾਂ ਦੀ ਯਾਦ 'ਚ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਵਿਖੇ ਸਜੇ ਦੀਵਾਨ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**-ਜੂਨ 1984 ਘੱਲੂਘਾਰਾ ਦੇ ਮਹਾਨ ਸ਼ਹੀਦ ਸਿੰਘਾਂ, ਸਿੰਘਣੀਆਂ ਅਤੇ ਭੁਝੰਗੀਆਂ ਦੀ ਯਾਦ ਨੂੰ ਤਾਜ਼ਾ ਕਰਦਿਆਂ ਦਮਦਮੀ ਟਕਸਾਲ ਦੇ ਮੁੱਖੀ ਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦੀ ਰਹਿਨੁਮਾਈ ਹੇਠ ਸਥਾਨਕ ਕਸਬਾ ਚੌਕ ਮਹਿਤਾ ਅਤੇ ਇਸ ਦੇ ਨਾਲ ਲੱਗਦੇ ਵੱਖ ਵੱਖ ਪਿੰਡਾਂ ਵਿਚ 6 ਤੋਂ 31 ਮਈ ਤਕ ਰੋਜ਼ਾਨਾ ਸ਼ਾਮ 6 ਤੋਂ 8 ਵਜੇ ਤਕ ਸ਼ਬਦ ਕੀਰਤਨ ਤੇ ਕਥਾ ਸਮਾਗਮ ਕਰਵਾਏ ਜਾ ਰਹੇ ਹਨ ਜਿਸ ਦੌਰਾਨ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਬੋਪਾਰਾਏ ਮੱਤੇਵਾਲ ਵਿਖੇ ਦਮਦਮੀ ਟਕਸਾਲ ਦੇ ਹਜ਼ੂਰੀ ਰਾਗੀ ਭਾਈ ਲਵਪ੍ਰੀਤ ਸਿੰਘ ਦੇ ਜਥੇ ਨੇ ਕੀਰਤਨ ਦੀ ਸੇਵਾ ਨਿਭਾਈ ਅਤੇ ਦਮਦਮੀ ਟਕਸਾਲ ਦੇ ਮੁੱਖੀ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਨੇ ਸ਼ਬਦ ਵਿਚਾਰ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਸੰਤਾਂ ਮਹਾਂਪੁਰਸ਼ਾ ਨੂੰ ਦੋਸ਼ਾਲੇ ਅਤੇ ਸਿਰੋਪਾਓ ਭੇਟ ਕੀਤੇ ਗਏ। ਇਸ ਦੌਰਾਨ ਵਿਸ਼ੇਸ਼ ਤੌਰ 'ਤੇ ਪਹੁੰਚੇ ਸੰਤ ਬਾਬਾ ਗੁਰਦੀਪ ਸਿੰਘ ਖੁਜਾਲੇ ਵਾਲੇ, ਸੰਤ ਸਮਾਜ ਦੇ ਮੁੱਖ ਬੁਲਾਰੇ ਸੰਤ ਬਾਬਾ ਗੁਰਭੇਜ ਸਿੰਘ ਖੁਜਾਲੇ ਵਾਲੇ, ਬਾਬਾ ਸੁਖਵੰਤ ਸਿੰਘ ਚੰਨਣਕੇ ਵਾਲੇ, ਸੰਤ ਬਾਬਾ ਗੁਰਦੇਵ ਸਿੰਘ ਤਰਸਿੱਕਾ ਵਾਲੇ, ਸੰਤ ਬਾਬਾ ਲਖਬੀਰ ਸਿੰਘ ਭੰਗਾਲੀ ਸਾਹਿਬ ਵਾਲੇ, ਸੰਤ ਬਾਬਾ ਗੁਰਦਿਆਲ ਸਿੰਘ ਰੋੜੀ ਸਾਹਿਬ ਵਾਲੇ, ਸੰਤ ਬਾਬਾ ਕੰਵਲਜੀਤ ਸਿੰਘ ਨਾਗੀਅਨ ਸਾਹਿਬ ਵਾਲੇ, ਬਾਬਾ ਮੇਜਰ ਸਿੰਘ ਕਾਰ ਸੇਵਾ ਟਾਹਲੀ ਵਾਲੇ, ਸੰਤ ਬਾਬਾ ਸਵਿੰਦਰ ਸਿੰਘ ਟਾਹਲੀ ਵਾਲੇ, ਦਮਦਮੀ ਟਕਸਾਲ ਦੇ ਮੁੱਖ ਬੁਲਾਰੇ ਜਥੇਦਾਰ ਭਾਈ ਸੁਖਦੇਵ ਸਿੰਘ, ਜਥੇਦਾਰ ਭਾਈ ਬੋਹੜ ਸਿੰਘ ਵਾਲੇ, ਪਿੰਸੀਪਲ ਗੁਰਦੀਪ ਸਿੰਘ, ਡਾ; ਅਵਤਾਰ ਸਿੰਘ ਬੁੱਟਰ, ਹਰਸ਼ਦੀਪ ਸਿੰਘ ਰੰਧਾਵਾ, ਭਾਈ ਪ੍ਰਭਜੋਤ ਸਿੰਘ, ਭਾਈ ਸਤਨਾਮ ਸਿੰਘ, ਗੁਰਸੇਵਕ ਸਿੰਘ ਰਣਜੀਤ ਸਿੰਘ ਬਾਠ ਰਾਣਾ, ਬਾਬਾ ਬੁਰਾਈਆ ਰਾਜਾ, ਨਰਿੰਦਰ ਸਿੰਘ ਬਾਠ, ਤਰਸੇਮ ਸਿੰਘ ਤਾਰਪੁਰ, ਜੱਸਾ ਸਿੰਘ ਅਤੇ ਬਾਬਾ ਸੁੱਖਾ ਸਿੰਘ ਆਦਿ ਆਗੂ ਵੀ ਹਾਜ਼ਰ ਸਨ।

# ਬਸਤੀ ਮਿੱਠੂ 'ਚ ਆਮ ਆਦਮੀ ਪਾਰਟੀ ਦੀ ਚੋਣ ਮੀਟਿੰਗ ਰੈਲੀ 'ਚ ਤਬਦੀਲ



**ਜਲੰਧਰ (ਸੁਰਿੰਦਰ ਕੁਮਾਰ)**-ਬਸਤੀ ਮਿੱਠੂ ਵਿੱਚ ਆਮ ਆਦਮੀ ਪਾਰਟੀ ਦੀ ਚੋਣ ਮੀਟਿੰਗ ਸੋਮਵਾਰ ਨੂੰ ਇੱਕ ਵਿਸ਼ਾਲ ਰੈਲੀ ਵਿੱਚ ਬਦਲ ਗਈ ਜਦੋਂ ਸੈਂਕੜੇ ਤੋਂ ਵੱਧ ਲੋਕ ਪਾਰਟੀ ਨੂੰ ਆਪਣਾ ਸਮਰਥਨ ਪ੍ਰਗਟ ਕਰਨ ਲਈ ਪੁੱਜੇ। ਪਾਰਟੀ ਦੇ ਜ਼ਿਲ੍ਹਾ ਸ਼ਹਿਰੀ ਪ੍ਰਧਾਨ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਹੇਠ ਇਹ ਜਨ ਸਭਾ ਕੀਤੀ ਗਈ । ਉਨ੍ਹਾਂ ਲੋਕਾਂ ਨੂੰ ਪਾਰਟੀ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਨੂੰ ਵੱਡੇ ਫਰਕ ਨਾਲ ਜਿਤਾਉਣ ਦੀ ਅਪੀਲ ਕੀਤੀ। ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ ਰਿੰਕੂ ਦੀ ਇਹ ਜਿੱਤ ਜਲੰਧਰ ਦੀ ਜਿੱਤ ਹੋਵੇਗੀ ਅਤੇ ਆਉਣ ਵਾਲੇ ਸਮੇਂ 'ਚ ਜਲੰਧਰ ਨੂੰ ਵਿਕਾਸ ਦੇ ਨਵੇਂ ਰਾਹ 'ਤੇ ਲੈ ਕੇ ਜਾਵੇਗੀ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਸਿਰਫ ਇੱਕ ਸਾਲ ਵਿੱਚ ਆਪਣੇ ਲੋਕ ਹਿੱਤ ਕਾਰਜਾਂ ਨਾਲ ਪੰਜਾਬ ਦੇ ਲੋਕਾਂ ਦਾ ਦਿਲ ਜਿੱਤ ਲਿਆ ਹੈ, ਭਾਵੇਂ ਉਹ ਭ੍ਰਿਸ਼ਟਾਚਾਰ ਹੋਵੇ ਜਾਂ ਅਮਨ-ਕਾਨੂੰਨ ਦਾ ਮੁੱਦਾ, ਸਿਰਫ ਇੱਕ ਸਾਲ ਵਿੱਚ ਹੀ ਇਸ ਦੇ ਨਤੀਜੇ ਦੇਖਣ ਨੂੰ ਮਿਲੇ ਹਨ। ਉਨ੍ਹਾਂ ਕਿਹਾ ਕਿ ਪਾਰਟੀ ਨੇ ਆਪਣੇ ਲਗਭਗ ਸਾਰੇ ਵਾਅਦੇ ਪੂਰੇ ਕਰ ਦਿੱਤੇ ਹਨ ਅਤੇ ਬਾਕੀ ਰਹਿੰਦੇ ਵਾਅਦੇ ਵੀ ਜਲਦੀ ਪੂਰੇ ਕੀਤੇ ਜਾਣਗੇ। ਇਸ ਲਈ ਇਸ ਲੋਕ ਸਭਾ ਜ਼ਿਮਨੀ ਚੋਣ ਵਿੱਚ ਪਾਰਟੀ ਨੂੰ ਜੇਤੂ ਬਣਾਉਣਾ ਸਮੇਂ ਦੀ ਮੁੱਖ ਲੋੜ ਹੈ। ਜਨ ਸਭਾ ਵਿੱਚ ਹਾਜਰ ਸਮੂਹ ਲੋਕਾਂ ਨੇ ਹੱਥ ਖੜ੍ਹੇ ਕਰਕੇ ਪਾਰਟੀ ਨੂੰ ਸਮਰਥਨ ਦਿੱਤਾ ਅਤੇ ਚੋਣ ਵਿੱਚ ਵੱਡੇ ਫਰਕ ਨਾਲ ਜਿੱਤ ਦਰਜ ਕਰਨ ਦਾ ਭਰੋਸਾ ਦਿੱਤਾ।

# ਜ਼ਿਮਨੀ ਚੋਣ 'ਚ ਯਕੀਕਨ ਭਾਜਪਾ ਦੀ ਜਿੱਤ ਹੋਵੇਗੀ : ਬਰਿੰਦਰ ਵਿੱਕੀ

**ਭਲਾਣ (ਹਰਭਜਨ ਢਿੱਲੋਂ)** ਲੋਕ ਸਭਾ ਜ਼ਿਮਨੀ ਚੋਣ ਲਈ ਭਾਜਪਾ ਜ਼ਿਲ੍ਹਾ ਪ੍ਰਧਾਨ ਅਜੈਵੀਰ ਸਿੰਘ ਲਾਲਪੁਰਾ ਦੇ ਦਿਸ਼ਾ ਨਿਰਦੇਸ਼ਾਂ 'ਤੇ ਪਾਰਟੀ ਉਮੀਦਵਾਰ ਇੰਦਰ ਇਕਬਾਲ ਸਿੰਘ ਅਟਵਾਲ ਦੀ ਚੋਣ ਰੈਲੀ ਵਿਚ ਸ਼ਾਮਲ ਹੋਣ ਸ੍ਰੀ ਅਨੰਦਪੁਰ ਸਾਹਿਬ ਸਰਕਲ ਦੇ ਭਾਜਪਾ ਆਗੂਆਂ ਦਾ ਵੱਡਾ ਕਾਫਲਾ ਗੋਹਲਣੀ ਮੰਡਲ ਦੇ ਪ੍ਰਧਾਨ ਬਰਿੰਦਰ ਵਿੱਕੀ ਦੀ ਅਗਵਾਈ ਹੇਠ ਜਲੰਧਰ ਲਈ ਰਵਾਨਾ ਹੋਇਆ। ਕਾਫਲਾ ਰਵਾਨਾ ਹੋਣ ਤੋਂ ਪਹਿਲਾਂ ਸੰਬੋਧਨ ਕਰਦੇ ਹੋਏ ਸਰਕਲ ਪ੍ਰਧਾਨ ਬਰਿੰਦਰ ਵਿੱਕੀ ਨੇ ਕਿਹਾ ਕਿ ਜਲੰਧਰ ਜ਼ਿਮਨੀ ਚੋਣਾਂ ਵਿਚ ਯਕੀਕਨ ਭਾਜਪਾ ਉਮੀਦਵਾਰ ਦੀ ਜਿੱਤ ਹੋਵੇਗੀ ਤੇ ਇਹ ਜਿੱਤ ਆਉਣ ਵਾਲੀਆਂ 2024 ਦੀਆਂ ਲੋਕ ਸਭਾ ਚੋਣਾਂ ਦੀ ਪੰਜਾਬ ਵਿਚ ਤਸਵੀਰ ਪੇਸ਼ ਕਰੇਗੀ। ਇਸ ਮੌਕੇ ਬਰਿੰਦਰ ਵਿੱਕੀ ਤੋਂ ਇਲਾਵਾ, ਕੰਵਰ ਪੋਸਵਾਲ ਜ਼ਿਲ੍ਹਾ ਸਕੱਤਰ, ਜੀਵਨ ਕੁਮਾਰ ਚੌਧਰੀ ਜਨਰਲ ਸਕੱਤਰ, ਪਰਮਜੀਤ ਸਿੰਘ ਬੌਬੀ ਜਨਰਲ ਸਕੱਤਰ ਆਦਿ ਮੌਜੂਦ ਸਨ।

# ਸ੍ਰੀ ਗੁਰੂ ਨਾਨਕ ਦੇਵ ਪਬਲਿਕ ਸੀ: ਸੈਕੰਡਰੀ ਸਕੂਲ ਦਾ ਨਤੀਜਾ ਰਿਹਾ ਸ਼ਨਦਾਰ



**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸਾਲ 2022-23 ਦੇ ਐਲਾਨੇ ਗਏ 8ਵੀਂ ਦੇ ਨਤੀਜਿਆਂ 'ਚ ਸ੍ਰੀ ਗੁਰੂ ਨਾਨਕ ਦੇਵ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਜੌੜੀਆਂ ਕਲਾਂ ਡੇਰਾ ਬਾਬਾ ਨਾਨਕ ਦਾ ਨਤੀਜਾ ਸ਼ਾਨਦਾਰ ਰਿਹਾ। ਇਸ ਸੰਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਸਕੂਲ ਦੇ ਪ੍ਰਿੰਸੀਪਲ ਪਲਵਿੰਦਰ ਕੌਰ ਬੇਦੀ ਨੇ ਦੱਸਿਆ ਕਿ ਅੱਠਵੀਂ ਜਮਾਤ ਦੀ ਵਿਦਿਆਰਥਣ ਅਨੀਸ਼ ਸ਼ਰਮਾ ਨੇ 96 ਫੀਸਦੀ, ਕਰਨਬੀਰ ਕੌਰ ਨੇ 95.1 ਅਤੇ ਏਕਮਦੀਪ ਕੌਰ ਨੇ 94.8 ਫੀਸਦੀ ਅੰਕਾਂ ਨਾਲ ਕ੍ਰਮਵਾਰ ਪਹਿਲਾ, ਦੂਸਰਾ ਅਤੇ ਤੀਸਰਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਹੀ ਅਨੁਰੀਤ ਕੌਰ, ਰਮਨਦੀਪ ਕੌਰ ਅਤੇ ਖੁਸ਼ਪ੍ਰੀਤ ਕੌਰ ਨੇ 94.4 ਫੀਸਦੀ ਅੰਕ ਹਾਸਲ ਕਰਕੇ ਚੌਥਾ ਅਤੇ ਅਵਨੀਤ ਕੌਰ, ਵੰਸ ਸਿੱਧੂ ਨੇ 94 ਫੀਸਦੀ ਅੰਕ ਲੈ ਕੇ ਪੰਜਵਾਂ ਸਥਾਨ ਹਾਸਲ ਕੀਤਾ। ਉਨ੍ਹਾਂ ਦੱਸਿਆ ਕਿ 8ਵੀਂ ਜਮਾਤ ਦੇ ਬਾਕੀ ਵਿਦਿਆਰਥੀਆਂ ਨੇ ਵੀ ਇਹ ਪ੍ਰੀਖਿਆ ਪਹਿਲੇ ਦਰਜੇ ਵਿਚ ਪਾਸ ਕੀਤੀ ਹੈ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਸਕੂਲ ਦੇ ਡਾਇਰੈਕਟਰ ਰਵੀਕਰਨ ਸਿੰਘ ਕਾਹਲੋਂ ਨੇ 8ਵੀਂ ਦੇ ਨਤੀਜਿਆਂ ਵਿੱਚ ਚੰਗੀਆਂ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਬੱਚਿਆਂ, ਉਨ੍ਹਾਂ ਦੇ ਮਾਪਿਆਂ ਤੋਂ ਇਲਾਵਾ ਵਾਇਸ ਪ੍ਰਿੰਸੀਪਲ ਭੁਪਿੰਦਰ ਸਿੰਘ, ਮੈਡਮ ਸਤਵੰਤ ਕੌਰ, ਰਣਜੀਤਾ, ਹਰਿੰਦਰ ਕੌਰ, ਅਮਨਦੀਪ ਕੌਰ, ਰਣਜੀਤ ਕੌਰ ਸਮੇਤ ਸਮੂਹ ਸਕੂਲ ਦੇ ਸਟਾਫ ਨੂੰ ਵਧਾਈ ਦਿੱਤੀ।

# ਇਪਟਾ ਕਾਰਕੁੰਨਾਂ ਦਾ ਸਥਾਨਕ ਵਸਨੀਕਾਂ ਵੱਲੋਂ ਫੁੱਲਾਂ ਦੀ ਵਰਖਾ ਨਾਲ ਸਵਾਗਤ



**ਮੁਹਾਲੀ (ਗੁਰਜੀਤ ਬਿੱਲਾ)**-ਦੇਸ਼ ਭਰ ਦੇ ਪੰਜਾਬ, ਛੱਤੀਸਗੜ੍ਹ,ਉੱਤਰ ਪ੍ਰਦੇਸ਼, ਬਿਹਾਰ, ਦਿੱਲੀ, ਮੱਧ ਪ੍ਰਦੇਸ਼, ਰਾਜਸਥਾਨ, ਕੇਰਲਾ, ਉਤਰਖੰਡ, ਆਂਧਰਾ ਪ੍ਰਦੇਸ਼, ਤਾਮਿਲਨਾਡੂ, ਤੇਲਗਾਨਾ, ਪੱਛਮੀ ਬੰਗਾਲ, ਜੰਮੂ-ਕਸ਼ਮੀਰ, ਕੇਰਲਾ, ਕਰਨਾਟਕ, ਮਹਾਰਾਸ਼ਟਰ, ਝਾਰਖੰਡ, ਰਾਜਸਥਾਨ,ਉੜੀਸਾ, ਤੇਲਗਾਨਾ, ਅਸਾਮ, ਮਨੀਪੁਰ, ਚੰਡੀਗੜ੍ਹ, ਮੁੰਬਈ, ਪਾਂਡੂਚੇਰੀ ਸੂਬੀਆਂ ਦੇ 600 ਤੋਂ ਵੱਧ ਇਪਟਾ ਕਾਰਕੁਨਾ ਦੀ ਸ਼ਮੂਲੀਅਤ ਵਾਲਾ ਇਪਟਾ ਦਾ 15ਵਾਂ ਤਿੰਨ ਰੋਜ਼ਾ ਰਾਸ਼ਟਰੀ ਸੰਮੇਲਨ ਨੀਲਾਂਬਰ-ਪੀਤਾਂਬਰ ਦੀ ਸਰਜ਼ਮੀਨ ਡਾਲਟਨਗੰਜ (ਝਾਰਖੰਡ) ਵਿਖੇ ਦੇਸ਼ ਭਰ ਦੀਆਂ ਲੋਕ-ਕਲਾਵਾਂ ਦੇ ਰੰਗ ਬਿਖੇਰਦਾ ਸਫਲਤਾ ਪੂਰਵਕ ਚੜ੍ਹਿਆ ਨੇਪਰੇ ਚੜ੍ਹਿਆ। ਇਸ ਤਿੰਨ ਰੋਜ਼ਾ ਸੰਮੇਲਨ ਦਾ ਅਗਾਜ਼ ਇਪਟਾ ਦੇ ਰਾਸ਼ਟਰੀ ਮੀਤ ਪ੍ਰਧਾਨ ਅਤੇ ਚਰਚਿੱਤ ਬਜ਼ੁਰਗ ਰੰਗਕਰਮੀ ਸ਼ਾਮਿਕ ਬੰਦੋਪਾਧਿਆ ਨੇ 15 ਨਗਾੜਿਆਂ ਦੀ ਗੂੰਜ ਵਿਚ ਕੀਤਾ। ਸੰਗਠਨਾਤਮਕ ਸੈਸ਼ਨ ਦੌਰਾਨ ਵਿਛੋੜਾ ਦੇ ਚੁੱਕੇ ਇਪਟਾ ਦੇ ਰਾਸ਼ਟਰੀ ਪ੍ਰਧਾਨ ਨਾਟਕਕਾਰ ਅਤੇ ਨਾਟ-ਨਿਰਦੇਸ਼ਕ ਰਣਬੀਰ ਸਿੰਘ, ਇਪਟਾ ਪੰਜਾਬ ਦੇ ਸਰਪ੍ਰਸਤ ਲੋਕ-ਗਾਇਕ ਅਮਰਜੀਤ ਗੁਰਦਾਸਪੁਰੀ, ਪੰਜਾਬੀ ਰੰਗਮੰਚ ਦੀ ਪਹਿਲੀ ਮਹਿਲਾ ਅਦਾਕਾਰਾ ਓਮਾ ਗੁਰਬਖਸ਼ ਸਿੰਘ, ਗੁਰਚਰਨ ਬੋਪਾਰਾਏ, ਜੇ.ਸੀ.ਪਰਿੰਦਾ ਸਮੇਤ ਹੋਰ ਦੇਸ਼ ਭਰ ਵਿਚ ਵਿਛੜ ਚੁੱਕੇ ਇਪਟਾ ਕਰਮੀਆਂ ਨੂੰ ਸ਼ਰਧਾਂਜਲੀ ਭੇਂਟ ਕਰਨ ਤੋ ਬਾਅਦ ਇਪਟਾ ਦੇ ਰਾਸ਼ਟਰੀ ਜਨਰਲ ਸਕੱਤਰ ਰਾਕੇਸ਼ ਵੇਦਾ ਨੇ ਦੇਸ਼ ਭਰ ਵਿਚ ਇਪਟਾ ਦੀਆਂ ਰੰਗਮੰਚੀ ਅਤੇ ਸਭਿਆਚਾਰਕ ਗਤੀਵਿਧੀਆਂ ਦੀ ਰਿਪੋਰਟ ਪੇਸ਼ ਕੀਤੀ।

ਬਾਅਦ ਦੁਪਹਿਰ ਭਾਰਤ ਵੱਖ-ਵੱਖ ਸੂਬਿਆਂ ਦੇ ਸੈਂਕੜੇ ਇਪਟਾ ਦੇ ਕਲਾਕਾਰਾਂ ਨੇ ਆਪੋ-ਆਪਣੇ ਪਹਿਰਾਵੇ ਵਿਚ ਲੋਕ-ਸਾਜਾਂ ਦਾ ਡਾਲਟਨਗੰਜ ਦੇ ਬਜ਼ਾਰਾਂ ਵਿਚ ਪ੍ਰਦਰਸ਼ਨ ਕੀਤਾ। ਪੰਜਾਬੀ ਪਹਿਰਾਵੇ ਵਿਚ ਬੁੱਗਚੂ ਵਜਾ ਰਿਹਾ ਇਪਟਾ, ਪੰਜਾਬ ਦਾ ਕਾਰਕੁਨ ਕਰਮਜੀਤ ਸਿੰਘ ਰਾਜਾ ਵੀ ਖਿੱਚ ਦਾ ਕੇਂਦਰ ਸੀ। ਇਸ ਦੌਰਾਨ ਸਥਾਨਕ ਵਸਨੀਕਾਂ ਵੱਲੋਂ ਸਰਬਤ ਅਤੇ ਫੁੱਲਾਂ ਦੀ ਵਰਖਾ ਨਾਲ ਸਵਾਗਤ ਕਰਨਾ ਇਪਟਾ ਕਾਰਕੁਨਾ ਦੇ ਹੌਸਲੇਂ ਬੁਲੰਦ ਕਰ ਰਿਹਾ ਸੀ। ਤਿੰਨੇ ਦਿਨ ਨੀਲਾਂਬਰ-ਪੀਤਾਂਬਰ ਲੋਕ-ਉਤਸਵ ਅਧੀਨ ਸ਼ਿਵਾ ਜੀ ਮੈਦਾਨ ਵਿਚ ਇਪਟਾ ਕਾਰਕੁਨਾਂ ਵੱਲੋਂ ਆਪਣੇ-ਆਪਣੇ ਪ੍ਰਦੇਸ਼ਾਂ ਦੇ ਲੋਕ-ਨਾਚ ਅਤੇ ਲੋਕ-ਗੀਤ ਦੀ ਪੇਸ਼ਕਾਰੀ ਕੀਤੀ। ਇਪਟਾ ਨਾਲ ਸਬੰਧਤ ਚਾਰ ਪੁਸਤਕਾਂ ਦਾ ਲੋਕ-ਅਰਪਣ ਵੀ ਕੀਤਾ ਗਿਆ। ਦੂਸਰੇ ਦਿਨ ਪਹਿਲੇ ਸ਼ੈਸ਼ਨ ਵਿਚ ਸੰਵੇਦਸ਼ੀਲ ਮਸਲਿਆ ਉਪਰ ਹਰ ਰਾਜ ਦੇ ਇਪਟਾ ਕਾਰਕੁਨਾ ਨੇ ਵੱਖ-ਵੱਖ ਸਥਾਨਾ 'ਤੇ ਚਰਚਾ ਦੌਰਾਨ 'ਨਾਟਕ ਅਤੇ ਕਲਾ ਦੇ ਹੋਰ ਰੂਪਾਂ ਵਿਚ ਵਾਤਾਵਰਣ' ਬਾਰੇ ਗੱਲ ਕਰਦੇ ਇਪਟਾ, ਪੰਜਾਬ ਦੇ ਪ੍ਰਧਾਨ, ਨਾਟਕਕਾਰ ਸੰਜੀਵਨ ਸਿੰਘ ਨੇ ਕਿਹਾ, "ਨਾਟਕ ਅਤੇ ਕਲਾ ਦੀਆਂ ਹੋਰ ਵਿਧਾਵਾਂ ਵਿਚ ਵਾਤਾਵਰਣ ਵਿਚ ਫੈਲ ਰਹੇ ਪ੍ਰਦੂਸ਼ਣ ਦੇ ਨਾਲ ਨਾਲ ਸਭਿਆਚਾਰਕ ਪ੍ਰਦੂਸ਼ਣ ਬਾਰੇ ਵੀ ਗੱਲ ਵਧੇਰੇ ਤਿੱਖੇ ਢੰਗ ਨਾਲ ਹੋਣੀ ਚਾਹੀਦੀ ਹੈ।" ਤੀਜੇ ਦਿਨ ਛੇਵੇਂ ਸ਼ੈਸ਼ਨ ਦੌਰਾਨ ਸੂਬਿਆਂ ਵੱਲੋਂ ਆਪੋ-ਆਪਣੀਆਂ ਇਪਟਾ ਇਕਾਈਆਂ ਦੀ ਗਤੀਵਿਧੀਆਂ ਦੀ ਰਿਪੋਰਟ ਪੇਸ਼ ਕੀਤੀ। ਇਸ ਤਿੰਨ ਰੋਜ਼ਾ ਰਾਸ਼ਟਰੀ ਸੰਮੇਲਨ ਦੌਰਾਨ ਇਪਟਾ, ਪੰਜਾਬ ਦੇ ਕਾਰਕੁਨ ਕੰਵਲ ਨੈਨ ਸਿੰਘ ਸੇਖੋਂ, ਅਮਨ ਭੋਗਲ, ਵਿੱਕੀ ਮਹੇਸਰੀ, ਕਿਰਤੀ ਕ੍ਰਿਪਾਲ, ਗੁਰਮੀਤ ਪਾਹੜਾ, ਕਸ਼ਮੀਰੀ ਲਾਲ ਬਜਰੌਰ, ਸਰਬਜੀਤ ਰੂਪੋਵਾਲੀ, ਅਵਤਾਰ ਸਿੰਘ, ਬੂਟਾ ਰਾਮ ਅਜ਼ਾਦ, ਸੁਰਮੀਤ ਮਾਵੀ, ਜੱਸ ਰਿਆਜ਼, ਰਮਨਦੀਪ ਸਿੰਘ, ਗੁਰਤੇਜ ਸਿੰਘ, ਗੁਰਮੀਤ ਸਿੰਘ, ਹਰਦੀਪ ਸਿੰਘ, ਜਸਪ੍ਰੀਤ ਸਿੰਘ ਨੇ ਵੀ ਡੈਲੀਗੇਟ ਵੱਜੋਂ ਸ਼ਿਰਕਤ ਕੀਤੀ।

# ਸੇਵਾ ਕੇਂਦਰ 'ਚ 4 ਨਵੀਆਂ ਸੇਵਾਵਾਂ ਸ਼ੁਰੂ : ਡਿਪਟੀ ਕਮਿਸ਼ਨਰ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਸੇਵਾ ਕੇਂਦਰਾਂ ਰਾਹੀਂ ਦਿੱਤੀਆਂ ਜਾ ਰਹੀਆਂ ਸੇਵਾਵਾਂ 'ਚ ਵਾਧਾ ਕਰਦਿਆਂ 4 ਹੋਰ ਸੇਵਾਵਾਂ ਸ਼ੁਰੂ ਕੀਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਨਵੀਂਆਂ ਸੇਵਾਵਾਂ ਵਿੱਚ ਐਚ. ਐਸ. ਆਰ. ਪੀ. (ਹਾਈ ਸਕਿਓਰਟੀ ਨੰਬਰ ਪਲੇਟਸ), ਸਿਹਤ ਤੇ ਵਹੀਕਲ ਬੀਮਾ, ਆਧਾਰ ਪੈਨ ਨਾਲ ਲਿੰਕ ਅਤੇ ਜਨਰਲ ਟਾਈਪਿੰਗ ਨਾਲ ਸਬੰਧਤ ਸੇਵਾਵਾਂ ਸ਼ਾਮਿਲ ਹਨ। ਉਨ੍ਹਾਂ ਨੇ ਦੱਸਿਆ ਹੁਣ ਐਚ. ਐਸ. ਆਰ. ਪੀ ਸਰਵਿਸ ਰਾਹੀਂ ਹਾਈ ਸਕਿਓਰਿਟੀ ਰਜਿਸਟਰੇਸ਼ਨ ਪਲੇਟਾਂ ਵੀ ਸੇਵਾ ਕੇਂਦਰ ਰਾਹੀਂ ਅਪਲਾਈ ਕੀਤੀਆਂ ਜਾ ਸਕਦੀਆਂ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ 'ਤੇ ਸਰਕਾਰੀ ਦਫ਼ਤਰਾਂ ਦੇ ਸਮੇਂ ਵਿੱਚ ਬਦਲਾਅ ਕੀਤਾ ਗਿਆ ਹੈ ਜਿਸ ਤਹਿਤ ਜ਼ਿਲ੍ਹੇ ਦੇ ਸਮੁੱਚੇ ਸਰਕਾਰੀ ਅਦਾਰੇ ਸਵੇਰੇ 7:30 ਵਜੇ ਤੋਂ ਦੁਪਹਿਰ 2:00 ਵਜੇ ਤੱਕ ਖੁੱਲ੍ਹ ਰਹੇ ਹਨ, ਪਰ ਸਮੂਹ ਸੇਵਾ ਕੇਂਦਰ ਪਹਿਲਾਂ ਵਾਂਗ ਸਵੇਰੇ 9:00 ਵਜੇ ਤੋਂ ਸ਼ਾਮ 5:00 ਵਜੇ ਤੱਕ ਲੋਕਾਂ ਨੂੰ ਸੇਵਾਵਾਂ ਮੁਹੱਈਆ ਕਰਵਾ ਰਹੇ ਹਨ।

# ਰਿੰਕੂ ਦੇ ਚੋਣ ਪ੍ਰਚਾਰ ਲਈ ਕੀਤੀਆਂ ਜਾ ਰਹੀਆਂ ਨੁੱਕੜ ਮੀਟਿੰਗਾਂ ਲੈ ਰਹੀਆਂ ਵੱਡੀਆਂ ਰੈਲੀਆਂ ਦਾ ਰੂਪ



**ਜਲੰਧਰ, (ਸ਼ੈਲੀ ਅਲਬਰਟ, ਸੁਰਿੰਦਰ ਕੁਮਾਰ)**-ਆਮ ਆਦਮੀ ਪਾਰਟੀ ਨੂੰ ਜਲੰਧਰ ਜ਼ਿਮਨੀ ਚੋਣ ਲਈ ਹਲਕੇ ਦਾ ਵੱਡੇ ਪੱਧਰ 'ਤੇ ਸਮਰਥਨ ਮਿਲ ਰਿਹਾ ਹੈ ਅਤੇ ਪਾਰਟੀ ਵਲੋਂ ਜਲੰਧਰ ਜ਼ਿਮਨੀ ਚੋਣ ਲਈ 'ਆਪ' ਉਮੀਦਵਾਰ ਰਿੰਕੂ ਲਈ ਕੀਤੇ ਜਾ ਰਹੇ ਚੋਣ ਪ੍ਰਚਾਰ ਦੌਰਾਨ ਨੁੱਕੜ ਮੀਟਿੰਗਾਂ ਵੱਡੀਆਂ ਰੈਲੀਆਂ ਦਾ ਰੂਪ ਲੈ ਰਹੀਆਂ ਹਨ। ਆਮ ਆਦਮੀ ਪਾਰਟੀ ਵਲੋਂ ਜਲੰਧਰ ਦੇ ਵਾਰਡ ਨੰਬਰ 4 ਵਿੱਚ ਐਡਵੋਕੇਟ ਜਗਰੂਪ ਸਿੰਘ ਅਤੇ ਸੀਨੀਅਰ ਆਗੂ ਦਰਸ਼ਨ ਸਿੰਘ ਸਰੀਂਹ ਦੇ ਘਰ ਹੋਈ ਨੁੱਕੜ ਮੀਟਿੰਗ ਵਿੱਚ ਐਮਐਲਏ ਇੰਦਰਜੀਤ ਕੌਰ ਮਾਨ ਸਮੇਤ ਪੰਜਾਬ ਜਲ ਸਰੋਤ ਵਿਭਾਗ ਦੇ ਚੇਅਰਮੈਨ ਰਣਜੀਤ ਸਿੰਘ ਚੀਮਾ ਅਤੇ ਸਾਬਕਾ ਕੌਂਸਲਰ ਅਸ਼ਵਨੀ ਕੋਹਲੀ ਨੇ ਸ਼ਿਰਕਤ ਕੀਤੀ। 'ਆਪ' ਦੀਆਂ ਨੀਤੀਆਂ ਨੂੰ ਲੈਕੇ ਜਲੰਧਰ ਜ਼ਿਮਨੀ ਚੋਣ ਲਈ ਹਲਕੇ ਦੇ ਲੋਕਾਂ ਵਲੋਂ ਵੱਡੇ ਪੱਧਰ 'ਤੇ ਦਿੱਤੇ ਜਾ ਰਹੇ ਸਮਰਥਨ ਕਾਰਨ ਨੁੱਕੜ ਮੀਟਿੰਗ ਨੇ ਰੈਲੀ ਦਾ ਰੂਪ ਲੈ ਲਿਆ ਅਤੇ ਵੱਡੀ ਗਿਣਤੀ ਵਿੱਚ ਵਾਰਡ ਵਾਸੀ 'ਆਪ' ਆਗੂਆਂ ਨੂੰ ਸੁਣਨ ਲਈ ਮੀਟਿੰਗ ਵਿੱਚ ਪੁੱਜੇ। ਸਮੂਹ ਵਾਰਡ ਵਾਸੀਆਂ ਨੇ 'ਆਪ' ਦੇ ਹੱਕ ਵਿੱਚ ਨਾਅਰੇਬਾਜ਼ੀ ਕੀਤੀ ਅਤੇ ਜਲੰਧਰ ਜ਼ਿਮਨੀ ਚੋਣ ਨੂੰ ਲੈਕੇ 'ਆਪ' ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਨੂੰ ਵੱਡੇ ਫ਼ਰਕ ਨਾਲ ਜਿਤਾਉਣ ਦਾ ਦਾਅਵਾ ਕੀਤਾ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਪਾਰਟੀ ਦੇ ਆਗੂਆਂ ਨੇ ਵਾਰਡ ਵਾਸੀਆਂ ਨੂੰ ਦੱਸਿਆ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਨੇ ਲੋਕਾਂ ਨਾਲ ਜੋ ਵਾਅਦੇ ਕੀਤੇ ਸੀ, ਉਹ ਇੱਕ ਇੱਕ ਕਰਕੇ ਪੂਰਾ ਕਰ ਰਹੇ ਹਾਂ। 'ਆਪ' ਦੀ ਮਾਨ ਸਰਕਾਰ ਨੇ 600 ਯੂਨਿਟ ਬਿਜਲੀ ਮੁਆਫ਼ੀ ਦਾ ਵਾਅਦਾ ਪੂਰਾ ਕੀਤਾ, ਪੰਜਾਬ ਵਿੱਚ ਮੁਹੱਲਾ ਕਲੀਨਿਕ ਖੋਲ੍ਹੇ ਜਿਸ ਨਾਲ ਲੋਕਾਂ ਨੂੰ ਮਿਆਰੀ ਸਿਹਤ ਸਹੂਲਤ ਮਿਲੀ ਹੈ। ਇਸ ਤੋਂ ਇਲਾਵਾ ਸਕੂਲਾਂ ਦੀ ਨੁਹਾਰ ਨੂੰ ਬਦਲਿਆ ਗਿਆ, ਜਿਸ ਨਾਲ ਗਰੀਬ ਬੱਚੇ ਸਰਕਾਰੀ ਸਕੂਲਾਂ ਵਿੱਚ ਹੀ ਮਿਆਰੀ ਸਿਖਿਆ ਪ੍ਰਾਪਤ ਕਰ ਰਹੇ ਹਨ। ਮੀਟਿੰਗ ਦੌਰਾਨ ਦਰਸ਼ਨ ਸਿੰਘ ਸਰੀਂਹ, ਗੁਰਸ਼ਰਨ ਸਿੰਘ, ਕੁਲਵਿੰਦਰ ਸਿੰਘ ਕਾਮਰੇਡ, ਲਾਲ ਚੰਦ ਲਾਲੀ, ਬਲਦੇਵ ਸਿੰਘ, ਅਸੀਸ ਗੁਪਤਾ, ਬਿੰਦਰ ਸਰੀਂਹ, ਗੋਪੀ ਪੰਚ, ਮਾਸਟਰ ਗਿਆਨ ਚੰਦ, ਸੋਨੂੰ, ਜਸਵੀਰ ਸਿੰਘ ਧੰਜਲ, ਸ਼ਾਂਤੀ ਸਰੂਪ ਜ਼ਿਲਾ ਸਕੱਤਰ ਐਸਸੀ ਐਸਟੀ ਵਿੰਗ, ਨਰੇਸ਼ ਕੁਮਾਰ ਸਾਬਕਾ ਐਮਸੀ, ਪਰਦੀਪ ਸਸ਼ਰਪੁਰ, ਸੁਖਵਿੰਦਰ ਗਡਵਾਲ, ਨਰਿੰਦਰ ਸ਼ਰਮਾ, ਅਸਵਨੀ ਕੋਹਲੀ, ਡਾਕਟਰ ਜੀਵਨ ਸਹੋਤਾ, ਤਰਨਪ੍ਰੀਤ ਸਿੰਘ, ਪੰਮਾ ਗਿੱਲ, ਅਮਿਤ ਕੰਵਰ, ਪਰਮਿੰਦਰ ਕੁਮਾਰ ਰੱਤੂ ਅਤੇ ਵਿੱਕੀ ਭਗਤ ਆਦਿ ਵੀ ਹਾਜ਼ਰ ਸਨ।

9-May-PAGE-4.qxd 5/8/2023 11:14 PM Page 1

ਨਵਾਂ ਜ਼ਮਾਨਾ
ਮੰਗਲਵਾਰ, 9 ਮਈ 2023

## ਮੋਦੀ-ਸ਼ਾਹ ਦੇ ਗ੍ਰਹਿ ਰਾਜ ਗੁਜਰਾਤ 'ਚ

*ਭਾਜਪਾ ਗੁਜਰਾਤ ਰਾਜ ਨੂੰ ਮਾਡਲ ਰਾਜ ਵਜੋਂ ਪ੍ਰਚਾਰਨ ਤੋਂ ਨਹੀਂ ਥੱਕਦੀ, ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਇਸ ਰਾਜ 'ਚ ਪੰਜ ਸਾਲ ਦੌਰਾਨ 40 ਹਜ਼ਾਰ ਤੋਂ ਵੱਧ ਮਹਿਲਾਵਾਂ ਦੇ ਲਾਪਤਾ ਹੋਣ ਦਾ ਅਤਿਅੰਤ ਦੁਖਦਾਈ ਇੰਕਸ਼ਾਫ ਹੋਇਆ ਹੈ। ਇਹ ਕਿਸੇ ਨੇ ਦੋਸ਼ ਨਹੀਂ ਲਾਇਆ, ਸਗੋਂ ਸਰਕਾਰੀ ਏਜੰਸੀ ਕੌਮੀ ਅਪਰਾਧ ਰਿਕਾਰਡ ਬਿਊਰੋ ਦੇ ਅੰਕੜੇ ਦੱਸਦੇ ਹਨ। ਅੰਕੜਿਆਂ ਮੁਤਾਬਕ 2016 ਵਿਚ 7105, 2017 ਵਿਚ 7712, 2018 ਵਿਚ 9246 ਤੇ 2019 ਵਿਚ 9268 ਮਹਿਲਾਵਾਂ ਲਾਪਤਾ ਹੋਈਆਂ। 2020 ਵਿਚ 8290 ਮਹਿਲਾਵਾਂ ਦੇ ਲਾਪਤਾ ਹੋਣ ਦੀ ਸੂਚਨਾ ਮਿਲੀ ਸੀ, ਜਿਸ ਦੇ ਬਾਅਦ ਕੁਲ ਗਿਣਤੀ 41621 ਹੋ ਗਈ। ਰਾਜ ਸਰਕਾਰ ਨੇ 2021 ਵਿਚ ਵਿਧਾਨ ਸਭਾ 'ਚ ਦਿੱਤੇ ਬਿਆਨ ਵਿਚ ਕਿਹਾ ਸੀ ਕਿ ਅਹਿਮਦਾਬਾਦ ਤੇ ਵਡੋਦਰਾ 'ਚ ਸਿਰਫ ਇਕ ਸਾਲ (2019-2020) ਵਿਚ 4722 ਮਹਿਲਾਵਾਂ ਲਾਪਤਾ ਹੋ ਗਈਆਂ ਸਨ।*

*ਅੰਗਰੇਜ਼ੀ ਅਖਬਾਰ 'ਦੀ ਨਿਊ ਇੰਡੀਅਨ ਐਕਸਪ੍ਰੈੱਸ' ਵਿਚ ਪ੍ਰਕਾਸ਼ਤ ਰਿਪੋਰਟ ਮੁਤਾਬਕ ਸਾਬਕਾ ਆਈ ਪੀ ਐੱਸ ਅਧਿਕਾਰੀ ਤੇ ਗੁਜਰਾਤ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੇ ਮੈਂਬਰ ਸੁਧੀਰ ਸਿਨਹਾ ਦਾ ਕਹਿਣ ਹੈ—ਕੁਝ ਲਾਪਤਾ ਵਿਅਕਤੀਆਂ ਦੇ ਮਾਮਲਿਆਂ 'ਚ ਮੈਂ ਦੇਖਿਆ ਹੈ ਕਿ ਕੁੜੀਆਂ ਤੇ ਮਹਿਲਾਵਾਂ ਨੂੰ ਕਦੇ-ਕਦੇ ਗੁਜਰਾਤ ਦੇ ਇਲਾਵਾ ਹੋਰਨਾਂ ਰਾਜਾਂ 'ਚ ਘੱਲਿਆ ਜਾਂਦਾ ਹੈ ਤੇ ਜਿਸਮ-ਫਰੋਸ਼ੀ ਲਈ ਮਜਬੂਰ ਕੀਤਾ ਜਾਂਦਾ ਹੈ। ਪੁਲਸ ਦੀ ਇਹ ਸਮੱਸਿਆ ਹੈ ਕਿ ਉਹ ਗੁੰਮਸ਼ੁਦਗੀ ਦੇ ਮਾਮਲਿਆਂ ਨੂੰ ਗੰਭੀਰਤਾ ਨਾਲ ਨਹੀਂ ਲੈਂਦੀ। ਅਜਿਹੇ ਮਾਮਲੇ ਹੱਤਿਆ ਨਾਲੋਂ ਵੀ ਗੰਭੀਰ ਹੁੰਦੇ ਹਨ, ਕਿਉਂਕਿ ਜਦ ਕੋਈ ਬੱਚਾ ਲਾਪਤਾ ਹੋ ਜਾਂਦਾ ਹੈ ਤਾਂ ਮਾਂ-ਬਾਪ ਆਪਣੇ ਬੱਚੇ ਲਈ ਵਰ੍ਹਿਆਂ ਤੱਕ ਉਡੀਕ ਕਰਦੇ ਹਨ। ਇਸ ਕਰਕੇ ਗੁੰਮਸ਼ੁਦਗੀ ਦੇ ਮਾਮਲਿਆਂ ਦੀ ਹੱਤਿਆ ਦੇ ਮਾਮਲਿਆਂ ਵਾਂਗ ਸਖਤੀ ਨਾਲ ਜਾਂਚ ਹੋਣੀ ਚਾਹੀਦੀ ਹੈ। ਗੁੰਮਸ਼ੁਦਾ ਲੋਕਾਂ ਦੇ ਮਾਮਲਿਆਂ ਦੀ ਪੁਲਸ ਵੱਲੋਂ ਅਣਦੇਖੀ ਕੀਤੀ ਜਾਂਦੀ ਹੈ, ਕਿਉਂਕਿ ਉਹ ਜਾਂਚ ਬ੍ਰਿਟਿਸ਼ ਕਾਲ ਦੇ ਤਰੀਕੇ ਨਾਲ ਕਰਦੀ ਹੈ।*

*ਸਾਬਕਾ ਐਡੀਸ਼ਨਲ ਡੀ ਜੀ ਪੀ ਡਾ. ਰਾਜਨ ਪ੍ਰਿਅਦਰਸ਼ੀ ਨੇ ਕਿਹਾ ਕਿ ਕੁੜੀਆਂ ਦੇ ਲਾਪਤਾ ਹੋਣ ਲਈ ਮਨੁੱਖੀ ਤਸਕਰੀ ਜ਼ਿੰਮੇਦਾਰ ਹੈ। ਆਪਣੇ ਕਾਰਜਕਾਲ 'ਚ ਮੈਂ ਦੇਖਿਆ ਹੈ ਕਿ ਲਾਪਤਾ ਮਹਿਲਾਵਾਂ ਨੂੰ ਮਨੁੱਖੀ ਤਸਕਰ ਗਰੋਹ ਵੱਲੋਂ ਚੁੱਕਿਆ ਜਾਂਦਾ ਹੈ, ਜਿਹੜੇ ਉਨ੍ਹਾਂ ਨੂੰ ਦੂਜੇ ਰਾਜਾਂ ਵਿਚ ਲਿਜਾ ਕੇ ਵੇਚ ਦਿੰਦੇ ਹਨ। ਉਨ੍ਹਾ ਕਿਹਾ—ਜਦ ਮੈਂ ਖੇੜਾ ਜ਼ਿਲ੍ਹੇ 'ਚ ਐੱਸ ਪੀ ਸਾਂ ਤਾਂ ਯੂ ਪੀ ਦੇ ਇਕ ਵਿਅਕਤੀ, ਜੋ ਜ਼ਿਲ੍ਹੇ 'ਚ ਮਜ਼ਦੂਰੀ ਕਰਦਾ ਸੀ, ਨੇ ਇਕ ਗਰੀਬ ਕੁੜੀ ਚੁੱਕ ਲਈ ਤੇ ਯੂ ਪੀ ਲਿਜਾ ਕੇ ਵੇਚ ਦਿੱਤੀ, ਜਿਥੇ ਉਸ ਨੂੰ ਖੇਤ ਮਜ਼ਦੂਰ ਵਜੋਂ ਕੰਮ 'ਤੇ ਲਾਇਆ ਗਿਆ ਸੀ। ਅਸੀਂ ਉਸ ਨੂੰ ਛੁਡਾਉਣ ਵਿਚ ਸਫਲ ਰਹੇ, ਪਰ ਕਈ ਮਾਮਲਿਆਂ 'ਚ ਅਜਿਹਾ ਨਹੀਂ ਹੁੰਦਾ।*

*ਕੌਮੀ ਅਪਰਾਧ ਰਿਕਾਰਡ ਬਿਊਰੋ ਦੇ ਅੰਕੜਿਆਂ ਤੋਂ ਸਾਫ ਹੈ ਕਿ ਗੁਜਰਾਤ ਵਿਚ ਧੀਆਂ ਤੇ ਮਹਿਲਾਵਾਂ ਸੁਰੱਖਿਅਤ ਨਹੀਂ। ਭਾਜਪਾ ਵਾਲੇ ਅੱਜਕੱਲ੍ਹ 'ਕੇਰਲਾ ਫਾਈਲਜ਼' ਨਾਂਅ ਦੀ ਫਿਲਮ ਦਾ ਹਵਾਲਾ ਦੇ ਕੇ ਪ੍ਰਚਾਰ ਕਰ ਰਹੇ ਹਨ ਕਿ 32 ਹਜ਼ਾਰ ਤੋਂ ਵੱਧ ਮਹਿਲਾਵਾਂ ਨੂੰ ਸੀਰੀਆ ਲਿਜਾਇਆ ਗਿਆ ਹੈ, ਪਰ ਉਨ੍ਹਾਂ ਗੁਜਰਾਤ ਤੋਂ ਲਾਪਤਾ ਹੋਈਆਂ ਮਹਿਲਾਵਾਂ ਬਾਰੇ ਚੁੱਪ ਵੱਟੀ ਹੋਈ ਹੈ। ਗੁਜਰਾਤ ਕਾਂਗਰਸ ਦਾ ਕਹਿਣਾ ਹੈ ਕਿ ਨਾਰੀ ਸ਼ਕਤੀ ਦਾ ਨਾਅਰਾ ਜ਼ੋਰ-ਸ਼ੋਰ ਨਾਲ ਲਾਉਣ ਵਾਲੀ ਭਾਜਪਾ ਦੇ ਆਗੂ ਕੇਰਲਾ ਦੀਆਂ ਮਹਿਲਾਵਾਂ ਦੀ ਗੱਲ ਕਰਦੇ ਹਨ, ਪਰ ਆਪਣੇ ਗਿਰੇਬਾਨ 'ਚ ਨਹੀਂ ਝਾਕਦੇ।*

# ਪ੍ਰੋਫੈਸਰਾਂ ਤੋਂ ਸੱਖਣੇ ਕਾਲਜ ਨਿਯੁਕਤੀਆਂ ਦੀ ਉਡੀਕ 'ਚ

**ਮੇਜਰ ਸਿੰਘ ਨਾਭਾ**

ਆਪ ਸਰਕਾਰ ਨੇ ਸਿੱਖਿਆ ਅਤੇ ਸਿਹਤ ਦੇ ਸੁਧਾਰ ਦੇ ਮੁੱਦਿਆਂ ਨੂੰ ਪਹਿਲ ਦੇਣ ਦੀ ਗੱਲ ਸ਼ੁਰੂ 'ਚ ਕਹੀ ਸੀ, ਪਰ ਸਾਲ ਲੰਘਣ ਤੋਂ ਵੀ ਬਾਅਦ ਦੋਵਾਂ ਮਹਿਕਮਿਆਂ ਦੇ ਸੁਧਾਰ ਕਰਨ ਵਾਲੀ ਕੋਈ ਠੋਸ ਪਾਲਿਸੀ ਸਾਹਮਣੇ ਨਹੀਂ ਆਈ । ਮੁਹੱਲਾ ਕਲੀਨਕ ਖੋਲ੍ਹਣ ਨਾਲ ਮਰੀਜ਼ਾਂ ਲਈ ਪੂਰੀਆਂ ਸਹੂਲਤਾਂ ਸਥਾਈ ਤੌਰ 'ਤੇ ਸਾਰਿਆਂ ਨੂੰ ਦੇਣਾ ਸੰਭਵ ਨਹੀਂ ਹੋਵੇਗਾ, ਕਿਉਂਕਿ ਪੰਜਾਬ 'ਚ ਪਿਛਲੀਆਂ ਸਰਕਾਰਾਂ ਨੇ ਲੋਕਾਂ ਦੀਆਂ ਸਹੂਲਤਾਂ ਲਈ ਬਹੁਤ ਸਾਰੇ ਨਵੇਂ ਪ੍ਰਾਜੈਕਟ ਸਾਹਮਣੇ ਲਿਆਂਦੇ, ਪਰ ਉਹ ਜਾਂ ਤਾਂ ਉਸੀ ਸਰਕਾਰ ਦੇ ਸਮੇਂ ਜਾਂ ਅਗਲੀ ਸਰਕਾਰ ਦੇ ਸਮੇਂ ਹੀ ਬੰਦ ਹੁੰਦੇ ਰਹੇ ਹਨ, ਜਿਵੇਂ ਪਿੰਡਾਂ ਲਈ ਸਹੂਲਤ ਦੇਣ ਲਈ, ਫੋਕਲ ਪੁਆਇੰਟ, ਪਟਵਾਰਖਾਨੇ, ਹੈਲਥ ਸੈਂਟਰ, ਸੁਵਿਧਾ ਕੇਂਦਰ, ਆਦਰਸ਼ , ਮੈਰੀਟੋਰੀਅਸ ਸਕੂਲ਼ਾਂ ਆਦਿ ਦਾ ਹਾਲ ਸਾਹਮਣੇ ਹੀ ਹੈ । ਸਿੱਖਿਆ ਸੁਧਾਰ ਨੂੰ ਪਹਿਲ ਦੇਣ ਦੀ ਆਪ ਸਰਕਾਰ ਗੱਲ ਕਰਦੀ ਹੈ ਤਾਂ ਪੰਜਾਬ ਦੇ ਯੂਥ ਨੂੰ ਉਚੇਰੀ ਸਿੱਖਿਆ ਦੇਣ ਲਈ ਪ੍ਰੋਫੈਸਰਾਂ ਦੀ ਘਾਟ ਨੂੰ ਸਰਕਾਰ ਤੁਰੰਤ ਪੂਰਾ ਕਰੇ ਤਾਂ ਕਿ ਉਹ ਪੰਜਾਬ ਅੰਦਰ ਰਹਿ ਕੇ ਕੋਈ ਰੁਜ਼ਗਾਰ ਪ੍ਰਾਪਤ ਕਰ ਸਕਣ, ਜਿਸ ਨਾਲ ਤੇਜ਼ੀ ਨਾਲ ਯੂਥ ਦੇ ਹੋ ਰਹੇ ਪ੍ਰਵਾਸ ਨੂੰ ਰੋਕ ਕੇ ਰੰਗਲੇ ਪੰਜਾਬ ਦੀ ਗੱਲ ਹੋ ਸਕਦੀ ਹੈ, ਫੋਕੇ ਨਾਅਰਿਆਂ ਜਾਂ ਵਾਅਦਿਆਂ ਨਾਲ ਕੁਝ ਨਹੀਂ ਸੰਵਰਨਾ।

ਪੰਜਾਬ ਦੇ ਸਰਕਾਰੀ ਕਾਲਜਾਂ ਅੰਦਰ ਦੋ ਦਹਾਕੇ ਤੋਂ ਵੱਧ ਸਮੇਂ ਤੋਂ ਪ੍ਰੋਫੈਸਰਾਂ ਦੀ ਰੈਗੂਲਰ ਭਰਤੀ ਨਹੀਂ, ਕਈ ਵਿਭਾਗਾਂ ਦੇ ਮੁਖੀ ਦਾ ਕੰਮ ਵੀ ਫੈਕਲਟੀ ਅਧਿਆਪਕ ਕਰ ਰਹੇ ਹਨ, ਇਸ ਤਰ੍ਹਾਂ ਦਾ ਵਰਤਾਰਾ ਉਚੇਰੀ ਸਿੱਖਿਆ ਦੇ ਮਿਆਰ ਨੂੰ ਜ਼ਰੂਰ ਢਾਹ ਲਾ ਰਿਹਾ ਹੈ। ਸਰਕਾਰੀ ਕਾਲਜਾਂ ਵਿੱਚ ਲੰਬੇ ਸਮੇਂ ਤੋਂ ਰੈਗੂਲਰ ਅਸਿਸਟੈਂਟ ਪ੍ਰੋਫੈਸਰਾਂ/ਪ੍ਰੋਫੈਸਰਾਂ ਦੀ ਭਰਤੀ ਨਾ ਹੋਣ ਤੇ ਉਚੇਰੀ ਸਿੱਖਿਆ ਦੇ ਡਿੱਗ ਰਹੇ ਮਿਆਰ ਨੂੰ ਉੱਚਾ ਚੁੱਕਣ ਲਈ ਪਿਛਲੀ ਸਰਕਾਰ ਵੱਲੋਂ 19 ਅਕਤੂਬਰ 2021 ਨੂੰ ਖਾਲੀ ਆਸਾਮੀਆਂ ਭਰਨ ਦੇ ਐਲਾਨ ਨੂੰ ਅਮਲੀ ਰੂਪ ਦਿੰਦੇ ਹੋਏ 1158 ਅਸਾਮੀਆਂ ਜਿਨ੍ਹਾਂ ਵਿੱਚ 1091 ਅਸਿਸਟੈਂਟ ਪ੍ਰੋਫੈਸਰਾਂ ਅਤੇ ਬਾਕੀ ਦੀਆਂ ਲਾਇਬਰੇਰੀਅਨ ਭਰਨ ਦਾ ਇਸ਼ਤਿਹਾਰ ਨਾਲੋ-ਨਾਲ ਜਾਰੀ ਕਰ ਦਿੱਤਾ ਸੀ, ਜੋ ਕਿ ਇਨ੍ਹਾਂ ਆਸਾਮੀਆਂ ਨੂੰ ਉਡੀਕ ਰਹੇ ਯੋਗ ਉਮੀਦਵਾਰਾਂ ਲਈ ਖੁਸ਼ੀ ਵਾਲੀ ਗੱਲ ਸੀ । ਇਹ ਭਰਤੀ ਯੂ.ਜੀ.ਸੀ. ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰਾਂ ਦੀ ਅਗਵਾਈ ਵਿੱਚ ਕਮੇਟੀਆਂ ਬਣਾ ਕੇ ਭਰਤੀ ਨਿਰੋਲ ਲਿਖਤੀ ਟੈਸਟ ਦੇ ਆਧਾਰ 'ਤੇ ਤੇਜ਼ੀ ਨਾਲ 45 ਦਿਨਾਂ 'ਚ ਕਰਨ ਦੀ ਵਧੀਆ ਗੱਲ ਕੀਤੀ ਸੀ। ਇਸ਼ਤਿਹਾਰ ਦੀ ਚੋਣ ਪ੍ਰਕ੍ਰਿਆ ਮੁਤਾਬਿਕ ਸਰਕਾਰੀ ਕਾਲਜਾਂ ਦੇ ਗੈਸਟ ਫੈਕਲਟੀ, ਪਾਰਟ ਟਾਈਮ, ਠੇਕਾ ਆਧਾਰਤ ਕਾਲਜ ਅਧਿਆਪਕਾਂ ਨੂੰ ਇੱਕ ਸੈਸ਼ਨ ਦੇ ਤਜਰਬੇ ਦਾ ਇੱਕ ਨੰਬਰ ਅਤੇ ਵੱਧ ਤੋਂ ਵੱਧ ਪੰਜ ਅੰਕ ਲਿਖਤੀ ਟੈਸਟ ਦੇ ਅੰਕਾਂ 'ਚ ਵਾਧਾ ਲੈ ਸਕਣਗੇ । ਇਸ ਲਈ ਇਹ ਟੀਚਿੰਗ ਤਜਰਬੇ ਨੂੰ ਦੋ ਦਹਾਕਿਆਂ ਤੋਂ ਕੰਮ ਕਰ ਰਹੇ ਗੈਸਟ ਫੈਕਲਟੀ/ਪਾਰਟ ਟਾਈਮ ਅਧਿਆਪਕਾਂ ਆਦਿ ਨੂੰ ਹਮਦਰਦੀ ਵਜੋਂ ਦੇਣ ਦੇ ਸਰਕਾਰ ਦੇ ਫੈਸਲੇ ਨੂੰ ਕਾਨੂੰਨੀ ਪੱਖਾਂ ਤੋਂ ਚੰਗੀ ਤਰ੍ਹਾਂ ਨਾ ਵਿਚਾਰੇ ਜਾਣ ਕਾਰਨ ਸਾਰੀ ਭਰਤੀ ਪ੍ਰਕ੍ਰਿਆ ਮੁਕੰਮਲ ਹੋਣ ਉਪਰੰਤ ਇਸ਼ਤਿਹਾਰ 'ਚ ਇਕੱਲੇ ਸਰਕਾਰੀ ਕਾਲਜ ਦੇ ਤਜ਼ਰਬੇ ਦੀ ਸ਼ਬਦਾਵਲੀ ਨੇ ਬਾਅਦ 'ਚ ਕਈ ਉਲਝਣਾਂ ਪੈਦਾ ਕਰ ਦਿੱਤੀਆਂ ਸਨ । ਪੰਜਾਬੀ ਯੂਨੀਵਰਸਿਟੀ ਅਧੀਨ ਚੱਲ ਰਹੇ ਕਾਲਜਾਂ 'ਚ ਪੜ੍ਹਾ ਰਹੇ ਅਧਿਆਪਕਾਂ ਵੱਲੋਂ ਉਨ੍ਹਾਂ ਦੇ ਤਜਰਬੇ ਨੂੰ ਸਕਰੂਟਿੰਗ ਸਮੇਂ ਨਾ ਮੰਨਣ ਕਾਰਨ ਉਨ੍ਹਾਂ ਨੇ ਮਾਣਯੋਗ ਹਾਈ ਕੋਰਟ ਵਿੱਚ ਪਟੀਸ਼ਨਰ ਵਜੋਂ ਰਿੱਟ ਪਾ ਕੇ ਭਰਤੀ ਪ੍ਰਕ੍ਰਿਆ 'ਚ ਰੋਕ ਲਗਵਾ ਦਿੱਤੀ ਸੀ । ਇਸੇ ਤਰ੍ਹਾਂ ਕਈ ਅਸਫਲ ਉਮੀਦਵਾਰਾਂ ਨੇ ਹੋਰ ਕਈ ਤਰ੍ਹਾਂ ਦੀਆਂ ਰਿੱਟਾਂ ਪਾ ਕੇ ਇਸ ਪ੍ਰਕ੍ਰਿਆ ਨੂੰ ਰੁਕਵਾ ਹੀ ਦਿੱਤਾ । ਸਰਕਾਰ ਨੇ ਬਾਅਦ 'ਚ ਸਾਰੀ ਪ੍ਰਕ੍ਰਿਆ ਮੁਕੰਮਲ ਹੋਣ 'ਤੇ ਪੰਜ ਅੰਕਾਂ ਵਾਲੇ ਫੈਸਲੇ ਨੂੰ ਵਾਪਸ ਲੈਣ ਦਾ ਪਬਲਿਕ ਨੋਟਿਸ ਰਾਹੀਂ ਸ਼ੋਧ-ਪੱਤਰ ਜਾਰੀ ਕਰਕੇ ਮਸਲੇ ਨੂੰ ਹੱਲ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਨੂੰ ਕੋਈ ਬੂਰ ਨਾ ਪਿਆ, ਪਰ ਮਾਣਯੋਗ ਹਾਈ ਕੋਰਟ ਨੇ ਨੌਂ ਮਹੀਨਿਆਂ ਬਾਅਦ 8 ਅਗਸਤ 2022 ਨੂੰ ਇਸ ਭਰਤੀ ਨੂੰ ਰੱਦ ਕਰਨ ਦਾ ਫੈਸਲਾ ਸੁਣਾ ਕੇ 1158 ਪਰਵਾਰਾਂ ਦੀਆਂ ਆਸਾਂ 'ਤੇ ਪਾਣੀ ਫੇਰ ਦਿੱਤਾ, ਜਿਨ੍ਹਾਂ ਨੂੰ ਆਸ ਸੀ ਕਿ ਉੱਚ ਅਦਾਲਤ ਸਿੱਖਿਆ ਦੇ ਡਿੱਗ ਰਹੇ ਮਿਆਰ ਨੂੰ ਬਚਾਉਣ ਲਈ ਸਫਲ ਉਮੀਦਵਾਰਾਂ ਦੇ ਹੱਕ 'ਚ ਫੈਸਲਾ ਦੇਵੇਗੀ । ਪਿਛਲੀ ਸਰਕਾਰ ਸਮੇਂ 1158 ਅਸਿਸਟੈਂਟ ਪ੍ਰੋਫੈਸਰਾਂ ਅਤੇ ਲਾਇਬ੍ਰੇਰੀਅਨ ਦੀ ਭਰਤੀ ਸਮੇਂ ਬਹੁਤ ਸਾਰੇ ਸਫਲ ਉਮੀਦਵਾਰ ਆਪਣੀਆਂ ਪਿਛਲੀਆਂ ਨੌਕਰੀਆਂ ਤੋਂ ਵਿਭਾਗ ਦੇ ਕਹਿਣ 'ਤੇ ਅਸਤੀਫੇ ਦੇ ਕੇ ਚਾਅ ਨਾਲ ਨਵੀਂ ਨਿਯੁਕਤੀ ਹੋਣ ਕਾਰਨ ਨਵੀਂ ਨੌਕਰੀ ਹਾਸਲ ਕਰਕੇ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਕਰਨ ਦੀ ਸੋਚ ਰਹੇ ਸਨ, ਪਰ ਇਹ ਕੰਮ ਉੱਚ-ਅਦਾਲਤ ਦੇ ਆਦੇਸ਼ਾਂ ਅਨੁਸਾਰ ਐਨ ਮੌਕੇ 'ਤੇ ਰੋਕ ਦਿੱਤਾ ਗਿਆ ।

ਪੰਜਾਬ ਅੰਦਰ ਨਵੀਂ ਬਣੀ ਸਰਕਾਰ ਵੱਲੋਂ ਸਿਹਤ ਅਤੇ ਸਿੱਖਿਆ ਦੇ ਮਹੱਤਵਪੂਰਨ ਮੁੱਦੇ ਪਹਿਲ ਦੇ ਆਧਾਰ 'ਤੇ ਹੱਲ ਕਰਨ ਲਈ ਰੱਖੇ ਗਏ, ਜਿਨ੍ਹਾਂ 'ਚੋਂ ਉਚੇਰੀ ਸਿੱਖਿਆ ਦੇ ਡਿੱਗ ਰਹੇ ਮਿਆਰ ਨੂੰ ਬਚਾਉਣਾ ਵੀ ਅਹਿਮ ਮੁੱਦਾ ਹੈ, ਜੋ ਨੌਜਵਾਨਾਂ ਅਤੇ ਰੁਜ਼ਗਾਰ ਨਾਲ ਜੁੜਿਆ ਹੋਇਆ ਹੈ । ਇਸ ਵਿਭਾਗ ਦੇ ਸਿੱਖਿਆ ਮੰਤਰੀ ਵੀ ਨੌਜਵਾਨ ਅਤੇ ਚੰਗੇ ਪੜ੍ਹੇ-ਲਿਖੇ ਹਨ, ਜਿਨ੍ਹਾਂ ਤੋਂ ਇਸ ਮਸਲੇ ਦੇ ਹੱਲ ਦੀ ਆਸ ਕੀਤੀ ਜਾ ਰਹੀ ਹੈ ਕਿਉਂਕਿ ਉਹ ਜ਼ਰੂਰ ਬੇਰੁਜ਼ਗਾਰਾਂ ਦੇ ਦਰਦ ਨੂੰ ਭਲੀਭਾਂਤ ਜਾਣਦੇ ਹੋਣਗੇ ।ਮਾਣਯੋਗ ਹਾਈ ਕੋਰਟ ਵੱਲੋਂ 16 ਸਤੰਬਰ ਨੂੰ ਫੈਸਲੇ ਦੀ ਕਾਪੀ ਜਾਰੀ ਕੀਤੀ ਗਈ, ਜਿਸ ਵਿੱਚ ਸਰਕਾਰ ਵੱਲੋਂ ਭਰਤੀ ਪ੍ਰਕ੍ਰਿਆ ਨੂੰ ਕਰਦੇ ਸਮੇਂ ਕਈ ਊਣਤਾਈਆਂ ਪਾਈਆਂ ਗਈਆਂ, ਜੋ ਕਿ ਸਰਕਾਰ ਦੀ ਅਣਗਹਿਲੀ ਸਦਕਾ ਹੋਇਆ । ਇਸ ਲਈ 1158 ਸਫਲ ਉਮੀਦਵਾਰਾਂ ਦਾ ਇਸ 'ਚ ਕੋਈ ਕਸੂਰ ਨਹੀਂ । ਜਿਨ੍ਹਾਂ ਸੰਬੰਧਤ ਅਧਿਕਾਰੀਆਂ ਨੇ ਅਣਗਹਿਲੀ ਕੀਤੀ ਹੈ, ਉਨ੍ਹਾਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ ਨਾ ਕਿ ਉਮੀਦਵਾਰਾਂ ਨੂੰ । ਇਸ ਕੋਰਟ ਕੇਸ ਨਾਲ ਨਾ ਤਾਂ ਰਿੱਟਾਂ ਕਰਨ ਵਾਲਿਆਂ ਨੂੰ ਕੋਈ ਰਾਹਤ ਮਿਲੀ, ਨਾ ਕੋਈ ਸਰਕਾਰ ਦੀ ਅਗਲੀ ਰਣਨੀਤੀ ਇਸ ਮਸਲੇ ਨੂੰ ਹੱਲ ਕਰਨ ਲਈ ਸਾਹਮਣੇ ਆਈ ਹੈ, ਜਦੋਂ ਕਿ ਲੱਖਾਂ ਰੁਪਏ ਇਸ ਪ੍ਰਕ੍ਰਿਆ ਉੱਪਰ ਖਰਚੇ ਗਏ ਹਨ, ਪਰ ਸਰਕਾਰ ਦਾ ਹੁੰਗਾਰਾ ਕੋਈ ਵਧੀਆ ਨਹੀਂ ਦਿਸ ਰਿਹਾ ।

ਮਾਣਯੋਗ ਹਾਈ ਕੋਰਟ ਵੱਲੋਂ ਕਿੰਨੀ ਵਾਰ ਤਾਂ ਸਰਕਾਰ ਵੱਲੋਂ ਜਵਾਬ-ਦਾਅਵਾ ਪੇਸ਼ ਨਾ ਕਰਨ ਕਾਰਨ ਸੁਣਵਾਈ ਵਾਰ-ਵਾਰ ਅੱਗੇ ਪਾਈ ਗਈ । ਦੂਜੇ ਪਾਸੇ ਦੋ-ਤਿੰਨ ਵਿਸ਼ਿਆਂ ਦੀਆਂ ਲਿਸਟਾਂ ਮਹਿਕਮੇ ਦੀ ਵੈਬਸਾਈਟ 'ਤੇ ਪਾ ਕੇ ਵਾਪਸ ਸਾਈਟ ਤੋਂ ਹਟਾ ਦਿੱਤੀਆਂ ਗਈਆਂ ਸਨ, ਜੋ ਕਿ ਭਾਵੇਂ ਡਾਊਨਲੋਡ ਹੋ ਚੁੱਕੀਆਂ ਸਨ ਪਰ ਇਨ੍ਹਾਂ ਲਿਸਟਾਂ ਦੇ ਸਫਲ ਉਮੀਦਵਾਰਾਂ ਦੀ ਚਿੰਤਾ ਹੋਰ ਵਧੇਰੇ ਹੈ । ਸਮੇਂ ਸਿਰ ਇਹ ਲਿਸਟਾਂ ਜਾਰੀ ਨਾ ਹੋਣ ਕਾਰਨ ਸਫਲ ਉਮੀਦਵਾਰ ਨਿਯੁਕਤੀ ਪੱਤਰ ਪ੍ਰਾਪਤ ਨਹੀਂ ਕਰ ਸਕੇ, ਜਦੋਂ ਕਿ ਹੋਰ ਵਿਸ਼ਿਆਂ ਦੇ ਬਹੁਤੇ ਸਫਲ ਉਮੀਦਵਾਰ ਨਿਯੁਕਤੀ ਪੱਤਰ ਪ੍ਰਾਪਤ ਕਰ ਚੁੱਕੇ ਹਨ, ਜਿਨ੍ਹਾਂ 'ਚੋਂ ਬਹੁਤੇ ਸਕੂਲਾਂ/ਕਾਲਜਾਂ ਜਾਂ ਹੋਰ ਅਦਾਰਿਆਂ ਵਿੱਚ ਰੈਗੂਲਰ ਜਾਂ ਐਡਹਾਕ ਤੌਰ 'ਤੇ ਡਿਊਟੀ ਨਿਭਾਅ ਰਹੇ ਸੀ , ਉਨ੍ਹਾਂ ਨੂੰ ਪਿਛਲੀ ਨੌਕਰੀ ਤੋਂ ਅਸਤੀਫਾ ਦੇ ਕੇ ਹੀ ਜੁਆਇਨ ਕਰਨ ਲਈ ਕਿਹਾ ਗਿਆ ਸੀ, ਜਿਸ ਨਾਲ ਉਹ ਹੁਣ ਬੇਰੁਜ਼ਗਾਰ ਹੋਏ ਬੈਠੇ ਹਨ ।

ਪਹਿਲਾਂ ਹੀ ਸਥਿਤੀ ਬੜੀ ਚਿੰਤਾਜਨਕ ਬਣੀ ਹੋਈ ਸੀ, ਜੋ ਕਿ ਮਾਣਯੋਗ ਹਾਈ ਕੋਰਟ ਦੇ ਆਏ ਫੈਸਲੇ ਨਾਲ ਹੁਣ ਹੋਰ ਵੀ ਵਧੇਰੇ ਚਿੰਤਾਜਨਕ ਬਣ ਗਈ ਹੈ। ਇਸ ਭਰਤੀ ਪ੍ਰਕ੍ਰਿਆ ਵਿੱਚ ਰਾਜਨੀਤਕ ਲੋਕਾਂ ਦੀ ਸ਼ਮੂਲੀਅਤ ਦੀ ਦੂਰ ਦੀ ਗੱਲ ਸੀ, ਕਿਉਂਕਿ ਕੋਈ ਇੰਟਰਵਿਊ ਕਮੇਟੀ ਦੇ ਅੰਕ ਬਗੈਰਾ ਨਹੀਂ ਰੱਖੇ ਗਏ, ਜਿਥੇ ਕਿ ਪਹੁੰਚ ਵਾਲੇ ਲੋਕਾਂ ਲਈ ਲਾਹੇਵੰਦ ਹੋਣਾ ਸੀ, ਜੋ ਨਹੀਂ ਹੋਇਆ । ਇਸੇ ਕਰਕੇ ਇਹ ਭਰਤੀ ਦਾ ਪਾਰਦਰਸ਼ੀ ਕੰਮ ਤੇਜ਼ੀ ਨਾਲ ਹੋਇਆ । ਉਚੇਰੀ ਸਿੱਖਿਆ ਦੇ ਸਕੱਤਰ ਨੂੰ ਇਸ ਗੰਭੀਰ ਮਸਲੇ ਨੂੰ ਬਾਰੀਕੀ ਨਾਲ ਘੋਖ ਕਰਕੇ ਸਰਕਾਰ ਦਾ ਪੱਖ ਉੱਚ ਅਦਾਲਤ ਵਿੱਚ ਪੇਸ਼ੀ 'ਤੇ ਰੱਖ ਕੇ ਸਟੇਅ ਖਾਲੀ ਕਰਵਾਉਣ ਦਾ ਹੋਣਾ ਚਾਹੀਦਾ ਸੀ, ਜੋ ਨਹੀਂ ਹੋਇਆ ।

ਆਸ ਹੈ ਕਿ ਨਵੀਂ ਸਰਕਾਰ ਆਪਣਾ ਪੱਖ ਮਜ਼ਬੂਤੀ ਨਾਲ ਹੁਣ ਡਬਲ ਬੈਂਚ ਅੱਗੇ ਲੱਗੇ ਕੇਸ ਨੂੰ ਮਜ਼ਬੂਤੀ ਨਾਲ ਸਰਕਾਰੀ ਪੱਖ ਰੱਖ ਕੇ ਸਫਲ ਉਮੀਦਵਾਰਾਂ ਨੂੰ ਜੁਆਇਨ ਕਰਵਾਉਣ ਲਈ ਹਰ ਸੰਭਵ ਯਤਨ ਕਰੇਗੀ ਤਾਂ ਕਿ ਉਚੇਰੀ ਸਿੱਖਿਆ ਦੇ ਡਿੱਗ ਰਹੇ ਮਿਆਰ ਨੂੰ ਬਚਾਇਆ ਜਾ ਸਕੇ, ਕਿਉਂਕਿ ਲੋਕਾਂ ਲਈ ਸਿੱਖਿਆ ਅਤੇ ਸਿਹਤ 'ਚ ਸੁਧਾਰ ਕਰਨਾ ਆਮ ਆਦਮੀ ਪਾਰਟੀ ਦੇ ਮੁੱਖ ਮੁੱਦੇ ਸੀ ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਭਰਤੀ ਨਿਰੋਲ ਪਾਰਦਰਸ਼ੀ ਢੰਗ ਨਾਲ ਹੋਈ ਹੈ । ਸਿਫਾਰਸ਼ ਦੀ ਗੁੰਜਾਇਸ਼ ਨਾ ਹੋਣ ਕਰਕੇ ਵੀ ਕਈਆਂ ਨੂੰ ਐਨੀ ਜਲਦੀ ਭਰਤੀ ਕਰਨ ਕਰਕੇ ਵੀ ਇਹ ਗੱਲ਼ ਹਜ਼ਮ ਨਹੀਂ ਆਈ। ਸਰਕਾਰ ਨੇ ਅਸਿਸਟੈਂਟ ਪ੍ਰੋਫੈਸਰਾਂ ਦੀ ਹੋਰ ਭਰਤੀ ਕਰਨ ਦੀ ਗੱਲ ਵੀ ਕਹੀ, ਪਰ ਇਹ ਵੀ ਪ੍ਰਕ੍ਰਿਆ ਅੱਗੇ ਨਹੀਂ ਤੁਰੀ । ਇਸ ਦਾ ਇਸ਼ਤਿਹਾਰ ਵੀ ਜਾਰੀ ਕਰਕੇ ਪ੍ਰਕ੍ਰਿਆ ਆਰੰਭੀ ਜਾਵੇ। ਜਿੰਨੇ ਪੀੜਤ ਉਮੀਦਵਾਰ ਨਿਯੁਕਤ ਹੁੰਦੇ ਹਨ, ਘੱਟੋ-ਘੱਟ ਉਨ੍ਹਾਂ ਨੂੰ ਤਾਂ ਰਾਹਤ ਮਿਲੇ । ਆਸ ਹੈ ਕਿ ਨਵੇਂ ਸਿੱਖਿਆ ਮੰਤਰੀ ਅਤੇ ਸਿੱਖਿਆ ਸਕੱਤਰ ਰਾਜ ਸਰਕਾਰ ਵੱਲੋਂ ਦਿਆਨਤਦਾਰੀ ਨਾਲ ਇਸ ਕੇਸ ਦੀ ਪੈਰਵੀ ਕਰਨ ਅਤੇ ਨਵੀਆਂ ਪੋਸਟਾਂ ਭਰਨ ਲਈ ਵਿਸ਼ੇਸ਼ ਧਿਆਨ ਦੇਣਗੇ ।

*# ਸੰਪਰਕ : 94635-53962*

# ਗਰੀਬੀ ਹੰਢਾਉਂਦੇ ਰਹੇ ਦੋ ਦੋਸਤ ਇਉਂ ਮਿਲੇ !

**ਤਰਲੋਚਨ ਸਿੰਘ ਦੁਪਾਲਪੁਰ**

ਸੰਨ 1972 ਵਿੱਚ ਜਦ ਮੈਂ ਨੌਵੀਂ-ਦਸਵੀਂ ਕਰਨ ਲਈ ਨਵਾਂ ਸ਼ਹਿਰ ਦੁਆਬੇ ਸਕੂਲੇ ਦਾਖਲਾ ਲਿਆ ਤਾਂ ਮੇਰੇ ਬਾਪ ਨੇ ਮੈਨੂੰ ਪੰਜਾਹ ਰੁਪਏ ਦਾ ਪੁਰਾਣਾ ਸਾਈਕਲ ਲੈ ਕੇ ਦਿੱਤਾ। ਸਾਈਕਲ ਵੀ ਨਵਾਂ ਸ਼ਹਿਰੋਂ ਹੀ ਖ਼੍ਰੀਦਿਆ ਸੀ, ਸੋ ਪਿੰਡ ਨੂੰ ਮੁੜਦੇ ਵਕਤ ਭਾਈਆ ਜੀ ਅਸਮਾਨਪੁਰ ਦੇ ਪ੍ਰੀਤੂ ਸਾਈਕਲਾਂ ਵਾਲੇ ਦੀ ਦੁਕਾਨ 'ਤੇ ਆਏ ਅਤੇ ਪ੍ਰੀਤੂ ਨੂੰ 'ਨੋਟ ਕਰਾਇਆ' ਕਿ ਆਹ ਮੇਰਾ ਮੁੰਡਾ ਜਦ ਵੀ ਆਪਣੇ ਸਾਈਕਲ ਦੀ ਮੁਰੰਮਤ ਕਰਾਉਣ ਤੇਰੇ ਕੋਲ ਆਵੇ ਤਾਂ ਇਹਦੇ ਕੋਲੋਂ ਪੈਸੇ ਨਹੀਂ ਮੰਗਣੇ, ਉਹ ਤੈਨੂੰ ਮੈਂ ਦੇ ਦਿਆ ਕਰਾਂਗਾ! ਪ੍ਰੀਤੂ ਮਿਸਤਰੀ ਦੀ ਖਾਸੀਅਤ ਇਹ ਹੁੰਦੀ ਸੀ ਕਿ ਉਹ ਸਾਈਕਲ ਨੂੰ ਅਚਾਨਕ ਪਿਆ ਨੁਕਸ ਠੀਕ ਕਰਕੇ ਬਿਨਾਂ ਕਹੇ ਤੋਂ, ਹੋਰ ਸਾਰੇ ਨੱਟ-ਬੋਲਟ ਤੇ ਚੱਕਿਆਂ ਨੂੰ ਪਈ ਡਲ੍ਹਕ ਵਗੈਰਾ ਚੈੱਕ ਕਰਦਾ ਤੇ ਲੋੜੀਂਦੀ ਮੁਰੰਮਤ ਆਪੇ ਹੀ ਕਰ ਦਿੰਦਾ ਹੁੰਦਾ ਸੀ।

ਜੇ ਕਦੇ ਆਉਂਦੇ-ਜਾਂਦੇ ਮੇਰੇ ਸਾਈਕਲ ਨੂੰ ਅਸਮਾਨਪੁਰ ਤੋਂ ਕਿਤੇ ਦੂਰ ਪੰਚਰ ਵਗੈਰਾ ਹੋ ਜਾਣਾ ਤਾਂ ਮੈਂ ਸਾਈਕਲ ਘੜੀਸਦੇ ਨੇ ਤੁਰ ਕੇ ਪ੍ਰੀਤੂ ਦੀ ਦੁਕਾਨ 'ਤੇ ਹੀ ਪਹੁੰਚਣਾ। ਉਨ੍ਹਾਂ ਦਿਨਾਂ ਵਿੱਚ ਹੀ ਪ੍ਰੀਤੂ ਕੋਲ ਪਿੰਡ ਚੜ੍ਹ ਮਜਾਰੇ ਦਾ ਇੱਕ ਗਰੀਬ ਜਿਹਾ ਮੁੰਡਾ ਵੀ ਸਾਈਕਲਾਂ ਦਾ ਕੰਮ ਸਿੱਖਣ ਆ ਲੱਗਾ। ਕੰਮ ਸਿਖਾਉਣ ਵੇਲੇ ਪ੍ਰੀਤੂ ਉਹਨੂੰ ਝਿੜਕੇ ਵੀ ਮਾਰਦਾ ਤੇ ਕਦੇ-ਕਦੇ ਹਲਕੀ ਜਿਹੀ ਚਪੇੜ ਵੀ ਮਾਰ ਦਿੰਦਾ। ਮੈਨੂੰ ਬੜਾ ਤਰਸ ਆਉਣਾ। ਮੇਰੇ ਦਸਵੀਂ ਪਾਸ ਕਰਨ ਵੇਲੇ ਤੱਕ ਉਹ ਮੁੰਡਾ ਕਾਫੀ ਟ੍ਰੇਂਡ ਹੋ ਗਿਆ ਤੇ ਪ੍ਰੀਤੂ ਵਾਂਗ ਹੀ ਸਾਈਕਲਾਂ ਦੀ ਮੁਰੰਮਤ ਕਰਨ ਲੱਗ ਪਿਆ ਸੀ।

ਪ੍ਰੀਤੂ ਦੇ ਚੜ੍ਹਾਈ ਕਰ ਜਾਣ 'ਤੇ ਇਸ ਚੜ੍ਹ ਮਜਾਰੀਏ ਦੀਸ ਨਾਂਅ ਦੇ ਮੁੰਡੇ ਨੇ ਜਾਡਲੇ ਆਪਣੀ ਦੁਕਾਨ ਪਾ ਲਈ। ਮੇਰੇ ਕੋਲ ਉਹੀ ਮਾਰਕਾ ਪੁਰਾਣਾ ਸਾਈਕਲ ਰਿਹਾ, ਜਿਸ ਦੀ ਗਾਹੇ-ਬਗਾਹੇ ਮੁਰੰਮਤ ਕਰਾਉਣ ਲਈ ਮੈਂ ਜਾਡਲੇ ਦੀਸ ਦੀ ਦੁਕਾਨ 'ਤੇ ਜਾਣਾ ਸ਼ੁਰੂ ਕਰ ਦਿੱਤਾ।

ਅੰਤਾਂ ਦੀ ਗਰੀਬੀ ਨਾਲ ਜੂਝਦੇ ਦੀਸ ਦੀ ਦੁਕਾਨ ਕਾਮਯਾਬ ਨਾ ਹੋ ਸਕੀ। ਚੜ੍ਹੇ ਮਹੀਨੇ ਕਿਰਾਇਆ ਨਹੀਂ ਸੀ 'ਕੱਠਾ ਹੁੰਦਾ ਵਿਚਾਰੇ ਕੋਲੋਂ ! ਸੋ ਉਸ ਨੇ ਮਜਬੂਰੀਵੱਸ ਆਪਣਾ ਸੰਦ-ਸੰਦੌੜਾ ਚੜ੍ਹ ਮਜਾਰੇ ਆਪਣੇ ਤਿੰਨ ਕੁ ਖਾਨਿਆਂ ਵਾਲੇ ਘਰ ਵਿੱਚ ਹੀ ਰੱਖ ਲਿਆ। ਇੱਧਰ ਮੈਂ ਵੀ ਗਰੀਬੀ ਕਾਰਨ ਹੋਰ ਨਵਾਂ ਸਾਈਕਲ ਖਰੀਦ ਨਾ ਸਕਿਆ। ਮੇਰੇ ਉਸੇ ਪੁਰਾਣੇ ਸਾਈਕਲ ਦਾ ਕੁੱਝ ਨਾ ਕੁੱਝ ਵਿਗੜਿਆ ਹੀ ਰਹਿੰਦਾ। ਸਦਾ ਚੂਲ ਢਿੱਲੀ ਹੀ ਰਹਿੰਦੀ ਉਸ ਦੀ। ਸੋ ਮੈਂ ਵੀ 'ਦੀਸ ਦਾ ਦੀਵਾਨਾ' ਉਹਦੇ ਮਗਰੇ-ਮਗਰ ਚੜ੍ਹ ਮਜਾਰੇ ਜਾ ਕੇ ਸਾਈਕਲ ਦੀ ਮੁਰੰਮਤ ਕਰਾਉਣ ਲੱਗ ਪਿਆ। ਇੰਜ ਸਾਡੀ ਦੋਹਾਂ ਗਰੀਬਾਂ ਦੀ ਆਪਸੀ ਦੋਸਤੀ ਵੀ ਪੈ ਗਈ, ਕਿਉਂਕਿ ਆਮ ਕਾਰੀਗਰਾਂ ਨਾਲੋਂ ਉਹ ਮਿਹਨਤਾਨਾ ਬਹੁਤ ਘੱਟ ਲੈਂਦਾ ਸੀ ਤੇ ਮੇਰੇ ਨਾਲ ਕਦੇ-ਕਦੇ ਉਧਾਰ ਵੀ ਕਰ ਲੈਂਦਾ। ਮੈਨੂੰ ਯਾਦ ਐ ਕਿ ਉਹਦੇ ਘਰੇ ਕੋਈ ਸਦਮਾ ਹੋਣ 'ਤੇ ਮੈਂ ਇੱਕ ਵਾਰ ਉਸ ਦੇ ਨਿੱਕੇ ਜਿਹੇ ਕੱਚੇ-ਕੋਠੇ ਵਿੱਚ ਸਹਿਜ ਪਾਠ ਦਾ ਭੋਗ ਵੀ ਪਾਇਆ ਸੀ!

ਫਿਰ ਸਮੇਂ ਦਾ ਕਈ ਦਹਾਕਿਆਂ ਦਾ ਵਕਫਾ ਪੈ ਗਿਆ। ਅਸੀਂ ਦੋਵੇਂ ਆਪੋ-ਆਪਣੀ ਕਬੀਲਦਾਰੀ ਦੇ ਗੇੜ 'ਚ ਫਸੇ ਇੱਕ-ਦੂਜੇ ਲਈ ਅਗਿਆਤ ਬਣ ਗਏ।

ਹੁਣ ਸੰਨ 2023 ਵਿੱਚ ਜਦ ਮੈਂ ਅਮਰੀਕਾ ਤੋਂ ਆਪਣੇ ਪਿੰਡ ਗਿਆ ਹੋਇਆ ਸਾਂ, ਤਦ ਸਾਡੇ ਪਿੰਡ ਦੇ ਗੁਰਦੁਆਰਾ ਸਾਹਿਬ ਵਿੱਚ ਗੁਰਪੁਰਬ ਸੰਬੰਧੀ ਪਏ ਭੋਗ ਮੌਕੇ ਆਏ ਹੋਏ ਇੱਕ ਰਾਗੀ ਸਿੰਘ ਨੇ ਦੱਸਿਆ ਕਿ ਮੈਂ ਚੜ੍ਹ ਮਜਾਰੇ ਪਿੰਡ ਤੋਂ ਹਾਂ। ਚੜ੍ਹ ਮਜਾਰੇ ਦਾ ਨਾਂਅ ਸੁਣ ਕੇ ਮੈਨੂੰ 'ਸਾਈਕਲ-ਮੁਰੰਮਤੀ ਮਿੱਤਰ' ਦੀਸ ਦਾ ਚੇਤਾ ਆ ਗਿਆ। ਉਸ ਰਾਗੀ ਸਿੰਘ ਨੂੰ ਮੈਂ ਦੀਸ ਨਾਲ ਆਪਣੀ ਪੁਰਾਣੀ ਦੋਸਤੀ ਬਾਰੇ ਗੱਲਾਂ ਕਰਦਿਆਂ ਕਿਹਾ ਕਿ ਕਿਸੇ ਦਿਨ ਮੈਂ ਉਹਨੂੰ ਮਿਲਣ ਜਾਵਾਂਗਾ।



ਲਓ ਜੀ, ਦੂਜੇ ਦਿਨ ਹੀ ਸੁਵੱਖਤੇ ਸਾਡਾ ਗੇਟ ਖੜਕਿਆ। ਹੱਥ ਵਿੱਚ ਡੱਬਾ ਅਤੇ ਕਾਰਡ ਲਈ ਦੀਸ ਵਿਹੜੇ 'ਚ ਆ ਖੜ੍ਹਾ ਹੋਇਆ। ਮੈਂ ਉਹਨੂੰ ਘੁੱਟ ਕੇ ਜੱਫੀ 'ਚ ਲੈ ਲਿਆ। ਉਸ ਨੂੰ ਦੇਖਦਿਆਂ ਸਾਰ ਮੈਨੂੰ 'ਵੈਲਡਿੰਗ' ਕੀਤੇ 'ਫ੍ਰੇਮ' ਵਾਲਾ ਆਪਣਾ ਸਾਈਕਲ ਚੇਤੇ ਆ ਗਿਆ। ਨਾਲੇ ਅਸਮਾਨਪੁਰ, ਜਾਡਲੇ ਅਤੇ ਚੜ੍ਹ ਮਜਾਰੇ ਦੇ ਕਈ ਪੁਰਾਣੇ ਵਾਕਿਆਤ ਜਿਨ੍ਹਾਂ 'ਚ ਘੁੰਮਣ ਲੱਗ ਪਏ।

ਆਪਣੇ ਬੇਟੇ ਦੇ ਵਿਆਹ ਦਾ ਕਾਰਡ ਦੇਣ ਆਇਆ ਦੀਸ ਜਦ ਮੈਨੂੰ ਵਾਰ-ਵਾਰ 'ਜ਼ਰੂਰ ਆਉਣ' ਲਈ ਕਹਿਣ ਲੱਗਾ ਤਾਂ ਮੈਂ ਪਸੀਜਦਿਆਂ ਹੋਇਆਂ ਉਸ ਨੂੰ ਦੁਬਾਰਾ ਗਲਵੱਕੜੀ ਪਾਉਂਦਿਆਂ ਕਿਹਾ ਕਿ ਵੀਰਿਆ, ਸੌ ਰੁਝੇਵੇਂ ਛੱਡ ਕੇ ਵੀ ਮੈਂ ਤੇਰੇ ਘਰ ਜ਼ਰੂਰ ਪਹੁੰਚਾਂਗਾ। ਸਾਡੇ ਘਰੇ ਕਾਰ ਖੜ੍ਹੀ ਦੇਖ ਕੇ ਉਸ ਨੇ ਖੁਸ਼ ਹੁੰਦਿਆਂ ਮੈਨੂੰ ਦੱਸਿਆ ਕਿ ਹੁਣ 'ਤੁਹਾਡੇ ਇਸ ਨਿਮਾਣੇ ਭਰਾ' 'ਤੇ ਵੀ ਪੂਰੀ ਕਿਰਪਾ ਹੈ ਮਾਲਕ ਦੀ।

ਸੱਚ-ਮੁੱਚ ਜਦ ਮੈਂ ਉਹਦੇ ਘਰੇ ਅਖੰਡ ਪਾਠ ਦੇ ਭੋਗ ਸਮੇਂ ਪਹੁੰਚਿਆ ਤਾਂ ਬਾਗੋ-ਬਾਗ ਹੁੰਦਿਆਂ ਉਸ ਨੇ ਘਰੇ ਆਏ 'ਕੱਲੇ 'ਕੱਲੇ ਮਹਿਮਾਨ ਨਾਲ ਮੇਰਾ ਤੁਆਰਫ ਕਰਵਾਇਆ। ਇਸ ਮੌਕੇ ਉਹਦੇ ਚਿਹਰੇ ਦੇ ਹਾਵ-ਭਾਵ ਦੱਸ ਰਹੇ ਸਨ ਕਿ ਉਸ ਨੂੰ ਮੇਰੇ ਆਉਣ ਦਾ ਕਿੰਨਾ ਚਾਅ-ਉਮਾਹ ਹੋ ਰਿਹਾ ਐ। ਸਮਾਗਮ ਵਿੱਚ ਵੀ ਉਹ ਮੇਰੇ ਗੋਡੇ ਨਾਲ ਗੋਡਾ ਜੋੜ ਕੇ ਬੈਠਾ ਰਿਹਾ। ਉਸੇ ਦਿਨ ਇੱਕ-ਦੋ ਹੋਰ ਕਾਰਜਾਂ 'ਤੇ ਨਾ ਪਹੁੰਚ ਸਕਣ ਸਦਕਾ 'ਖਿਮਾਂ ਮੰਗ ਲੈਣ' ਦੀ ਸੋਚ ਕੇ ਮੈਂ ਦੀਸ ਦੇ ਘਰ ਹੀ ਪੂਰੇ ਸਮਾਗਮ ਦਾ ਅਨੰਦ ਮਾਣਿਆ! ਲੰਗਰ ਛਕ ਕੇ ਤੁਰਨ ਵੇਲੇ ਜਦ ਉਸ ਨੇ ਮੈਨੂੰ ਜਲੇਬੀਆਂ ਵਾਲੇ ਲਿਫਾਫੇ ਦੇ ਨਾਲ ਇੱਕ ਨੀਲੀ ਦਸਤਾਰ ਵੀ ਭੇਟ ਕੀਤੀ ਤਾਂ ਵੈਰਾਗ ਨਾਲ ਮੇਰੀਆਂ ਅੱਖਾਂ ਵੀ ਛਲਕ ਪਈਆਂ !

**# ਸੰਪਰਕ : 001-408-915-1268**

## ਪਾਠਕ ਸੱਥ

### ਆਰਥਕ ਤੰਗੀ ਝੱਲ ਰਹੇ ਬੇਰੁਜ਼ਗਾਰਾਂ ਲਈ ਕੁਝ ਕਰੇ ਸਰਕਾਰ !

ਪੰਜਾਬ ਵਿੱਚ ਬੇਰੁਜ਼ਗਾਰੀ ਦਿਨੋ-ਦਿਨ ਵਧਦੀ ਹੀ ਤੁਰੀ ਜਾ ਰਹੀ ਹੈ। ਜੇਕਰ ਮੈਂ ਖੁਦ ਦੀ ਗੱਲ ਕਰਾਂ ਤਾਂ ਮੈਂ ਐੱਮ ਏ, ਬੀ ਐੱਡ, ਸੀ ਪੀ ਐੱਡ ਕੀਤੀ ਹੈ। ਮੈਂ ਸਕੂਲਾਂ ਵਿੱਚ ਰਿਜ਼ੂਮ ਦੇ ਦੇ ਅੱਕ ਗਿਆ, ਪਰ ਕੋਈ ਕਾਲ ਨਹੀਂ ਆਈ। ਹੋਰਨਾਂ ਆਪਣੀ ਪੜ੍ਹਾਈ ਦੇ ਲੈਵਲ ਤੋਂ ਵੀ ਛੋਟੀਆਂ ਪ੍ਰਾਈਵੇਟ ਨੌਕਰੀਆਂ ਲਈ ਹੱਥ-ਪੈਰ ਮਾਰ ਰਿਹਾ ਹਾਂ, ਕਿਸੇ ਪਾਸੇ ਤੋਂ ਨੌਕਰੀ ਲਈ ਕੋਈ ਕਾਲ ਨਹੀਂ ਆਈ। ਐਥੋਂ ਤੱਕ ਕਿ ਫਲਿਪਕਾਰਟ ਵਿਚ ਡਿਲੀਵਰੀ ਜੌਬ ਲਈ ਵੀ ਮੈਂ ਤਿਆਰ ਸੀ, ਪਰ ਕੋਈ ਕਾਲ ਨਹੀਂ ਆਈ। ਸਰਕਾਰੀ ਨੌਕਰੀ ਵਿਚ ਮਾਸਟਰਾਂ ਦੀਆਂ ਅਸਾਮੀਆਂ ਨਿਕਲ ਨਹੀਂ ਰਹੀਆਂ, ਜਿਸ ਕਰਕੇ ਓਵਰੇਜ ਦੇ ਨੇੜੇ ਲੱਗਦਾ ਜਾ ਰਿਹਾ ਹਾਂ। ਇਸ ਸਮੇਂ ਮੈਂ ਕਰਜ਼ਾ ਵੀ ਸੱਤ ਲੱਖ ਦੇ ਨੇੜੇ ਤੇੜੇ ਦੇਣਾ ਹੈ, ਜਿਸ ਕਰਕੇ ਕੋਈ ਆਪਣਾ ਬਿਜ਼ਨੈੱਸ ਵੀ ਨਹੀਂ ਕਰ ਸਕਦਾ। ਆਰਥਕ ਸਥਿਤੀ ਐਨੀ ਗੰਭੀਰ ਹੋ ਚੁੱਕੀ ਹੈ ਕਿ ਕਿਸੇ ਪਾਸੇ ਕੋਈ ਚਾਰਾ ਨਹੀਂ ਦਿਖ ਰਿਹਾ। ਸਰਕਾਰ ਇਸ ਸਮੇਂ ਚੁੱਪ ਹੈ। ਆਪਣੀਆਂ ਡਿਗਰੀਆਂ ਲੈਣ ਲਈ ਪੜ੍ਹਾਈ 'ਤੇ ਘੱਟੋ-ਘੱਟ ਛੇ-ਸੱਤ ਲੱਖ ਲਗਾ ਚੁੱਕੇ ਹੋਵਾਂਗੇ, ਪਰ ਮੁੜਿਆ ਹਾਲੇ ਕੁਝ ਵੀ ਨਹੀਂ। ਇਸੇ ਤਰ੍ਹਾਂ ਮੇਰੇ ਵਰਗੇ ਹਜ਼ਾਰਾਂ ਬੇਰੁਜ਼ਗਾਰ ਆਪਣਾ ਦਰਦ ਛੁਪਾਈ ਬੈਠੇ ਹੋਣਗੇ, ਜੋ ਕਿਸੇ ਨਮੋਸ਼ੀ ਕਰਕੇ ਬਿਆਨ ਨਹੀਂ ਕਰ ਸਕਦੇ। ਹੁਣ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪ੍ਰਾਈਵੇਟ ਅਦਾਰਿਆਂ ਨੂੰ ਜ਼ਰੂਰੀ ਕਰੇ ਅਤੇ ਵੱਧ ਤੋਂ ਵੱਧ ਪ੍ਰਾਈਵੇਟ ਨੌਕਰੀਆਂ ਖੋਲ੍ਹੇ, ਨਹੀਂ ਤਾਂ ਘੱਟ ਓਵਰੇਜ ਹੋ ਚੁੱਕਿਆਂ ਨੂੰ ਉਨ੍ਹਾਂ ਦੀਆਂ ਡਿਗਰੀਆਂ ਦਾ ਖਰਚਾ ਤਾਂ ਮੋੜ ਦੇਵੇ, ਤਾਂ ਕਿ ਉਹ ਆਪਣਾ ਕੰਮ ਚਲਾ ਸਕਣ।

**-ਗੁਰਦਿੱਤ ਸਿੰਘ ਸੇਖੋਂ**, 97811-72781

### ਚੱਕਰ ਵਾਤੀ ਤੂਫਾਨ ਦਾ ਖਤਰਾ

ਅਫਗਾਨਿਸਤਾਨ ਵਿੱਚ ਭੁਚਾਲ ਆਉਣ ਦੇ ਨਾਲ-ਨਾਲ ਬੰਗਾਲ ਦੀ ਖਾੜੀ ਵਿੱਚ ਚਕਰਵਾਤੀ ਤੂਫਾਨ 'ਮੋਚਾ' ਦੇ ਆਉਣ ਦਾ ਖਤਰਾ ਮੰਡਰਾ ਰਿਹਾ ਹੈ। ਮੌਸਮ ਵਿਭਾਗ ਅਨੁਸਾਰ ਹਵਾ ਦੀ ਰਫਤਾਰ ਚਾਲੀ ਤੋਂ ਪੰਜਾਹ ਕਿਲੋਮੀਟਰ ਚੱਲਣ ਦੇ ਆਸਾਰ ਹੋਣ ਕਰਕੇ ਚੱਕਰਵਾਤੀ ਤੂਫਾਨ ਮੋਚਾ ਦਸਤਕ ਦੇ ਸਕਦਾ ਹੈ। ਸਮੁੰਦਰ ਦੇ ਕਿਨਾਰੇ ਰਹਿ ਰਹੇ ਲੋਕ ਅਤੇ ਮੱਛੀਆਂ ਫੜਨ ਵਾਲਿਆਂ ਲਈ ਇਹ ਬੜੀ ਔਖੀ ਅਤੇ ਇਮਤਿਹਾਨ ਦੀ ਘੜੀ ਹੈ, ਕਿਉਂਕਿ ਮੱਛੀਆਂ ਫੜਨ ਵਾਲਿਆਂ ਲਈ ਇਹ ਹੀ ਰੋਜ਼ਗਾਰ ਹੈ, ਇਸ ਤੋਂ ਬਿਨਾਂ ਉਹਨਾਂ ਕੋਲ ਹੋਰ ਰੋਜ਼ਗਾਰ ਨਾਂਹ ਦੇ ਬਰਾਬਰ ਹੈ। ਆਪਣੇ ਘਰਾਂ ਨੂੰ ਛੱਡ ਕੇ ਪ੍ਰਵਾਸ ਕਰਨਾ ਮੁਸ਼ਕਲ ਹੀ ਨਹੀਂ ਔਖਾ ਵੀ ਹੈ, ਪਰ ਇਹ ਪ੍ਰਵਾਸ ਕੁਝ ਸਮੇਂ ਲਈ ਹੋਣਾ ਚਾਹੀਦਾ ਹੈ। ਤੂਫਾਨ ਤੋਂ ਬਚਾਅ ਦੀਆਂ ਅਗਾਊਂ ਤਿਆਰੀਆਂ ਕਰ ਲੈਣੀਆਂ ਚਾਹੀਦੀਆਂ ਹਨ । ਕੁਦਰਤੀ ਆਫਤਾਂ ਨਾਲ ਹਮੇਸਾ ਹੀ ਨੁਕਸਾਨ ਹੁੰਦਾ ਰਿਹਾ ਹੈ। ਉਤਰਾਖੰਡ ਵਿੱਚ ਹੜ੍ਹਾਂ ਦਾ ਆਉਣਾ, ਪਹਾੜਾਂ ਦਾ ਖਿਸਕਣਾ, ਭੂਚਾਲ, ਤੂਫਾਨ ਅਤੇ ਹਨੇਰੀਆਂ ਤਹਿਸ-ਨਹਿਸ ਕਰਕੇ ਚਲੀਆਂ ਜਾਂਦੀਆਂ ਹਨ ਅਤੇ ਸਾਡੇ ਹੱਥ ਕੁਝ ਨਹੀਂ ਰਹਿੰਦਾ। ਮੌਸਮ ਵਿਗਿਆਨੀਆਂ ਦੀ ਜਾਣਕਾਰੀ ਨੂੰ ਸਮੇਂ-ਸਮੇਂ 'ਤੇ ਆਮ ਲੋਕਾਂ ਤੱਕ ਪਹੁੰਚਾਉਣਾ ਅਤੇ ਕੁਦਰਤੀ ਆਫਤਾਂ ਤੋਂ ਬਚਾਅ ਦੇ ਉਪਾਵਾਂ ਨਾਲ ਹੀ ਬਚਿਆ ਜਾ ਸਕਦਾ ਹੈ।

**-ਰਜਵਿੰਦਰ ਪਾਲ ਸ਼ਰਮਾ**, 70873-67969

# ਦੁੱਧਾਂ ਨਾਲ ਪੁੱਤ ਪਾਲ ਕੇ ਆਸ਼ਰਮਾਂ 'ਚ ਬੈਠੀਆਂ ਮਾਂਵਾਂ

**ਪ੍ਰਭਜੋਤ ਕੌਰ ਢਿੱਲੋਂ**



ਬਿਲਕੁੱਲ ਸਤਰਾਂ ਤਾਂ ਇਹ ਹਨ, "ਦੁੱਧਾਂ ਨਾਲ ਪੁੱਤ ਪਾਲ ਕੇ, ਪਾਣੀ ਨੂੰ ਤਰਸਣ ਮਾਂਵਾਂ"। ਪਰ ਹੁਣ ਹਾਲਾਤ ਇਹ ਹਨ ਕਿ ਮਾਪੇ ਪੁੱਤਾਂ ਨੂੰ ਪਾਲਦੇ ਹਨ ਅਤੇ ਬੁਢਾਪਾ ਬਿਰਧ ਆਸ਼ਰਮਾਂ ਵਿੱਚ ਕੱਟ ਰਹੇ ਹਨ। ਜਿਹੜੇ ਘਰ ਨੂੰ ਬਣਾਉਣ ਲਈ ਸਾਰੀ ਜ਼ਿੰਦਗੀ ਲਗਾ ਦਿੱਤੀ ਕਿ ਬੁਢਾਪਾ ਚੈਨ ਨਾਲ ਕੱਟਗਾ, ਉੱਥੇ ਰਹਿਣਾ ਨਸੀਬ ਹੀ ਨਾ ਹੋਇਆ। ਜਿਹੜੇ ਪੁੱਤਾਂ ਨੂੰ ਬੁਢਾਪੇ ਦਾ ਸਹਾਰਾ ਮੰਨ ਕੇ ਪੜ੍ਹਾਇਆ-ਲਿਖਾਇਆ, ਉਹ ਸਹਾਰਾ ਬਣਨ ਦੀ ਥਾਂ ਦਰਦ ਦੇਣ ਲੱਗਾ। ਬਹੁਤ ਔਖਾ ਹੁੰਦਾ ਹੈ ਜਿਊਂਦੇ ਜੀਅ ਆਪਣਾ ਘਰ ਅਤੇ ਪਰਵਾਰ ਛੱਡਣਾ। ਪਰ ਜਦੋਂ ਇਹ ਘਰ ਛੁੱਟਦਾ ਹੈ ਅਤੇ ਬਿਰਧ ਆਸ਼ਰਮ ਵਿੱਚ ਰਹਿਣਾ ਪੈਂਦਾ ਹੈ ਤਾਂ ਦਰਦ ਬਿਆਨ ਕਰਨ ਲਈ ਲਫਜ਼ਾਂ ਦੀ ਘਾਟ ਹੋ ਜਾਂਦੀ ਹੈ। ਅੱਖਾਂ 'ਚੋਂ ਹੰਝੂ ਵੀ ਕੁੱਝ ਸਮੇਂ ਬਾਅਦ ਮੁੱਕ ਜਾਂਦੇ ਹਨ। ਅਸੀਂ ਬਹੁਤ ਕੁੱਝ ਪੱਛਮੀ ਦੇਸ਼ਾਂ ਦੀ ਨਕਲ ਕੀਤਾ ਹੈ ਅਤੇ ਇਹ ਵੀ ਉੱਥੋਂ ਹੀ ਆਏ ਹਨ। ਅਸਲ ਵਿੱਚ ਆਜ਼ਾਦੀ ਦੇ ਨਾਂਅ 'ਤੇ ਨੂੰਹਾਂ-ਪੁੱਤਾਂ ਨੂੰ ਮਾਪਿਆਂ ਨੂੰ ਨਾਲ ਰੱਖਣਾ ਠੀਕ ਹੀ ਨਹੀਂ ਲੱਗਦਾ। ਜੇਕਰ ਮਾਪਿਆਂ ਦੀ ਵੀ ਗੱਲ ਕਰੀਏ ਤਾਂ ਉਹ ਵੀ ਪੈਰ-ਪੈਰ 'ਤੇ ਬੇਇੱਜ਼ਤੀ ਬਰਦਾਸ਼ਤ ਕਰਕੇ ਤੰਗ ਆ ਜਾਂਦੇ ਹਨ। ਘਰ ਵਿੱਚ ਕਲੇਸ਼ ਰਹਿਣ ਲੱਗਦਾ ਹੈ ਅਤੇ ਮਾਪਿਆਂ ਦਾ ਮਾਣ-ਸਤਿਕਾਰ ਨਹੀਂ ਹੁੰਦਾ। ਬਹੁਤ ਵਾਰ ਨੂੰਹਾਂ ਪੁੱਤ ਕਈ-ਕਈ ਦਿਨ ਬਜ਼ੁਰਗ ਮਾਪਿਆਂ ਨੂੰ ਬੁਲਾਉਂਦੇ ਹੀ ਨਹੀਂ। ਜੇਕਰ ਬੁਲਾਉਂਦੇ ਵੀ ਹਨ ਤਾਂ ਬਹੁਤ ਰੁੱਖੀ ਭਾਸ਼ਾ ਦਾ ਇਸਤੇਮਾਲ ਕਰਦੇ ਹਨ। ਮਾਪਿਆਂ ਨੂੰ ਉਹ ਦਰਦ ਦੇਣ ਵਿੱਚ ਕੋਈ ਕਸਰ ਨਹੀਂ ਛੱਡਦੇ। ਬਹੁਤ ਚੰਗੇ ਅਹੁਦਿਆਂ ਤੋਂ ਰਿਟਾਇਰ ਹੋਏ ਮਾਪਿਆਂ ਨੂੰ ਵੀ ਬਹੁਤ ਕੁੱਝ ਸੁਣਨਾ ਅਤੇ ਸਹਿਣਾ ਪੈ ਰਿਹਾ ਹੈ। ਕਈ ਵਾਰ ਨੂੰਹਾਂ-ਪੁੱਤ ਉਨ੍ਹਾਂ ਨੂੰ ਇੱਥੋਂ ਤੱਕ ਵੀ ਕਹਿ ਦਿੰਦੇ ਹਨ ਕਿ ਤੁਸੀਂ ਇਸ ਅਹੁਦੇ 'ਤੇ ਹੈ ਵੀ ਸੀ ਜਾਂ ਨਹੀਂ। ਬਹੁਤ ਸਾਰੇ ਮਾਪੇ ਜਿਨ੍ਹਾਂ ਕੋਲ ਪੈਸਾ ਹੈ ਜਾਂ ਪੈਨਸ਼ਨ ਆਉਂਦੀ ਹੈ, ਬੇਇਜ਼ਤੀ ਹੋਣ ਕਰਕੇ ਹੀ ਬਿਰਧ ਆਸ਼ਰਮ ਵਿੱਚ ਚਲੇ ਜਾਂਦੇ ਹਨ। ਜੇਕਰ ਮਾਪਿਆਂ ਕਰਕੇ ਦੋਸਤਾਂ ਸਾਹਮਣੇ ਬੇਇਜ਼ਤੀ ਹੁੰਦੀ ਹੈ ਤਾਂ ਉਨ੍ਹਾਂ ਦੇ ਬਣਾਏ ਘਰ ਵਿੱਚ ਕਿਹੜੀ ਇੱਜ਼ਤ ਲੈ ਕੇ ਬੈਠੇ ਹੋ। ਆਪਣੀ ਕਮਾਈ ਨਾਲ ਵਧੀਆ ਘਰ ਬਣਾਓ। ਜੇਕਰ ਘਰ ਵਿੱਚ ਮਾਪਿਆਂ ਨੂੰ ਇੱਜ਼ਤ ਨਹੀਂ ਦੇ ਸਕਦੇ ਤਾਂ ਯਾਦ ਰੱਖੋ ਕੋਈ ਦਾਨ-ਪੁੰਨ ਜਾਂ ਹੋਰਾਂ ਨੂੰ ਦਿੱਤੀ ਮਦਦ ਕਿਸੇ ਲੇਖੇ ਨਹੀਂ ਲੱਗਦੀ। ਮਾਪੇ ਬਦਦੁਆਵਾਂ ਨਹੀਂ ਦਿੰਦੇ, ਪਰ ਰੱਬ ਮਾਪਿਆਂ ਦੇ ਹੰਝੂਆਂ ਅਤੇ ਦਰਦ ਦਾ ਹਿਸਾਬ ਕਰ ਦਿੰਦਾ ਹੈ।

ਪਿਛਲੇ ਦਿਨੀਂ ਅਸੀਂ ਕਿਸੇ ਨੂੰ ਮਿਲੇ ਅਤੇ ਉਨ੍ਹਾਂ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਉਨ੍ਹਾਂ ਨੂੰ ਕੋਈ ਜਾਣਦਾ ਹੈ। ਵਧੀਆ ਰਹਿਣ-ਸਹਿਣ ਅਤੇ ਪੈਸੇ ਵੱਲੋਂ ਵੀ ਠੀਕ ਹਨ, ਉਨ੍ਹਾਂ ਨੇ ਸੀਨੀਅਰ ਸਿਟੀਜ਼ਨ ਹੋਮ ਵਿੱਚ ਜਾਣ ਦਾ ਫੈਸਲਾ ਕੀਤਾ ਹੈ। ਦੋ ਬੱਚੇ ਨੇ ਅਤੇ ਦੋਨੋਂ ਵਿਦੇਸ਼ ਹਨ। ਅਸਲ ਵਿੱਚ ਹਰ ਵੇਲੇ ਬੇਇਜ਼ਤੀ ਕਰਵਾਉਣ ਨਾਲੋਂ ਕੁੱਝ ਮਾਪੇ ਇਹ ਕਦਮ ਆਪ ਹੀ ਚੁੱਕ ਲੈਂਦੇ ਹਨ। ਬੱਚਿਆਂ ਕੋਲ ਵੀ ਸਮਾਂ ਨਹੀਂ ਹੈ। ਉਹ ਬਹੁਤ ਕਰਕੇ ਵਿਖਾਵੇ ਅਤੇ ਬਨਾਵਟੀ ਜ਼ਿੰਦਗੀ ਜਿਊਣ ਲੱਗ ਗਏ ਹਨ। ਮਾਪਿਆਂ ਦਾ ਵਧੇਰੇ ਕਰਕੇ ਅਜਿਹੇ ਮਾਹੌਲ ਵਿੱਚ ਸਾਹ ਘੁਟਣ ਲੱਗਦਾ ਹੈ। ਮਾਂ ਦਾ ਤੁਰਨਾ ਵੀ ਸਹੀ ਨਹੀਂ ਲੱਗਦਾ ਅਤੇ ਰਹਿਣ-ਸਹਿਣ ਤਾਂ ਬਿਲਕੁੱਲ ਹੀ ਪਸੰਦ ਨਹੀਂ ਆਉਂਦਾ। ਖਾਣੇ ਵੇਲੇ ਵੀ ਨੁਕਸ ਕੱਢੇ ਜਾਂਦੇ ਹਨ। ਸਮਾਨ ਸਹੀ ਤਰੀਕੇ ਨਾਲ ਰੱਖਣ ਦਾ ਸਲੀਕਾ ਨਹੀਂ ਦੱਸਿਆ ਜਾਂਦਾ ਹੈ। ਉਹ ਭੁੱਲ ਜਾਂਦੇ ਹਨ ਕਿ ਬੱਚਿਆਂ ਦੀਆਂ ਸਾਰੀਆਂ ਹਰਕਤਾਂ ਮਾਪਿਆਂ ਨੇ ਖੁਸ਼ੀ-ਖੁਸ਼ੀ ਬਰਦਾਸ਼ਤ ਕੀਤੀਆਂ ਹਨ। ਅਖੀਰ ਮਾਪੇ ਚੁੱਪ ਰਹਿਣ ਲੱਗ ਜਾਂਦੇ ਹਨ। ਔਲਾਦ ਦੇ ਸਾਹਮਣੇ ਆਉਣ ਤੋਂ ਡਰਨ ਲੱਗ ਜਾਂਦੇ ਹਨ। ਅਖੀਰ ਇਹ ਹੀ ਵਧੇਰੇ ਕਰਕੇ ਹੁੰਦਾ ਹੈ। ਕਿਧਰੇ ਮਾਪਿਆਂ ਨੂੰ ਕਿਸੇ ਬਿਰਧ ਆਸ਼ਰਮ ਵਿੱਚ ਛੱਡਿਆ ਜਾਂਦਾ ਹੈ ਜਾਂ ਉਹ ਆਪ ਚਲੇ ਜਾਂਦੇ ਹਨ, ਪਰ ਹਕੀਕਤ ਇਹ ਹੈ ਕਿ ਉਨ੍ਹਾਂ ਨੇ ਕਦੇ ਇਹ ਸੋਚਿਆ ਵੀ ਨਹੀਂ ਹੁੰਦਾ।

ਮਾਪੇ ਆਪਣੇ ਬੱਚਿਆਂ ਨੂੰ ਵਧੇਰੇ ਕਰਕੇ ਆਪਣੇ ਤੋਂ ਵਧੀਆ ਜ਼ਿੰਦਗੀ ਜਿਊਣ ਲਈ ਮਿਹਨਤ ਕਰਦੇ ਹਨ। ਜਿਸ ਮਾਂ ਨੇ ਨੌਂ ਮਹੀਨੇ ਪੇਟ ਵਿੱਚ ਰੱਖਿਆ, ਆਪਣੇ ਖ਼ੂਨ ਨਾਲ ਪੇਟ ਅੰਦਰ ਜਿਊਂਦੇ ਰੱਖਿਆ, ਉਸ ਮਾਂ ਲਈ ਘਰ ਵਿੱਚ ਰੋਟੀ ਨਹੀਂ। ਮਾਂਵਾਂ ਨੇ ਬੱਚੇ ਦੀ ਇਕ ਗੱਲ ਦਾ ਵਾਰ-ਵਾਰ ਜਵਾਬ ਦਿੱਤਾ ਹੁੰਦਾ ਹੈ, ਪਰ ਔਲਾਦ ਮਾਂ ਨੂੰ ਦੂਸਰੀ ਵਾਰ ਕੁੱਝ ਪੁੱਛਣ 'ਤੇ ਹੀ ਗੁੱਸਾ ਕਰਨ ਲੱਗ ਜਾਂਦੇ ਹਨ। ਜਿਹੜੀ ਮਾਂ ਔਲਾਦ ਦੀ ਆਵਾਜ਼ ਸੁਣ ਕੇ ਫੁੱਲੀ ਨਹੀਂ ਸਮਾਉਂਦੀ ਸੀ। ਬੁਢਾਪੇ ਵਿੱਚ ਵਧੇਰੇ ਕਰਕੇ ਔਲਾਦ ਦੀ ਆਵਾਜ਼ ਤੋਂ ਡਰਨ ਲੱਗ ਜਾਂਦੀ ਹੈ। ਜਦੋਂ ਇਹ ਹਾਲਾਤ ਬਣ ਜਾਣ ਤਾਂ ਮਾਂ ਦਾ ਘਰ ਵਿੱਚ ਰਹਿਣਾ ਕੈਦੀ ਵਰਗਾ ਹੋ ਜਾਂਦਾ ਹੈ। ਦੂਸਰੇ ਪਾਸੇ ਜੇਕਰ ਪੁੱਤ ਮਾਂ ਨੂੰ ਬੇਅਕਲ ਦੱਸੇ ਅਤੇ ਪਤਨੀ ਸਾਹਮਣੇ ਬੇਇਜ਼ਤੀ ਕਰੇ ਤਾਂ ਨੂੰਹ ਕੁੱਝ ਵੀ ਬੋਲੇਗੀ। ਪੁੱਤਾਂ ਨੂੰ ਮਾਂਵਾਂ ਦੁੱਧ-ਮੱਖਣਾਂ ਨਾਲ ਪਾਲਦੀਆਂ ਹਨ, ਪਰ ਪੁੱਤ ਵੱਡੇ ਹੋ ਕੇ ਉਸ ਮਾਂ ਦਾ ਜਿਊਣਾ ਔਖਾ ਕਰ ਦਿੰਦੇ ਹਨ, ਜਿਸ ਮਾਂ ਕੋਲੋਂ ਬਦਬੂ ਆਉਂਦੀ ਹੈ, ਉਸ ਮਾਂ ਨੇ ਗੰਦੇ ਨੂੰ ਵੀ ਸੌ ਵਾਰ ਚੁੰਮਿਆ ਹੁੰਦਾ ਹੈ। ਜਿਹੜੇ ਆਪਣੇ ਮਾਂ-ਬਾਪ ਨੂੰ ਦੋਸਤਾਂ ਸਾਹਮਣੇ ਲਿਆਉਣ ਤੋਂ ਸ਼ਰਮ ਮਹਿਸੂਸ ਕਰਦੇ ਹਨ, ਉਹ ਮਾਪਿਆਂ ਦੀ ਬੇਇਜ਼ਤੀ ਕਰ ਰਹੇ ਹੁੰਦੇ ਹਨ। ਜੇਕਰ ਵੱਡੀ ਪਦਵੀ 'ਤੇ ਹੋ ਤਾਂ ਉਹ ਉਨ੍ਹਾਂ ਦੀ ਮਿਹਨਤ ਅਤੇ ਕੁਰਬਾਨੀਆਂ ਸਦਕਾ ਹੋ। ਮਾਂਵਾਂ ਦਾ ਜਾਂ ਮਾਪਿਆਂ ਦਾ ਬਿਰਧ ਆਸ਼ਰਮ ਵਿੱਚ ਆਪਣੇ ਆਪ ਜਾਣਾ ਜਾਂ ਧੋਖੇ ਨਾਲ ਛੱਡ ਆਉਣਾ, ਇਸ ਦੇ ਕਾਰਨ ਬਹੁਤ ਸਾਰੇ ਹੋ ਸਕਦੇ ਹਨ, ਪਰ ਇਸ ਦਾ ਦਰਦ ਅਤੇ ਸੱਟ ਬਹੁਤ ਗਹਿਰਾ ਹੁੰਦਾ ਹੈ। ਦੂਸਰੇ ਪਾਸੇ ਹਰ ਰੋਜ਼ ਡਰ-ਡਰ ਕੇ ਜਿਊਣਾ ਅਤੇ ਬੇਇਜ਼ਤੀ ਬਰਦਾਸ਼ਤ ਕਰਨਾ ਵੀ ਆਸਾਨ ਨਹੀਂ ਹੈ। ਕਦੇ ਮਾਪਿਆਂ ਦੀ ਦਵਾਈ ਲਿਆਉਣੀ ਵਾਧੂ ਖਰਚਾ ਲੱਗਦਾ ਹੈ ਅਤੇ ਕਦੇ ਘਰ ਵਿੱਚ ਘੁੰਮਣਾ ਦਖਲ-ਅੰਦਾਜ਼ੀ ਲੱਗਦਾ ਹੈ। ਹਕੀਕਤ ਇਹ ਹੈ ਕਿ ਕੁੱਝ ਗਿਣੇ-ਚੁਣੇ ਮਾਪਿਆਂ ਨੂੰ ਘਰ ਦਾ ਨਿੱਘ ਨਸੀਬ ਹੋ ਰਿਹਾ ਹੈ। ਪਹਿਲਾਂ ਕਿਹਾ ਤੇ ਸੁਣਿਆ ਜਾਂਦਾ ਸੀ, "ਦੁੱਧਾਂ ਨਾਲ ਪੁੱਤ ਪਾਲ ਕੇ, ਪਾਣੀ ਨੂੰ ਤਰਸਦੀਆਂ ਮਾਂਵਾਂ।" ਪਰ ਹੁਣ ਦੇ ਹਾਲਾਤ ਇਹ ਹਨ, "ਦੁੱਧਾਂ ਨਾਲ ਪੁੱਤ ਪਾਲ ਕੇ, ਆਸ਼ਰਮਾਂ 'ਚ ਰਹਿਣ ਮਾਂਵਾਂ।"

**# ਸੰਪਰਕ : 98150-30221**

# ਪਲਾਟਾਂ 'ਤੇ ਤੀਜੇ ਹਿੱਸੇ ਦੀ ਮੰਗ ਨੂੰ ਲੈ ਕੇ ਮਜ਼ਦੂਰਾਂ ਨੇ ਪੰਚਾਇਤੀ ਜ਼ਮੀਨ 'ਤੇ ਕੀਤਾ ਕਬਜ਼ਾ



**ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪਿੰਡ ਖੋਖਰ ਦੇ ਮਜ਼ਦੂਰਾਂ ਨੇ ਪੇਂਡੂ ਮਜ਼ਦੂਰ ਯੂਨੀਅਨ ਦੀ ਅਗਵਾਈ ਹੇਠ ਰਿਹਾਇਸ਼ੀ ਪਲਾਟਾਂ ਲਈ ਪੰਚਾਇਤ ਜ਼ਮੀਨ ਵਿੱਚੋਂ ਤੀਜੇ ਹਿੱਸੇ ਦੀ ਮੰਗ ਨੂੰ ਲੈ ਕੇ ਪੰਚਾਇਤੀ ਜ਼ਮੀਨ ਉੱਪਰ ਸੈਂਕੜੇ ਮਜ਼ਦੂਰਾਂ ਨੇ ਇਕੱਠੇ ਹੋ ਕੇ ਕਬਜ਼ਾ ਕਰ ਲਿਆ ਹੈ।

ਜ਼ਿਕਰਯੋਗ ਹੈ ਕਿ ਪਿੰਡ ਖੋਖਰ ਦੇ ਮਜ਼ਦੂਰ ਪਿਛਲੇ ਲੰਮੇ ਸਮੇਂ ਤੋਂ ਰਿਹਾਇਸ਼ੀ ਪਲਾਟਾਂ ਤੇ ਪੰਚਾਇਤੀ ਜ਼ਮੀਨ ਵਿੱਚੋਂ ਘੱਟ ਰੇਟ 'ਤੇ ਠੇਕਾ ਤੀਜੇ ਹਿੱਸੇ ਦੀ ਮੰਗ ਕਰ ਰਹੇ ਹਨ। ਇਸ ਸਬੰਧੀ ਡਿਪਟੀ ਕਮਿਸ਼ਨਰ ਮੁਕਤਸਰ ਸਾਹਿਬ, ਪੰਚਾਇਤ ਅਫਸਰ ਤੇ ਗ੍ਰਾਮ ਪੰਚਾਇਤ ਨੂੰ ਕਈ ਵਾਰ ਲਿਖਤੀ ਅਰਜ਼ੀਆਂ ਦਿੱਤੀਆਂ ਜਾ ਚੁੱਕੀਆਂ ਹਨ, ਪਰ ਫਿਰ ਵੀ ਕਿਸੇ ਦੇ ਕੰਨ 'ਤੇ ਜੂੰ ਤੱਕ ਨਹੀਂ ਸਰਕੀ, ਜਿਸ ਦੇ ਰੋਸ ਵਜੋਂ ਪਿੰਡ ਦੇ ਮਜ਼ਦੂਰਾਂ ਨੇ ਆਪਣੇ ਹਿੱਸੇ ਵਿੱਚੋਂ ਕੁਝ ਹਿੱਸਾ ਕਬਜ਼ੇ ਹੇਠ ਕਰ ਲਿਆ ਹੈ।

ਇਸ ਮੌਕੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਪੇਂਡੂ ਮਜ਼ਦੂਰ ਨੂੰ ਪੰਜਾਬ ਯੂਥ ਵਿੰਗ ਦੇ ਸੂਬਾ ਆਗੂ ਲਖਵੰਤ ਕਿਰਤੀ ਤੇ ਜ਼ਿਲ੍ਹਾ ਆਗੂ ਮੰਗਲ ਸਿੰਘ ਖੋਖਰ ਨੇ ਕਿਹਾ ਕਿ ਮਜ਼ਦੂਰਾਂ ਦੀ ਹਾਲਤ ਬਹੁਤ ਮੰਦੀ ਹੈ। ਲੋਕ ਖੁੱਡਿਆਂ ਵਰਗੇ ਘਰਾਂ 'ਚ ਆਪਣਾ ਜੀਵਨ ਨਿਰਵਾਹ ਕਰਨ ਲਈ ਮਜਬੂਰ ਹਨ। ਇਸ ਲਈ ਅਸੀਂ ਪਹਿਲਾਂ ਵੀ ਕਈ ਵਾਰ ਅਧਿਕਾਰੀਆਂ ਨੂੰ ਰਿਹਾਇਸ਼ੀ ਪਲਾਟਾਂ ਲਈ ਲਿਖਤੀ ਅਰਜ਼ੀਆਂ ਦੇ ਚੁੱਕੇ ਹਾਂ, ਪਰ ਵਾਰ ਵਾਰ ਮੰਗ ਕਰਨ ਦੇ ਬਾਵਜੂਦ ਕੋਈ ਸੁਣਵਾਈ ਨਹੀਂ ਹੋਈ। ਇਸ ਦੇ ਨਾਲ ਹੀ ਬੀ ਡੀ ਪੀ ਓ ਦਫਤਰ ਤੋਂ ਪੰਚਾਇਤੀ ਜ਼ਮੀਨਾਂ ਦੀ ਬੋਲੀ ਸਬੰਧੀ ਜਾਰੀ ਹੋਏ ਇਸ਼ਤਿਹਾਰ ਅਨੁਸਾਰ ਪਿੰਡ ਦੀ ਕੁੱਲ ਜ਼ਮੀਨ 19 ਏਕੜ 3 ਕਨਾਲਾਂ ਤੇ 12 ਮਰਲੇ ਦੀ ਬੋਲੀ ਹੁੰਦੀ ਹੈ, ਜਿਸ ਵਿੱਚੋਂ ਦਲਿਤ ਮਜ਼ਦੂਰਾਂ ਲਈ ਰਾਖਵਾਂ ਤੀਜਾ ਹਿੱਸਾ ਲਗਭਗ 6 ਏਕੜ 3 ਕਨਾਲ 12 ਮਰਲੇ ਬਣਦਾ ਹੈ, ਪਰ ਮਜ਼ਦੂਰਾਂ ਨੂੰ ਸਿਰਫ ਲਗਭਗ 2 ਏਕੜ 6 ਕਨਾਲਾਂ ਜ਼ਮੀਨ ਹੀ ਠੇਕੇ 'ਤੇ ਦਿੱਤੀ ਜਾਂਦੀ ਹੈ। ਇਹ ਦਲਿਤ ਮਜ਼ਦੂਰਾਂ ਨਾਲ ਸਰਾਸਰ ਵਿਤਕਰੇਬਾਜ਼ੀ ਤੇ ਨਾਇਨਸਾਫੀ ਹੈ, ਇਸ ਲਈ ਪੇਂਡੂ ਮਜ਼ਦੂਰ ਮੰਗ ਕਰਦੀ ਹੈ ਕਿ ਮਜ਼ਦੂਰਾਂ ਲਈ ਰਿਹਾਇਸ਼ੀ ਪਲਾਟਾਂ ਦਾ ਮਤਾ ਪਾਇਆ ਜਾਵੇ ਤੇ ਪੰਚਾਇਤੀ ਜ਼ਮੀਨ ਦਲਿਤਾਂ ਲਈ ਰਾਖਵਾਂ ਪੂਰਾ ਤੀਜਾ ਹਿੱਸਾ ਘੱਟ ਰੇਟ 'ਤੇ ਠੇਕੇ 'ਤੇ ਮਜ਼ਦੂਰਾਂ ਨੂੰ ਦਿੱਤਾ ਜਾਵੇ। ਇਸ ਮੌਕੇ ਚਰਨਜੀਤ ਕੌਰ, ਵੀਰਪਾਲ ਕੌਰ, ਰਸਪਿੰਦਰ ਕੌਰ, ਜਸਵਿੰਦਰ ਕੌਰ, ਰਾਜ ਕੁਮਾਰ, ਇੰਦਰਜੀਤ ਕੌਰ, ਅਮਨਦੀਪ ਕੌਰ, ਗੁਰਮੇਲ ਸਿੰਘ, ਕਾਲਾ ਸਿੰਘ, ਗੁਰਵਿੰਦਰ ਸਿੰਘ, ਅਜੀਤ ਸਿੰਘ, ਨੋਨਾ ਸਿੰਘ ਆਦਿ ਆਗੂ ਹਾਜ਼ਰ ਸਨ।

# ਬ੍ਰਿਜ ਭੂਸ਼ਣ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ : ਚੌਹਾਨ/ਉੱਡਤ

## ਸੀ ਪੀ ਆਈ ਨੇ ਰੋਸ ਮਾਰਚ ਕਰਕੇ ਮੋਦੀ ਸਰਕਾਰ ਦੀ ਫੂਕੀ ਅਰਥੀ




**ਮਾਨਸਾ (ਆਤਮਾ ਸਿੰਘ ਪਮਾਰ)**-ਮੋਦੀ ਸਰਕਾਰ ਦੇ ਸੱਤਾ ਵਿੱਚ ਆਉਂਦਿਆਂ ਹੀ ਇਸ ਨੇ ਮਹਿੰਗਾਈ, ਬੇਰੁਜ਼ਗਾਰੀ ਤੇ ਭ੍ਰਿਸ਼ਟਾਚਾਰ ਨੂੰ ਵਧਾਉਣ, ਦੇਸ਼ ਵਿੱਚ ਫਿਰਕਾਪ੍ਰਸਤੀ ਫੈਲਾਉਣ ਤੋਂ ਇਲਾਵਾ ਹੋਰ ਕੁਝ ਵੀ ਨਹੀਂ ਕੀਤਾ। ਦੇਸ਼ ਦੀ ਡਿੱਗ ਰਹੀ ਆਰਥਿਕਤਾ ਤੋਂ ਲੋਕਾਂ ਦਾ ਧਿਆਨ ਹਟਾਉਣ ਲਈ ਲੋਕਾਂ ਨੂੰ ਫਿਰਕੂ ਲੀਹਾਂ 'ਤੇ ਵੰਡਿਆਂ ਜਾ ਰਿਹਾ ਹੈ। ਉਕਤ ਸ਼ਬਦਾਂ ਦਾ ਪ੍ਰਗਟਾਵਾ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕ੍ਰਿਸ਼ਨ ਚੌਹਾਨ ਤੇ ਏਟਕ ਦੇ ਸੂਬਾਈ ਆਗੂ ਐਡਵੋਕੇਟ ਕੁਲਵਿੰਦਰ ਉਡਤ ਨੇ ਮੋਦੀ ਸਰਕਾਰ ਦੇ ਅਰਥੀ ਫੂਕ ਮੁਜ਼ਾਹਰੇ ਸਮੇਂ ਠੀਕਰੀਵਾਲਾ ਚੌਕ ਵਿਖੇ ਸਾਥੀਆਂ ਨੂੰ ਸੰਬੋਧਨ ਕਰਦਿਆਂ ਕੀਤਾ। ਆਗੂਆਂ ਨੇ ਕਿਹਾ ਕਿ ਦਿੱਲੀ ਦੇ ਜੰਤਰ ਮੰਤਰ ਵਿਖੇ ਸਾਡੇ ਦੇਸ਼ ਦੇ ਸਨਮਾਨ ਯੋਗ ਇਸਤਰੀ ਪਹਿਲਵਾਨ, ਜੋ ਆਪਣੇ ਹੱਕਾਂ ਦੀ ਪ੍ਰਾਪਤੀ ਤੇ ਇੰਨਸਾਫ ਲਈ ਲੜਾਈ ਲੜ ਰਹੇ ਹਨ ਤੇ ਮੋਦੀ ਸਰਕਾਰ ਦੇ ਇਸ਼ਾਰੇ 'ਤੇ ਪੁਲਸ ਵੱਲੋਂ ਅੱਤਿਆਚਾਰ ਕੀਤਾ ਜਾ ਰਿਹਾ ਹੈ। ਦੋਸ਼ੀ ਬ੍ਰਿਜ ਭੂਸ਼ਣ ਸ਼ਰਨ ਸਿੰਘ 'ਤੇ ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ 'ਤੇ ਐੱਫ ਆਈ ਆਰ ਦਰਜ ਹੋਣ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਹੋ ਰਹੀ। ਕਮਿਊਨਿਸਟ ਆਗੂਆਂ ਨੇ ਕਿਹਾ ਕਿ ਗੈਰ-ਸੰਵਿਧਾਨਕ ਤੇ ਸਰਕਾਰੀ ਧੱਕੇਸ਼ਾਹੀ ਖਿਲਾਫ ਸਮੂਹ ਲੋਕਾਂ ਨੂੰ ਲਾਮਬੰਦ ਹੋ ਕੇ ਪਹਿਲਵਾਨਾਂ ਨੂੰ ਇੰਨਸਾਫ ਦਿਵਾਉਣ ਲਈ ਅੱਗੇ ਆਉਣਾ ਸਮੇਂ ਅਣਸਰਦੀ ਲੋੜ ਹੈ। ਆਗੂਆਂ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਦੋਸ਼ੀ ਬ੍ਰਿਜ ਭੂਸ਼ਣ ਨੂੰ ਸਲਾਖਾਂ ਪਿੱਛੇ ਨਾ ਸੁੱਟਿਆ ਤਾਂ ਸੰਘਰਸ਼ ਹੋਰ ਪ੍ਰਚੰਡ ਰੂਪ ਧਾਰਨ ਕਰ ਸਕਦਾ ਹੈ।

ਇਸ ਮੌਕੇ ਜਗਰਾਜ ਹੀਰਕੇ, ਰੂਪ ਸਿੰਘ ਢਿੱਲੋਂ, ਰਤਨ ਭੋਲਾ, ਬਲਤੇਜ ਸਿੰਘ ਮਾਨਸਾ, ਕਿਰਨਪਾਲ ਸਿੰਘ, ਬੂਟਾ ਸਿੰਘ ਖੀਵਾ, ਮੱਖਣ ਰਾਮਾਨੰਦੀ ਤੋਂ ਇਲਾਵਾ ਭਰਾਤਰੀ ਜਥੇਬੰਦੀਆਂ ਦੇ ਆਗੂ ਇਕਬਾਲ ਮਾਨਸਾ, ਬਲਵਿੰਦਰ ਖਿਆਲਾਂ, ਸੁਖਚਰਨ ਦਾਨੇਵਾਲੀਆ ਤੇ ਨਰਿੰਦਰ ਕੌਰ ਬੁਰਜ ਹਮੀਰਾ ਨੇ ਵੀ ਸੰਬੋਧਨ ਕੀਤਾ।

# ਵਿਅਕਤੀ ਦੀ ਗੋਲੀ ਮਾਰ ਕੇ ਹੱਤਿਆ, ਲਾਸ਼ ਨੈਸ਼ਨਲ ਹਾਈਵੇ 'ਤੇ ਸੁੱਟੀ



**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਸਥਾਨਕ ਬਠਿੰਡਾ-ਅੰਮ੍ਰਿਤਸਰ ਨੈਸ਼ਨਲ ਹਾਈਵੇ-54 'ਤੇ ਪਿੰਡ ਬਾਜਾਖਾਨਾ ਨੇੜੇ ਇੱਕ 55 ਸਾਲਾ ਵਿਅਕਤੀ ਦੀ ਲਾਸ਼ ਮਿਲੀ ਹੈ, ਜਿਸ ਦੀ ਗੋਲੀ ਮਾਰ ਕੇ ਹੱਤਿਆ ਕਰਨ ਤੋਂ ਬਾਅਦ ਲਾਸ਼ ਨੂੰ ਹਾਈਵੇਅ 'ਤੇ ਸੁੱਟ ਦਿੱਤਾ ਗਿਆ ਹੈ। ਮ੍ਰਿਤਕ ਦੀ ਪਛਾਣ ਨਾ ਹੋਣ ਕਾਰਨ ਬਾਜਾਖਾਨਾ ਪੁਲਸ ਨੇ ਅਣਪਛਾਤੇ ਕਾਤਲਾਂ ਖਿਲਾਫ ਕੇਸ ਦਰਜ ਕਰ ਲਿਆ ਹੈ। ਮ੍ਰਿਤਕ ਸਿੱਖ ਧਰਮ ਨਾਲ ਸਬੰਧਤ ਹੈ। ਉਸ ਦੇ ਸਿਰ 'ਤੇ ਹਰੇ ਰੰਗ ਦੀ ਪੱਗ ਬੰਨ੍ਹੀ ਹੋਈ ਹੈ, ਜੋ ਗੋਲੀ ਲੱਗਣ ਨਾਲ ਸਿਰ ਦੇ ਨੇੜੇ ਹੀ ਡਿੱਗੀ ਮਿਲੀ। ਪੁਲਸ ਵੱਲੋਂ ਮ੍ਰਿਤਕ ਦਾ ਹਸਪਤਾਲ 'ਚ ਮੈਡੀਕਲ ਬੋਰਡ ਬਣਾ ਕੇ ਪੋਸਟਮਾਰਟਮ ਕਰਵਾਇਆ ਗਿਆ।

ਪੋਸਟਮਾਰਟਮ ਤੋਂ ਪਤਾ ਲੱਗਾ ਹੈ ਕਿ ਗੋਲੀ ਲੱਗਣ ਕਾਰਨ ਮ੍ਰਿਤਕ ਦੇ ਸਿਰ 'ਤੇ ਗੰਭੀਰ ਸੱਟ ਲੱਗੀ ਸੀ। ਮ੍ਰਿਤਕ ਕੋਲੋਂ ਉਸ ਦੀ ਸ਼ਨਾਖਤ ਸਬੰਧੀ ਕੋਈ ਵੀ ਸ਼ਨਾਖਤੀ ਕਾਰਡ ਜਾਂ ਕੋਈ ਹੋਰ ਕਾਗਜ਼ ਨਹੀਂ ਮਿਲਿਆ। ਪੁਲਸ ਮ੍ਰਿਤਕ ਦੀ ਪਛਾਣ ਕਰਨ 'ਚ ਲੱਗੀ ਹੋਈ ਹੈ।

# ਦਿਹਾਤੀ ਮਜ਼ਦੂਰ ਸਭਾ ਧਿਗਾਣਾ ਵੱਲੋਂ ਨਰੇਗਾ ਮਜ਼ਦੂਰਾਂ ਦੀ ਮੀਟਿੰਗ



**ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਇਕਾਈ ਗੁਰਪ੍ਰੀਤ ਸਿੰਘ ਗੋਰਾ ਦੀ ਅਗਵਾਈ ਹੇਠ ਹੋਈ ਮੀਟਿੰਗ ਵਿੱਚ ਵੱਡੀ ਗਿਣਤੀ 'ਚ ਮਜ਼ਦੂਰ ਔਰਤਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਮਜ਼ਦੂਰਾਂ ਨੂੰ ਸੰਬੋਧਨ ਕਰਦਿਆਂ ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਹਰਜੀਤ ਸਿੰਘ ਮਦਰੱਸਾ ਨੇ ਦੱਸਿਆ ਕਿ ਕੇਂਦਰ ਮੋਦੀ ਸਰਕਾਰ ਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਲਗਾਤਾਰ ਮਜ਼ਦੂਰ ਵਿਰੋਧੀ ਨੀਤੀਆਂ ਨੂੰ ਲਾਗੂ ਕਰਨ ਲਈ ਹਰ ਯਤਨ ਕਰ ਰਹੀ ਮੋਦੀ ਸਰਕਾਰ ਨੇ ਨਰੇਗਾ ਮਜ਼ਦੂਰਾਂ ਦੇ ਵੱਡੀ ਕਟੌਤੀ ਕਰਕੇ ਨਰੇਗਾ ਮਜ਼ਦੂਰਾਂ ਦੇ ਲਗਾਤਾਰ ਕਮਜ਼ੋਰ ਕਰ ਰਹੀ ਹੈ ਅਤੇ ਉਸ ਨਰੇਗਾ ਮਜ਼ਦੂਰਾਂ ਦੀ ਦਿਹਾੜੀ ਵਿੱਚ ਵੀ ਨਿਗੂਣਾ ਜਿਹਾ ਹੀ ਵਾਧਾ ਕੀਤਾ ਹੈ। ਉਨ੍ਹਾਂ ਪੰਜਾਬ ਸਰਕਾਰ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਇਸ ਸਰਕਾਰ ਨੇ ਗਰੀਬਾਂ ਦੀਆਂ ਝੂਠੇ ਲਾਰੇ ਲਾ ਕੇ ਵੋਟਾਂ ਵਟੋਰੀਆਂ, ਪਰ ਹੁਣ ਉਨ੍ਹਾਂ ਹੀ ਗਰੀਬ ਲੋਕਾਂ ਦੇ ਨੀਲੇ ਕਾਰਡ ਕੱਟੇ ਜਾ ਰਹੇ ਹਨ ਅਤੇ ਰਾਸ਼ਨ ਡਿੱਪੂਆਂ ਉੱਪਰ ਮਿਲਣ ਵਾਲੀ ਕਣਕ ਵਿੱਚ 30 ਫੀਸਦੀ ਦੀ ਕਟੌਤੀ ਕੀਤੀ ਗਈ ਹੈ।

# 'ਮਿਹਨਤਕਸ਼ ਲੋਕ ਹੀ ਲੁੱਟ-ਖਸੁੱਟ ਰਹਿਤ ਸਮਾਜ ਦੀ ਸਿਰਜਣਾ ਕਰ ਸਕਦੇ ਹਨ'

## ਸੀ ਪੀ ਆਈ ਜ਼ਿਲ੍ਹਾ ਲੁਧਿਆਣਾ ਵੱਲੋਂ ਕਾਰਲ ਮਾਰਕਸ ਦੇ ਜਨਮ ਦਿਨ 'ਤੇ ਵਿਚਾਰ ਗੋਸ਼ਟੀ



**ਲੁਧਿਆਣਾ (ਐੱਮ ਐੱਸ ਭਾਟੀਆ/ਰੈਕਟਰ ਕਥੂਰੀਆ)**

ਭਾਰਤੀ ਕਮਿਊਨਿਸਟ ਪਾਰਟੀ ਵੱਲੋਂ ਕਾਰਲ ਮਾਰਕਸ ਦੇ ਜਨਮ ਦਿਹਾੜੇ 'ਤੇ 'ਅਜੋਕੇ ਸਮੇਂ ਵਿੱਚ ਮਾਰਕਸਵਾਦ ਦੀ ਸਾਰਥਕਤਾ' ਵਿਸ਼ੇ 'ਤੇ ਵਿਚਾਰ ਗੋਸ਼ਟੀ ਕੀਤੀ ਗਈ। ਗੋਸ਼ਟੀ ਵਿੱਚ ਬੁਲਾਰਿਆਂ ਨੇ ਕਾਰਲ ਮਾਰਕਸ ਦੀਆਂ ਲਿਖਤਾਂ ਨੂੰ ਯਾਦ ਕਰਦੇ ਹੋਏ ਕਿਹਾ ਕਿ ਉਹ ਮਹਾਨ ਦਾਰਸ਼ਨਿਕ ਹਨ, ਜਿਨ੍ਹਾਂ ਨੇ ਦਵੰਦਵਾਦੀ ਤੇ ਇਤਿਹਾਸਕ ਪਦਾਰਥਵਾਦ ਦੀ ਰਚਨਾ ਕੀਤੀ ਅਤੇ ਨਾਲ ਹੀ ਕਮਿਊਨਿਸਟ ਮੈਨੀਫੈਸਟੋ ਲਿਖ ਕੇ ਮਿਹਨਤਕਸ ਜਮਾਤ ਦੀ ਇਨਕਲਾਬੀ ਭੂਮਿਕਾ ਦੀ ਵਿਆਖਿਆ ਕੀਤੀ। ਮਨੁੱਖੀ ਸ਼ਕਤੀ ਦੁਆਰਾ ਕੀਤੇ ਕਾਰਜ ਹੀ ਸਮਾਜਿਕ ਪਰਿਵਰਤਨ ਦਾ ਕਾਰਨ ਬਣਦੇ ਹਨ ਤੇ ਸਾਡੇ ਸਮਾਜ ਵਿੱਚ ਲਗਾਤਾਰ ਹੋ ਰਹੇ ਪਰਿਵਰਤਨ ਇਸੇ ਕਾਰਨ ਹੋਏ। ਮਾਰਕਸ ਦੀ ਇਸ ਸੋਚ ਨੇ ਪ੍ਰਚਲਿਤ ਵਿਚਾਰ ਕਿ ਕੋਈ ਦੈਵੀ ਸ਼ਕਤੀ ਹੀ ਸਮਾਜ ਨੂੰ ਚਲਾ ਰਹੀ ਹੈ, ਨੂੰ ਮੁਢਲੇ ਤੌਰ ਤੋਂ ਨਕਾਰ ਦਿੱਤਾ।

ਸਮਕਾਲੀ ਗਿਆਨ ਤੇ ਵਿਗਿਆਨ ਤੋਂ ਜਾਣਕਾਰੀ ਤੇ ਪ੍ਰੇਰਣਾ ਲੈ ਕੇ ਮਾਰਕਸ ਨੇ ਸਮਾਜਿਕ ਵਿਗਿਆਨ ਤੇ ਮਨੁੱਖੀ ਜੀਵਨ ਬਾਰੇ ਆਪਣੀਆਂ ਰਚਨਾਵਾਂ ਲਿਖੀਆਂ। ਉਨ੍ਹਾਂ ਨੇ ਪ੍ਰਸਿੱਧ ਜੀਵ ਵਿਗਿਆਨੀ ਚਾਰਲਸ ਡਾਰਵਿਨ ਦੀ ਖੋਜ, ਜਿਸ ਵਿੱਚ ਕਿ ਕੁਦਰਤ 'ਚ ਲਗਾਤਾਰ ਪਰਿਵਰਤਨ ਹੋ ਹਰੇ ਹਨ ਤੇ ਪੁਰਾਣੀਆਂ ਵੰਨਗੀਆਂ ਖਤਮ ਹੋ ਕੇ ਨਵੀਆਂ ਬਣਦੀਆਂ ਜਾ ਰਹੀਆਂ ਹਨ, ਦੇ ਸਿਧਾਂਤ ਨੂੰ ਮਨੁੱਖੀ ਸਮਾਜ 'ਤੇ ਲਾਗੂ ਕਰਕੇ ਮਨੁੱਖੀ ਇਤਿਹਾਸ ਨੂੰ ਨਵੇਂ ਤਰੀਕੇ ਨਾਲ ਦੇਖਣ ਦੀ ਗੱਲ ਕਹੀ। ਹੁਣ ਤੱਕ ਦੇ ਨਜ਼ਰੀਏ, ਜਿਸ ਵਿੱਚ ਇਤਿਹਾਸ ਨੂੰ ਰਾਜੇ ਰਜਵਾੜਿਆਂ ਦੇ ਤੌਰ 'ਤੇ ਦੇਖਿਆ ਜਾਂਦਾ ਸੀ, ਉਸ ਨੂੰ ਜਮਾਤੀ ਸੰਘਰਸ਼ ਦੇ ਇਤਿਹਾਸ ਦੇ ਨਜ਼ਰੀਏ ਤੋਂ ਦੇਖਣ ਦੀ ਗੱਲ ਕਹੀ। ਮੱਧਵਰਗੀ ਪਰਿਵਾਰ ਵਿੱਚ ਪੈਦਾ ਹੋਏ ਮਾਰਕਸ ਨੇ ਸਮਾਜ ਵਿੱਚ ਲਗਾਤਾਰ ਇਨਕਲਾਬੀ ਪਰਿਵਰਤਨ ਦੀ ਵਿਆਖਿਆ ਕੀਤੀ ਤੇ ਇਹ ਗੱਲ ਕਹੀ ਕੇ ਮਨੁੱਖੀ ਕੰਮ ਤੇ ਮਿਹਨਤ ਦੇ ਨਾਲ ਨਾਲ ਜਥੇਬੰਦੀ ਬਣਾ ਕੇ ਸੰਘਰਸ਼ ਕਰਨ ਦੀ ਲੋੜ ਹੈ, ਤਾਂ ਕਿ ਸਰਮਾਏਦਾਰੀ ਵੱਲੋਂ ਕੀਤੀ ਜਾਂਦੀ ਲੁੱਟ ਖਤਮ ਕਰਕੇ ਨਿਆਂ ਤੇ ਬਰਾਬਰੀ 'ਤੇ ਅਧਾਰਤ ਸਮਾਜ ਦੀ ਰਚਨਾ ਕੀਤੀ ਜਾ ਸਕੇ, ਜਿਸ ਵਿੱਚ ਪੂੰਜੀ ਉੱਪਰ ਸਮੁੱਚੇ ਸਮਾਜ ਦੀ ਹਿੱਸੇਦਾਰੀ ਹੋਵੇ ਨਾ ਕਿ ਚੰਦ ਲੋਕਾਂ ਦੀ। ਗੋਸ਼ਟੀ ਵਿੱਚ ਕੇਂਦਰ ਸਰਕਾਰ ਵੱਲੋਂ ਵਿਗਿਆਨ ਦੀਆਂ ਕਿਤਾਬਾਂ ਵਿੱਚੋਂ ਚਾਰਲਸ ਡਾਰਵਿਨ ਦੇ ਸਿਧਾਂਤ ਨੂੰ ਕੱਢ ਦੇਣ ਦੀ ਨਿਖੇਧੀ ਕੀਤੀ ਗਈ, ਕਿਉਂਕਿ ਇਹ ਵਿਗਿਆਨਕ ਸੋਚ ਨੂੰ ਖਤਮ ਕਰਕੇ ਰੂੜੀਵਾਦੀ ਤੇ ਮਿਥਿਆਵਾਦੀ ਵਿਚਾਰਧਾਰਾ ਨੂੰ ਪ੍ਰਫੁੱਲਤ ਕਰਨ ਦੀ ਸਾਜ਼ਿਸ਼ ਹੈ। ਵਿਚਾਰ ਚਰਚਾ ਵਿੱਚ ਹਿੱਸਾ ਲੈਣ ਵਾਲਿਆਂ ਵਿੱਚ ਪਾਰਟੀ ਦੇ ਕੌਮੀ ਕੌਂਸਲ ਮੈਂਬਰ ਡਾਕਟਰ ਅਰੁਣ ਮਿੱਤਰਾ, ਸ਼ਹਿਰੀ ਸਕੱਤਰ ਐੱਮ ਐੱਸ ਭਾਟੀਆ, ਰਮੇਸ਼ ਰਤਨ, ਚਰਨ ਸਰਾਭਾ, ਡਾ. ਗੁਲਜ਼ਾਰ ਪੰਧੇਰ, ਗੁਰਮੇਲ ਮੈਲਡੇ, ਵਿਜੇ ਕੁਮਾਰ ਤੇ ਅਜੀਤ ਜਵੱਦੀ ਆਦਿ ਸ਼ਾਮਲ ਸਨ। ਅੰਤ ਵਿੱਚ ਇਸ ਵਿਚਾਰ-ਚਰਚਾ ਦੀ ਪ੍ਰਧਾਨਗੀ ਕਰ ਰਹੇ ਕਾਮਰੇਡ ਨਿਰੰਜਨ ਸਿੰਘ ਨੇ ਸਾਰਿਆਂ ਦਾ ਧੰਨਵਾਦ ਕੀਤਾ।

# ਟਰੇਡ ਯੂਨੀਅਨਾਂ ਨੇ ਪਹਿਲਵਾਨਾਂ ਦੇ ਅੰਦੋਲਨ ਨੂੰ ਦਿੱਤਾ ਸਮਰਥਨ

## *ਬ੍ਰਿਜ ਭੂਸ਼ਣ ਸ਼ਰਨ ਸਿੰਘ ਦੀ ਗ੍ਰਿਫਤਾਰੀ ਦੀ ਮੰਗ*

**ਲੁਧਿਆਣਾ (ਐੱਮ ਐੱਸ ਭਾਟੀਆ, ਰੈਕਟਰ ਕਥੂਰੀਆ)**-ਕੇਂਦਰੀ ਟਰੇਡ ਯੂਨੀਅਨਾਂ ਦਾ ਸਾਂਝਾ ਪਲੇਟਫਾਰਮ ਭਾਜਪਾ ਦੇ ਸੰਸਦ ਮੈਂਬਰ ਤੇ ਭਾਰਤੀ ਪਹਿਲਵਾਨ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਵਿਰੁੱਧ ਸਖਤ ਕਾਰਵਾਈ ਕਰਨ ਦੀ ਨੌਜਵਾਨ ਮਹਿਲਾ ਪਹਿਲਵਾਨਾਂ ਦੀ ਜਾਇਜ਼ ਮੰਗ ਦਾ ਪੂਰੇ ਦਿਲੋਂ ਸਮਰਥਨ ਕਰਦਾ ਹੈ, ਜਿਨ੍ਹਾਂ ਨੇ ਦਰਜ ਕੀਤੀਆਂ ਦੋ ਐੱਫ.ਆਈ.ਆਰ. ਵਿੱਚ ਉਸ ਦੇ ਖਿਲਾਫ, ਜਿਨਸੀ ਤੌਰ 'ਤੇ ਪ੍ਰੇਸ਼ਾਨ ਕਰਨ ਦਾ ਦੋਸ਼ ਲਾਇਆ ਹੈ। ਕੇਂਦਰੀ ਟਰੇਡ ਯੂਨੀਅਨਾਂ ਦਾ ਸਾਂਝਾ ਪਲੇਟਫਾਰਮ ਮੰਗ ਕਰਦਾ ਹੈ ਕਿ ਉਸ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ ਤਾਂ ਜੋ ਜਾਂਚ ਨੂੰ ਬਿਨਾਂ ਉਸ ਦੇ ਦਬਾਅ ਤੇ ਪ੍ਰਭਾਵਤ ਹੇਠ ਅੱਗੇ ਵਧਾਇਆ ਜਾ ਸਕੇ। ਆਪਣੀ ਮਿਹਨਤ ਨਾਲ ਤਮਗੇ ਜਿੱਤ ਕੇ ਦੇਸ਼ ਦਾ ਨਾਂਅ ਰੌਸ਼ਨ ਕਰਨ ਵਾਲੇ ਇਨ੍ਹਾਂ ਨੌਜਵਾਨ ਪਹਿਲਵਾਨਾਂ ਵੱਲੋਂ ਧਰਨਾ ਸਥਲ-ਜੰਤਰ-ਮੰਤਰ ਵਿਖੇ ਪੁਲਸ ਵੱਲੋਂ ਹਰ ਤਰ੍ਹਾਂ ਦੀਆਂ ਅਸੁਵਿਧਾਵਾਂ ਪੈਦਾ ਕਰਕੇ ਉਨ੍ਹਾਂ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਸਭ ਤੋਂ ਬੁਰਾ ਹਾਲ ਉਦੋਂ ਹੋਇਆ ਜਦੋਂ 3 ਮਈ ਦੀ ਰਾਤ ਨੂੰ ਉਨ੍ਹਾਂ 'ਤੇ ਪੁਲਸ ਦੁਆਰਾ ਹਮਲਾ ਕੀਤਾ ਗਿਆ, ਕਿਉਂਕਿ ਉਹ ਆਪਣੇ ਆਪ ਨੂੰ ਬਾਰਸ਼ ਤੋਂ ਬਚਾਉਣ ਦੀ ਕੋਸ਼ਿਸ਼ ਕਰ ਰਹੇ ਸਨ ਤੇ ਆਪਣੀਆਂ ਮੈਟਾਂ ਨੂੰ ਬਦਲ ਰਹੇ ਸਨ ਅਤੇ ਕੁਝ ਬਿਸਤਰੇ ਲੈਣ ਦਾ ਪ੍ਰਬੰਧ ਕਰ ਰਹੇ ਸਨ। ਪੁਲਸ ਨੇ ਇੱਕ ਮਹਿਲਾ ਪੱਤਰਕਾਰ ਸਾਕਸੀ ਜੋਸ਼ੀ ਨਾਲ ਕੁੱਟਮਾਰ ਕੀਤੀ, ਜਿਸ ਦੇ ਕੱਪੜੇ ਫਾੜ ਦਿੱਤੇ। ਪਹਿਲਵਾਨਾਂ ਦੁਆਰਾ ਉਠਾਈ ਗਈ ਆਵਾਜ਼ ਸਾਡੀਆਂ ਸਾਰੀਆਂ ਔਰਤਾਂ ਵਾਸਤੇ ਇਨਸਾਫ ਲਈ ਆਵਾਜ਼ ਹੈ। ਅਸੀਂ ਸਾਰੇ ਇਨ੍ਹਾਂ ਨੌਜਵਾਨ ਲੜਕੀਆਂ ਦੇ ਨਾਲ ਖੜੇ ਹਾਂ ਤੇ ਹਰ ਪੱਧਰ 'ਤੇ ਆਪਣੀਆਂ ਟਰੇਡ ਯੂਨੀਅਨਾਂ ਨੂੰ ਸਮਰਥਨ ਦੇਣ, ਏਕਤਾ ਦੀਆਂ ਕਾਰਵਾਈਆਂ ਦਾ ਆਯੋਜਨ ਕਰਨ, ਪ੍ਰਦਰਸ਼ਨਕਾਰੀਆਂ ਨੂੰ ਆਪਣੇ ਸਮਰਥਨ ਸੰਦੇਸ਼ ਭੇਜਣ ਦੀ ਅਪੀਲ ਕਰਦੇ ਹਾਂ। ਟਰੇਡ ਯੂਨੀਅਨਾਂ ਨੇ ਆਪਣੀ ਮੰਗ ਦੁਹਰਾਈ ਕਿ ਸਰਕਾਰ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੂੰ ਤੁਰੰਤ ਗ੍ਰਿਫਤਾਰ ਕਰੇ ਤੇ ਐੱਫ ਆਈ ਆਰ ਉੱਤੇ ਕਾਰਵਾਈ ਕੀਤੀ ਜਾਵੇ, ਕਿਉਂਕਿ ਇੱਕ ਐੱਫ ਆਈ ਆਰ ਪੋਕਸੋ ਐਕਟ ਦੀ ਵੀ ਮੰਗ ਕਰਦੀ ਹੈ। ਇਹ ਬਿਆਨ ਇੰਟਕ, ਏਟਕ, ਸੀਟੂ, ਐੱਚ ਐੱਮ ਐੱਸ, ਏ ਆਈ ਯੂ ਪੀ ਯੂ ਸੀ, ਟੀ ਯੂ ਸੀ ਸੀ, ਸੇਵਾ, ਏ ਆਈ ਸੀ ਸੀ ਟੀ ਯੂ, ਐੱਲ ਪੀ ਐੱਫ ਤੇ ਯੂ ਟੀ ਯੂ ਸੀ ਵੱਲੋਂ ਏਟਕ ਦੀ ਜਨਰਲ ਸਕੱਤਰ ਕਾਮਰੇਡ ਅਮਰਜੀਤ ਕੌਰ ਦੁਆਰਾ ਜਾਰੀ ਕੀਤਾ ਗਿਆ।

# ਪਹਿਲਵਾਨਾਂ ਦੇ ਸਮਰਥਣ ਲਈ ਕਿਸਾਨਾਂ ਦਾ ਜਥਾ ਦਿੱਲੀ ਰਵਾਨਾ



ਦਿੱਲੀ ਧਰਨੇ 'ਚ ਸ਼ਾਮਲ ਹੋਣ ਸੰਬੰਧੀ ਜਾਣਕਾਰੀ ਦਿੰਦੇ ਕਿਸਾਨ ਆਗੂ।

**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**

ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਪੰਜਾਬ ਦੇ ਸੂਬਾ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਤੇ ਸੰਯੁਕਤ ਮੋਰਚੇ ਦੇ ਸੱਦੇ 'ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਬਲਾਕ ਗਿੱਦੜਬਾਹਾ ਤੋਂ ਕਿਸਾਨਾਂ ਦਾ ਜਥਾ ਪਹਿਲਵਾਨਾਂ ਦੇ ਸਮਰਥਣ ਲਈ ਦਿੱਲੀ ਰਵਾਨਾ ਹੋਇਆ। ਇਸ ਸਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਠਾਣਾ ਸਿੰਘ ਬਲਾਕ ਮੀਤ ਪ੍ਰਧਾਨ ਨੇ ਦੱਸਿਆ ਕਿ ਸੂਬਾ ਕਮੇਟੀ ਦੇ ਸੱਦੇ 'ਤੇ ਦਿੱਲੀ ਵਿਖੇ ਪਹਿਲਵਾਨ ਬੱਚੇ-ਬੱਚੀਆਂ ਵੱਲੋਂ ਇਲਸਾਫ ਲੈਣ ਲਈ ਲਗਾਏ ਗਏ ਧਰਨੇ ਵਿੱਚ ਸ਼ਮੂਲੀਅਤ ਕਰਕੇ ਸਮਰਥਨ ਕਰਾਂਗੇ। ਉਨ੍ਹਾ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇੱਕ ਪਾਸੇ 'ਬੇਟੀ ਬਚਾਓ ਬੇਟੀ ਪੜ੍ਹਾਓ' ਦਾ ਨਾਅਰਾ ਦਿੰਦੇ ਹਨ ਤੇ ਦੂਜੇ ਪਾਸੇ ਭਾਰਤੀ ਕੁਸ਼ਤੀ ਸੰਘ ਦੇ ਪਧਾਨ ਬ੍ਰਿਜ ਭੂਸ਼ਣ ਸ਼ਰਨ ਮੈਂਬਰ ਪਾਰਲੀਮੈਂਟ ਵੱਲੋਂ ਮਹਿਲਾ ਪਹਿਲਵਾਨ ਦੇ ਯੌਨ ਸ਼ੋਸ਼ਣ ਦੇ ਗੰਭੀਰ ਅਰੋਪ ਹੋਣ ਦੇ ਬਾਵਜੂਦ ਕੋਈ ਠੋਸ ਕਾਰਵਾਈ ਨਹੀਂ ਕੀਤੀ ਜਾ ਰਹੀ। ਉਨ੍ਹਾ ਦੱਸਿਆ ਕਿ ਸਾਡੇ ਵਾਂਗ ਪੰਜਾਬ ਵਿੱਚੋਂ ਹਜ਼ਾਰਾਂ ਕਿਸਾਨ ਇਲਸਾਫ ਲਈ ਪਹਿਵਾਨਾਂ ਦਾ ਸਹਿਯੋਗ ਦੇਣ ਲਈ ਦਿੱਲੀ ਵੱਲ ਚਾਲੇ ਪਾ ਚੁੱਕੇ ਹਨ।

ਉਨ੍ਹਾ ਦੱਸਿਆ ਕਿ ਜਦ ਤੱਕ ਪਹਿਲਵਾਨਾਂ ਨੂੰ ਇਨਸਾਫ ਨਹੀਂ ਮਿਲ ਜਾਂਦਾ ਤੇ ਸੂਬਾ ਪ੍ਰਧਾਨ ਦੇ ਅਗਲੇ ਹੁਕਮਾਂ ਤੱਕ ਅਸੀਂ ਉਨ੍ਹਾਂ ਦੇ ਸੰਘਰਸ਼ ਵਿੱਚ ਹਮਾਇਤ ਦਿੰਦੇ ਰਹਾਂਗੇ। ਇਸ ਮੌਕੇ ਠਾਣਾ ਸਿੰਘ ਮੀਤ ਪ੍ਰਧਾਨ ਬਲਾਕ, ਗੁਰਮੀਤ ਇਕਾਈ ਪ੍ਰਧਾਨ, ਰਾਜਾ ਸਿੰਘ ਇਕਾਈ ਪ੍ਰਧਾਨ, ਜਲੌਰ ਸਿੰਘ ਇਕਾਈ ਪ੍ਰਧਾਨ, ਛੋਟਾ ਸਿੰਘ ਮੈਂਬਰ, ਰੇਸ਼ਮ ਸਿੰਘ, ਗੁਰਨਾਮ ਸਿੰਘ, ਬਲਵਿੰਦਰ ਸਿੰਘ, ਗੁਰਜੰਟ ਸਿੰਘ ਮੈਂਬਰ, ਲਾਭ ਸਿੰਘ, ਬੋਘਾ ਸਿੰਘ ਮੈਂਬਰ, ਜਗਜੀਤ ਸਿੰਘ ਮੈਂਬਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।

# ਸਰਵਹਿੱਤਕਾਰੀ ਵਿੱਦਿਆ ਮੰਦਰ ਵਿਖੇ ਰੈੱਡ ਕਰਾਸ ਦਿਵਸ ਮਨਾਇਆ



**ਜਗਰਾਉਂ (ਅਮਿਤ ਖੰਨਾ)**-ਸ਼੍ਰੀਮਤੀ ਸਤੀਸ਼ ਗੁਪਤਾ ਸਰਵਹਿੱਤਕਾਰੀ ਵਿੱਦਿਆ ਮੰਦਰ ਸੀਨੀ: ਸੈਕੰ: ਸਕੂਲ ਵਿਖੇ ਰੈੱਡ ਕ੍ਰਾਸ ਦਿਵਸ ਮਨਾਇਆ ਗਿਆ, ਜਿਸ ਦੀ ਸ਼ੁਰੂਆਤ ਵੰਦਨਾ ਤੇ ਦੀਪ ਪ੍ਰਜੱਵਲਤ ਕਰਕੇ ਕੀਤੀ ਗਈ। ਅਧਿਆਪਕਾ ਸੁਮਨ ਨੇ ਰੈੱਡ ਕ੍ਰਾਸ ਦਿਵਸ ਦੀ ਮਹੱਤਤਾ ਬਾਰੇ ਜਾਣੂ ਕਰਾਉਂਦਿਆਂ ਦੱਸਿਆ ਕਿ ਰੈਡ ਕਰਾਸ ਇੱਕ ਅੰਤਰਰਾਸ਼ਟਰੀ ਸੰਸਥਾ ਹੈ, ਜਿਸ ਦਾ ਮੁੱਖ ਉਦੇਸ਼ ਰੋਗੀਆਂ, ਜ਼ਖ਼ਮੀ ਤੇ ਯੁੱਧ ਦੌਰਾਨ ਮਨੁੱਖਾਂ ਦੀ ਦੇਖਭਾਲ ਕਰਨਾ ਹੈ।

ਰੈੱਡ ਕ੍ਰਾਸ ਮੁਹਿੰਮ ਨੂੰ ਜਨਮ ਦੇਣ ਵਾਲੇ ਮਹਾਨ ਮਾਨਵਤਾ ਪ੍ਰੇਮੀ ਹੈਨਰੀ ਡਯੁਨੇਂਟ ਦਾ ਜਨਮ 8 ਮਈ 1828 ਨੂੰ ਹੋਇਆ ਸੀ। ਇਸ ਲਈ ਉਨ੍ਹਾਂ ਦੇ ਜਨਮ ਦਿਨ ਨੂੰ ਵਿਸ਼ਵ ਰੈੱਡ ਕ੍ਰਾਸ ਡੇਅ ਦੇ ਰੂਪ ਵਿੱਚ ਪੂਰੇ ਵਿਸ਼ਵ ਵਿੱਚ ਮਨਾਇਆ ਜਾਂਦਾ ਹੈ। ਰੈੱਡ ਕ੍ਰਾਸ ਨੇ ਪਹਿਲੇ ਤੇ ਦੂਜੇ ਵਿਸ਼ਵ ਯੁੱਧ ਵਿੱਚ ਮੁੱਖ ਭੂਮਿਕਾ ਨਿਭਾਉਂਦੇ ਹੋਏ ਜ਼ਖ਼ਮੀ ਸੈਨਿਕਾਂ ਤੇ ਨਾਗਰਿਕਾਂ ਦੀ ਮਦਦ ਕੀਤੀ ਸੀ। ਰੈੱਡ ਕ੍ਰਾਸ ਦੇ ਇਨ੍ਹਾਂ ਸੇਵਾ ਕਾਰਜਾਂ ਕਰਕੇ ਹੀ 1917 ਵਿੱਚ ਇਸ ਸੰਸਥਾ ਨੂੰ ਨੋਬਲ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ ਸੀ। ਰੈਡ ਕ੍ਰਾਸ ਦਾ ਮੁੱਖ ਦਫ਼ਤਰ ਜੇਨੇਵਾ ਵਿਚ ਹੈ, ਜੋ ਅਲੱਗ-ਅਲੱਗ ਦੇਸ਼ਾਂ ਵਿੱਚ ਸਥਾਪਤ ਸ਼ਾਖਾਵਾਂ ਦੇ ਨਾਲ ਤਾਲਮੇਲ ਬਿਠਾ ਕੇ ਕੰਮ ਚਲਾ ਰਿਹਾ ਹੈ। ਇਸ ਮੌਕੇ ਅਧਿਆਪਕਾ ਪਵਿੱਤਰ ਕੌਰ ਵੱਲੋਂ ਰੈੱਡ ਕ੍ਰਾਸ ਦਿਵਸ ਉੱਪਰ ਪ੍ਰਸ਼ਨ ਮੰਚ ਪ੍ਰਤੀਯੋਗਤਾ ਵੀ ਕਰਾਈ ਗਈ ਤੇ ਜੇਤੂ ਬੱਚਿਆਂ ਨੂੰ ਪ੍ਰਮਾਣ-ਪੱਤਰ ਦੇ ਕੇ ਸਨਮਾਨਤ ਕੀਤਾ ਗਿਆ। ਪ੍ਰਿੰਸੀਪਲ ਸ਼੍ਰੀਮਤੀ ਨੀਲੂ ਨਰੂਲਾ ਨੇ ਬੱਚਿਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਮਨੁੱਖਤਾ ਦੀ ਸੇਵਾ ਕਰਨਾ ਸਾਡਾ ਸਭ ਤੋਂ ਪਹਿਲਾ ਕਰਤੱਵ ਹੈ। ਮਨੁੱਖਤਾ ਦੀ ਸੇਵਾ ਤੋਂ ਵੱਡਾ ਧਰਮ ਕੋਈ ਨਹੀਂ ਹੈ, ਜਿਸ ਤਰ੍ਹਾਂ ਰੈੱਡ ਕਰਾਸ ਸੰਸਥਾ ਜ਼ਖ਼ਮੀ ਜਾਂ ਰੋਗੀਆਂ ਦੀ ਸਹਾਇਤਾ ਕਰਦੀ ਹੈ, ਉਸੇ ਤਰ੍ਹਾਂ ਸਾਨੂੰ ਵੀ ਸਮਾਜ ਵਿਚ ਰਹਿੰਦੇ ਹੋਏ ਲੋੜਵੰਦ ਜਾਂ ਕਿਸੇ ਗਰੀਬ ਗੁਰਬੇ ਦੀ ਸਹਾਇਤਾ ਕਰਨੀ ਚਾਹੀਦੀ ਹੈ।

# ਵਿਭਾਗੀ ਮੁਖੀ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਦਫਤਰ ਅੱਗੇ ਧਰਨਾ 24 ਨੂੰ



**ਮਾਨਸਾ (ਆਤਮਾ ਸਿੰਘ ਪਮਾਰ)**

ਤਾਲਮੇਲ ਸੰਘਰਸ਼ ਕਮੇਟੀ ਦੀ ਅਹਿਮ ਮੀਟਿੰਗ ਮੱਖਣ ਸਿੰਘ ਵਾਹਿਦਪੁਰੀ ਕਨਵੀਨਰ ਦੀ ਪ੍ਰਧਾਨਗੀ ਹੇਠ ਵਿਭਾਗੀ ਮੁਖੀ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਦਫ਼ਤਰ ਵਿਖੇ ਹੋਈ। ਮਹਿਮਾ ਸਿੰਘ ਧਨੌਲਾ ਕਨਵੀਨਰ ਨੇ ਦੱਸਿਆ ਕਿ ਵਿਭਾਗ ਦੇ ਫੀਲਡ ਮੁਲਾਜ਼ਮਾਂ ਦੀਆਂ ਬਹੁਤ ਸਾਰੀਆਂ ਹੱਕੀ ਤੇ ਜਾਇਜ਼ ਮੰਗਾਂ ਪਿਛਲੇ ਲੰਬੇ ਸਮੇਂ ਤੋਂ ਵਿਭਾਗੀ ਮੁਖੀ ਦੇ ਦਫ਼ਤਰ ਨਾਲ ਸਬੰਧਤ ਹਨ, ਜਿਨ੍ਹਾਂ ਬਾਰੇ ਉਕਤ ਦਫ਼ਤਰ ਨੂੰ ਬਹੁਤ ਵਾਰ ਮੰਗ ਪੱਤਰ ਦਿੱਤੇ ਜਾ ਚੁੱਕੇ ਹਨ ਅਤੇ ਵਿਭਾਗੀ ਮੁੱਖੀ ਵੱਲੋਂ ਜਥੇਬੰਦੀ ਨਾਲ ਵਾਰ ਮੀਟਿੰਗਾਂ ਵੀ ਕੀਤੀਆਂ ਗਈਆਂ ਹਨ, ਪ੍ਰੰਤੂ ਅੱਜ ਤੱਕ ਇੱਕ ਵੀ ਮੀਟਿੰਗ ਦੀ ਪ੍ਰੋਸੀਡਿੰਗ ਜਾਰੀ ਕੀਤੀ ਅਤੇ ਨਾ ਹੀ ਕਿਸੇ ਮੰਗ ਦਾ ਨਿਪਟਾਰਾ ਹੀ ਕੀਤਾ ਗਿਆ ਹੈ, ਇਸ ਦੇ ਉਲਟ ਜਾਣ-ਬੁੱਝ ਕੇ ਫੀਲਡ ਕ੍ਰਮਚਾਰੀਆਂ ਦੇ ਕੇਸਾਂ ਨੂੰ ਉਲਝਾਇਆ ਜਾ ਰਿਹਾ ਹੈ, ਜਿਵੇਂ ਕਿ 6% ਕੋਟੇ ਤਹਿਤ ਜੂਨੀਅਰ ਇੰਜਨੀਅਰ ਦੀਆਂ ਤਰੱਕੀਆਂ ਸਬੰਧੀ ਕ੍ਰਮਚਾਰੀਆਂ ਦੀ ਗ਼ਲਤ ਲਿਸਟ ਹਲਕਾ ਦਫ਼ਤਰਾਂ ਨੂੰ ਭੇਜ ਕੇ ਏ.ਸੀ.ਆਰਜ ਮੰਗੀਆਂ ਜਾ ਰਹੀਆਂ ਹਨ, ਜਦੋਂਕਿ ਸਬੰਧਤ ਕ੍ਰਮਚਾਰੀਆਂ ਦੀ ਸੀਨੀਆਰਤਾ ਸੂਚੀ ਅਜੇ ਤੱਕ ਮੁਕੰਮਲ ਨਹੀਂ ਕੀਤੀ ਗਈ।

ਇਸੇ ਤਰ੍ਹਾਂ ਹੀ ਤਰਸ ਦੇ ਆਧਾਰ 'ਤੇ ਨੌਕਰੀਆਂ ਦੇ 95 ਕੇਸ ਪਿਛਲੇ ਲਗਭਗ ਤਿੰਨ ਸਾਲਾਂ ਤੋਂ ਪੈਂਡਿੰਗ ਚੱਲੇ ਆ ਰਹੇ ਹਨ, ਜਿਨ੍ਹਾਂ ਦੀ ਕੋਈ ਸੁਣਵਾਈ ਨਹੀਂ ਕੀਤੀ ਜਾ ਰਹੀ। ਦਰਜਾ ਚਾਰ ਕ੍ਰਮਚਾਰੀਆਂ ਦੀਆਂ ਸੀਨੀਆਰਤਾ ਦੇ ਅਧਾਰ 'ਤੇ ਪ੍ਰਮੋਸ਼ਨਾਂ ਨਹੀਂ ਕੀਤੀਆਂ ਜਾ ਰਹੀਆਂ। 15% ਕੋਟੇ ਤਹਿਤ ਜੂਨੀਅਰ ਇੰਜਨੀਅਰ ਦੀਆਂ ਤਰੱਕੀਆਂ ਸਬੰਧੀ ਵੀ ਭੰਬਲਭੂਸਾ ਪਿਆ ਹੋਇਆ ਹੈ। ਸੀਨੀਆਰਤਾ ਸੂਚੀ ਸਾਂਝੀ ਹੋਣ ਦੇ ਬਾਵਜੂਦ ਅਦਰ ਸਟੇਟ ਯੂਨੀਵਰਸਿਟੀ ਤੋਂ ਡਿਪਲੋਮਾ ਹੋਲਡਰ ਕ੍ਰਮਚਾਰੀਆਂ ਦੇ ਕੇਸ ਪ੍ਰਮੋਸ਼ਨ ਲਈ ਨਹੀਂ ਵਿਚਾਰੇ ਜਾ ਰਹੇ। ਜੀ.ਪੀ.ਫ਼ੰਡ ਐਡਵਾਂਸ ਤੇ ਫਾਈਨਲ ਅਦਾਇਗੀਆਂ ਦੇ ਕੇਸਾਂ 'ਤੇ ਬੇਲੋੜੇ ਇਤਰਾਜ਼ ਲਾਏ ਜਾ ਰਹੇ ਹਨ। ਬਿੱਕਰ ਸਿੰਘ ਮਾਖਾ ਕਨਵੀਨਰ ਨੇ ਦੱਸਿਆ ਕਿ ਵਿਭਾਗੀ ਮੁਖੀ ਵੱਲੋਂ ਹਰੇਕ ਮੀਟਿੰਗ ਵਿੱਚ ਜਥੇਬੰਦੀ ਨੂੰ ਮਿੱਠੀਆਂ ਗੋਲੀਆਂ ਦੇ ਕੇ ਤੋਰ ਦਿੱਤਾ ਜਾਂਦਾ। ਹੁਣ ਜਥੇਬੰਦੀ ਨੇ ਫੈਸਲਾ ਕੀਤਾ ਹੈ ਕਿ ਜੇਕਰ 23 ਮਈ ਤੱਕ ਸਾਰੀਆਂ ਮੰਗਾਂ ਦਾ ਨਿਪਟਾਰਾ ਨਹੀਂ ਕੀਤਾ ਜਾਂਦਾ ਤਾਂ 24 ਮਈ ਨੂੰ ਵਿਭਾਗੀ ਮੁਖੀ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਪੰਜਾਬ ਦੇ ਮੁੱਖ ਦਫ਼ਤਰ ਵਿਖੇ ਰੋਸ ਧਰਨਾ ਦਿੱਤਾ ਜਾਵੇਗਾ।

ਪੀ.ਡਬਲਿਊ.ਡੀ ਤਾਲਮੇਲ ਸੰਘਰਸ਼ ਕਮੇਟੀ ਦੀ ਮੀਟਿੰਗ ਮੁੱਖ ਇੰਜਨੀਅਰ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਮੁੱਖ ਦਫ਼ਤਰ ਪਟਿਆਲਾ ਨਾਲ ਹੋਈ, ਜਿਸ ਵਿੱਚ ਵਿਭਾਗ ਵਿੱਚ ਕੰਮ ਕਰਦੇ ਆਊਟ ਸੋਰਸਿੰਗ ਤੇ ਇਨਲਿਸਟਡ ਕ੍ਰਮਚਾਰੀਆਂ ਨੂੰ ਵਿਭਾਗ ਵਿਚ ਲਿਆ ਕੇ ਰੈਗੂਲਰ ਕਰਨ ਸਬੰਧੀ ਵਿਸਥਾਰ ਸਹਿਤ ਗੱਲਬਾਤ ਹੋਈ।

ਮੀਟਿੰਗ ਵਿੱਚ ਇਸ ਗੱਲ 'ਤੇ ਸਹਿਮਤੀ ਬਣੀ ਕਿ ਪਹਿਲਾਂ ਉਕਤ ਕ੍ਰਮਚਾਰੀਆਂ ਨੂੰ ਸੀਨੀਆਰਤਾ ਵਾਈਜ ਵਿਭਾਗ ਵਿੱਚ ਕੰਟਰੈਕਟ 'ਤੇ ਲਿਆ ਜਾਵੇ ਅਤੇ ਉਸ ਤੋਂ ਬਾਅਦ ਪਾਲਿਸੀ ਬਣਾ ਕੇ ਉਨ੍ਹਾਂ ਨੂੰ ਰੈਗੂਲਰ ਕੀਤਾ ਜਾਵੇ।

# ਤਨਖਾਹਾਂ ਨਾ ਮਿਲਣ 'ਤੇ ਸਫਾਈ ਸੇਵਕਾਂ ਵੱਲੋਂ ਸ਼ਹਿਰ 'ਚ ਰੋਸ ਮਾਰਚ

## ਸਰਕਾਰ ਖਿਲਾਫ ਕੀਤੀ ਜੰਮ ਕੇ ਨਾਅਰੇਬਾਜ਼ੀ



ਰੋਸ ਪ੍ਰਦਰਸ਼ਨ ਦੌਰਾਨ ਨਾਅਰੇਬਾਜ਼ੀ ਕਰਦੇ ਸਫਾਈ ਕਰਮਚਾਰੀ।

**ਗਿੱਦੜਬਹਾ (ਜਸਵੰਤ ਗਿੱਲ ਛੱਤਿਆਣਾ)**

ਸਫਾਈ ਸੇਵਕ ਯੂਨੀਅਨ ਨਗਰ ਕੌਂਸਲ ਗਿੱਦੜਬਾਹਾ ਵੱਲੋਂ ਯੂਨੀਅਨ ਦੇ ਪ੍ਰਧਾਨ ਰਾਜੇਸ਼ ਕੁਮਾਰ ਬੌਬੀ ਟਾਂਕ ਦੀ ਅਗਵਾਈ ਵਿੱਚ ਕੂੜੇ ਦੀਆਂ ਟਰਾਲੀਆਂ ਭਰ ਕੇ ਸ਼ਹਿਰ ਵਿੱਚ ਰੋਸ ਮਾਰਚ ਕੀਤਾ ਗਿਆ ਤੇ ਰੋਸ ਪ੍ਰਦਰਸ਼ਨ ਕਰਦੇ ਹੋਏ ਪੰਜਾਬ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਇਸ ਸੰਬੰਧੀ ਜਾਣਕਾਰੀ ਦਿੰਦੇ ਯੂਨੀਅਨ ਦੇ ਪ੍ਰਧਾਨ ਰਾਜੇਸ਼ ਕੁਮਾਰ ਬੌਬੀ ਟਾਂਕ ਨੇ ਦੱਸਿਆ ਕਿ ਪਿਛਲੇ ਕਰੀਬ 3-4 ਮਹੀਨਿਆਂ ਤੋਂ ਸਫਾਈ ਸੇਵਕਾਂ ਨੂੰ ਤੇ ਦਫਤਰੀ ਸਟਾਫ ਨੂੰ ਵੀ

ਕਈ ਮਹੀਨਿਆਂ ਤੋਂ ਤਨਖਾਹਾਂ ਨਹੀਂ ਮਿਲੀਆਂ, ਜਿਸ ਕਾਰਨ ਉਨ੍ਹਾਂ ਨੂੰ ਪਰਿਵਾਰ ਚਲਾਉਣ ਵਿੱਚ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਦੋਸ਼ ਲਾਉਂਦਿਆਂ ਕਿਹਾ ਕਿ ਸਰਕਾਰ ਤੇ ਵਿਭਾਗ ਨੇ ਸਾਡੀ ਕੋਈ ਵੀ ਸੁਣਵਾਈ ਨਹੀਂ ਕੀਤੀ, ਜਿਸ ਦੇ ਰੋਸ ਵਜੋਂ ਸਰਕਾਰ ਤੇ ਵਿਭਾਗ ਦੇ ਕੰਨਾਂ ਵਿੱਚ ਆਪਣੀ ਅਵਾਜ਼ ਪਾਉਣ ਲਈ ਸਾਨੂੰ ਸ਼ਹਿਰ ਅੰਦਰ ਕੂੜੇ ਦੀਆਂ ਟਰਾਲੀਆਂ ਭਰ ਕੇ ਪ੍ਰਦਰਸ਼ਨ ਕਰਨਾ ਪੈ ਰਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਪਿਛਲੇ ਲੰਬੇ ਸਮੇ ਤੋਂ ਪੀ. ਐੱਫ. ਜਮ੍ਹਾਂ ਨਹੀਂ ਹੋਇਆ, ਰਿਟਾਇਰਡ ਹੋਏ ਕਰਮਚਾਰੀਆਂ ਨੂੰ ਬਕਾਇਆ ਨਹੀਂ ਮਿਲਿਆ, ਐਕਸਾਇਜ਼ ਡਿਊਟੀ ਨਹੀਂ ਆਈ, ਵੇਟ ਦੀ ਰਾਸ਼ੀ ਨਹੀਂ ਦਿੱਤੀ ਗਈ, ਸਪੈਸ਼ਲ ਗ੍ਰਾਂਟ ਨਹੀਂ ਦਿੱਤੀ ਗਈ। ਉਨ੍ਹਾਂ ਮੰਗ ਕੀਤੀ ਕਿ ਉਨ੍ਹਾਂ ਦੀਆਂ 3-4 ਮਹੀਨਿਆਂ ਦੀਆਂ ਤਨਖਾਹਾਂ ਤੁਰੰਤ ਜਾਰੀ ਕੀਤੀਆਂ ਜਾਣ, ਪੀ.ਐੱਫ. ਉਨ੍ਹਾਂ ਦੇ ਖਾਤਿਆਂ ਵਿੱਚ ਜਮ੍ਹਾਂ ਕਰਾਇਆ ਜਾਵੇ। ਇਸ ਮੌਕੇ ਬਾਲੇ ਰਾਮ ਮੇਟ, ਵਿਜੇ ਮੇਟ, ਰਜਿੰਦਰ ਕੁਮਾਰ ਮੇਟ, ਪਵਨ, ਦੇਸ ਰਾਜ, ਸੱਤਪਾਲ, ਕ੍ਰਿਸ਼ਨ ਲਾਲ ਟਾਂਕ, ਇੰਦਰ ਜੀਤ, ਨੀਲਮ ਰਾਣੀ, ਚੁਨੀਆਂ ਜੈਨ ਤੋਂ ਇਨਾਵਾ ਵੱਡੀ ਗਿਣਤੀ ਵਿੱਚ ਸਫਾਈ ਸੇਵਕ ਹਾਜ਼ਰ ਸਨ।

# ਰੇਣੂ ਸ਼ਰਮਾ ਦੀ ਪਲੇਠੀ ਪੁਸਤਕ 'ਬਾਪੂ ਦੀ ਰੈਣੋ' ਲੋਕ ਅਰਪਣ




**ਧੂਰੀ (ਸੁਖਦੇਵ ਧੂਰੀ)**-ਪੰਜਾਬੀ ਸਾਹਿਤ ਸਭਾ (ਰਜਿ:) ਵੱਲੋਂ ਉੱਭਰਦੀ ਲੇਖਿਕਾ ਰੇਣੂ ਸ਼ਰਮਾ ਹਥਨ ਦੀ ਵਾਰਤਿਕ ਪੁਸਤਕ 'ਬਾਪੂ ਦੀ ਰੈਣੋ' ਭਰਵੇਂ ਇਕੱਠ ਵਿੱਚ ਲੋਕ ਅਰਪਣ ਕੀਤੀ ਗਈ। ਸਵਾਗਤੀ ਸ਼ਬਦਾਂ ਤੋਂ ਬਾਅਦ ਕਿਤਾਬ ਬਾਰੇ ਜਾਣਕਾਰੀ ਦਿੰਦਿਆਂ ਸਭਾ ਦੇ ਪ੍ਰਧਾਨ ਮੂਲ ਚੰਦ ਸ਼ਰਮਾ ਨੇ ਲੇਖਕਾ ਦੇ ਇਸ ਪਲੇਠੇ ਕਦਮ ਨੂੰ ਬਹੁਤ ਹੀ ਸਾਰਥਿਕ ਤੇ ਸੇਧ ਭਰਪੂਰ ਦੱਸਿਆ ਅਤੇ ਛੋਟੀ ਉਮਰ ਵਿੱਚ ਹੀ ਮਾਨਵਵਾਦੀ ਸੋਚ ਅਪਣਾਉਣ ਲਈ ਰੇਣੂ ਸ਼ਰਮਾ ਅਤੇ ਉਨ੍ਹਾਂ ਦੇ ਸਮੁੱਚੇ ਪਰਿਵਾਰ ਨੂੰ ਮੁਬਾਰਕਬਾਦ ਦਿੱਤੀ।

ਇਸ ਤੋਂ ਇਲਾਵਾ ਪ੍ਰਿੰਸੀਪਲ ਸੁਖਜੀਤ ਕੌਰ ਸੋਹੀ, ਟਰੇਡ ਯੂਨੀਅਨ ਆਗੂ ਸੁਖਦੇਵ ਸ਼ਰਮਾ, ਲਿਖਾਰੀ ਸਭਾ ਸੰਗਰੂਰ ਦੇ ਪ੍ਰਧਾਨ ਕਰਮ ਸਿੰਘ ਜ਼ਖ਼ਮੀ ਤੇ ਸੰਤ ਜਗਦੀਸ਼ ਰਾਏ ਸ਼ਰਮਾ ਨੇ ਵੀ ਲੇਖਿਕਾ ਦੇ ਹਵਾਲੇ ਨਾਲ਼ ਧੀਆਂ, ਭੈਣਾਂ ਤੇ ਮਾਂਵਾਂ ਦਾ ਮਾਣ ਸਤਿਕਾਰ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਦੂਜੇ ਦੌਰ ਵਿੱਚ ਮੈਨੇਜਰ ਜਗਦੇਵ ਸ਼ਰਮਾ ਬੁਗਰਾ ਦੇ ਮੰਚ ਸੰਚਾਲਨ ਦੌਰਾਨ ਹੋਏ ਵਿਸ਼ਾਲ ਕਵੀ ਦਰਬਾਰ ਵਿੱਚ ਰਵੀ ਨਿਰਦੋਸ਼, ਪੇਂਟਰ ਸੁਖਦੇਵ ਸਿੰਘ, ਗੁਰਮੀਤ ਸੋਹੀ, ਮਹਿੰਦਰ ਜੀਤ ਸਿੰਘ, ਚਰਨਜੀਤ ਮੀਮਸਾ, ਜਗਤਾਰ ਸਿੰਘ ਸਿੱਧੂ, ਸੇਵਾ ਸਿੰਘ ਧਾਲੀਵਾਲ, ਸੰਜੇ ਲਹਿਰੀ, ਅਸ਼ੋਕ ਭੰਡਾਰੀ, ਸੁਖਵਿੰਦਰ ਹਥੋਆ, ਰਮੇਸ਼ ਕੁਮਾਰ, ਰਣਜੀਤ ਆਜ਼ਾਦ ਕਾਂਝਲਾ, ਸੁਰਿੰਦਰ ਅਜਨਬੀ , ਸੁੱਖੀ ਮੂਲੋਵਾਲ, ਸੁਰਜੀਤ ਸਿੰਘ ਮੌਜੀ, ਪਾਲ ਈਸੜੇ ਵਾਲ਼ਾ, ਕਰਨਜੀਤ ਸੋਹੀ, ਸੁਖਦੇਵ ਰਾਮ ਲੱਡਾ, ਦੇਵੀ ਸਰੂਪ ਮੀਮਸਾ, ਬਲਵੰਤ ਕੌਰ ਘਨੌਰੀ, ਖੁਸ਼ਪ੍ਰੀਤ ਕੌਰ, ਨੇਹਚਰਪ੍ਰੀਤ ਕੌਰ, ਕੁਲਜੀਤ ਧਵਨ, ਪਰਮਜੀਤ ਸੰਧੂ ਤੇ ਗੁਰਦਿਆਲ ਨਿਰਮਾਣ ਧੂਰੀ ਨੇ ਆਪਣੀਆਂ ਸੱਜਰੀਆਂ ਤੇ ਚੋਣਵੀਆਂ ਰਚਨਾਵਾਂ ਪੇਸ਼ ਕਰਕੇ ਖ਼ੂਬ ਰੰਗ ਬੰਨ੍ਹਿਆ। ਅੰਤ ਪੁਸਤਕ ਦੀ ਲੇਖਿਕਾ ਰੇਣੂ ਸ਼ਰਮਾ ਤੇ ਉਨ੍ਹਾਂ ਦੇ ਮਾਰਗ ਦਰਸ਼ਕ ਤੇ ਪ੍ਰਸਿੱਧ ਖੇਡ ਲੇਖਕ ਅਜਮੇਰ ਸਿੰਘ ਫਰੀਦਪੁਰ ਨੂੰ ਸਨਮਾਨਤ ਕੀਤਾ ਗਿਆ।

# ਪੈਨਸ਼ਨਰ ਆਪਣੀਆਂ ਮੰਗਾਂ ਮੰਨਣ ਤੱਕ ਸੰਘਰਸ਼ ਜਾਰੀ ਰੱਖਣਗੇ : ਮੈਲਡੇ



**ਮੁੱਲਾਂਪੁਰ ਦਾਖਾ (ਪੱਤਰ ਪ੍ਰੇਰਕ)**

ਇੱਥੇ ਪੰਜਾਬ ਪੈਨਸ਼ਨਰ ਯੂਨੀਅਨ ਰਜਿਸਟਰਡ ਬਰਾਂਚ ਜਗਰਾਉਂ ਦੀ ਮੀਟਿੰਗ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਯਾਦਗਾਰੀ ਭਵਨ ਜਗਰਾਉਂ ਵਿਖੇ ਸਾਥੀ ਜਗਦੀਸ਼ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਵਿੱਛੜੇ ਸਾਥੀਆਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਕੇ ਮੋਨ ਧਾਰਿਆ ਗਿਆ। ਸੀਨੀਅਰ ਆਗੂ ਸਵਰਨ ਸਿੰਘ ਹਠੂਰ ਨੇ ਕਿਹਾ ਕਿ ਪੰਜਾਬ ਸਰਕਾਰ ਪੈਨਸ਼ਨਰਾਂ ਤੇ ਮੁਲਾਜ਼ਮਾਂ ਦੀਆਂ ਮੰਗਾਂ ਬਾਰੇ ਸੰਜੀਦਾ ਨਹੀਂ ਹੈ। ਇਹ ਸਭ ਸੱਤਾ ਵਿੱਚ ਆਉਣ ਤੋਂ ਪਹਿਲਾਂ ਆਮ ਚੋਣਾਂ ਵਿੱਚ ਜੋ ਵਾਅਦੇ ਕੀਤੇ ਸਨ, ਉਹ ਭੁਲਾ ਦਿੱਤੇ ਗਏ, ਇਸ ਕਰਕੇ ਸੰਘਰਸ਼ ਕਰਨ ਲਈ ਪੈਨਸ਼ਨਰ ਮਜਬੂਰ ਹਨ। ਸੂਬਾ ਪ੍ਰਧਾਨ ਗੁਰਮੇਲ ਸਿੰਘ ਮੈਲਡੇ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਸੰਗਰੂਰ, ਚੰਡੀਗੜ੍ਹ ਵੱਡੀਆਂ ਰੈਲੀਆਂ ਵਿੱਚ ਮੁਲਾਜ਼ਮਾਂ ਤੇ ਪੈਨਸ਼ਨਰਾਂ ਵਿੱਚ ਪਾਏ ਜਾ ਰਹੇ ਬੇਚੈਨੀ ਤੇ ਰੋਸ ਨੂੰ ਵੇਖਦੇ ਹੋਏ ਪੰਜਾਬ ਐਂਡ ਯੂ. ਟੀ. ਪੈਨਸ਼ਨਰ ਤੇ ਮੁਲਾਜ਼ਮਾਂ ਸਾਂਝਾ ਫਰੰਟ ਦੇ ਆਗੂਆਂ ਨੂੰ ਮੁੱਖ ਮੰਤਰੀ ਪੰਜਾਬ ਨੇ ਮਿਲਣ ਲਈ ਲਿਖਤੀ ਪੱਤਰ ਦੇ ਕੇ ਮੀਟਿੰਗ ਦੀ ਮਿਤੀ ਤਹਿ ਕੀਤੀ, ਪਰ ਮੀਟਿੰਗ ਵਾਲੀ ਤਾਰੀਕ ਨੂੰ ਮੁੱਖ ਮੰਤਰੀ ਨੇ ਪੈਨਸ਼ਨਰ/ਮੁਲਾਜ਼ਮਾਂ ਦੇ ਵਫਦ ਨਾਲ ਮੀਟਿੰਗ ਨਹੀਂ ਕੀਤੀ ਤੇ ਵਫਦ ਨੂੰ ਟਾਲ ਦਿੱਤਾ। ਮੁੱਖ ਮੰਤਰੀ ਦੇ ਇਸ ਰਵੱਈਏ ਤੋਂ ਪ੍ਰੇਸ਼ਾਨ ਸਾਂਝਾ ਫਰੰਟ ਦੇ ਆਗੂਆਂ ਨੇ ਫੈਸਲਾ ਕਰਕੇ ਜਲੰਧਰ ਜ਼ਿਮਨੀ ਚੋਣ ਵਿੱਚ ਝੰਡਾ ਮਾਰਚ ਕਰਨ ਸਬੰਧੀ ਫੈਸਲਾ ਕਰ ਲਿਆ ਹੈ। ਸਿੱਟੇ ਵਜੋਂ ਆਦਮਪੁਰ, ਨਕੋਦਰ ਤੇ ਜਲੰਧਰ ਸ਼ਹਿਰ ਵਿੱਚ ਝੰਡਾ ਮਾਰਚ ਕੀਤਾ ਗਿਆ, ਪਰ ਪੰਜਾਬ ਸਰਕਾਰ ਨੇ ਹੁਣ ਤੱਕ ਨਾ ਤਾਂ ਮੰਗਾਂ ਦੀ ਪੂਰਤੀ ਕੀਤੀ ਹੈ ਤੇ ਨਾ ਹੀ ਮੰਗਾਂ ਸਬੰਧੀ ਗੱਲਬਾਤ ਕਰਨ ਲਈ ਕੋਈ ਸਮਾਂ ਦਿੱਤਾ ਹੈ। ਮੰਗਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਪੈਨਸ਼ਨ ਸੋਧ ਫਾਰਮੂਲਾ 2.59 ਲਾਗੂ ਕਰਨਾ, ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਤੇ ਉਨ੍ਹਾਂ ਦਾ ਬਕਾਇਆ ਤੁਰੰਤ ਦੇਣਾ, ਜੁਲਾਈ 2015 ਤੋਂ ਦਸੰਬਰ 2015 ਤੱਕ ਦਾ ਡੀ.ਏ. ਦਾ ਏਰੀਅਰ ਖਾਤਿਆਂ ਵਿੱਚ ਪਾਉਣਾ, ਪੇ-ਕਮਿਸ਼ਨ ਦੀ ਰਿਪੋਰਟ ਦਾ ਏਰੀਅਰ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਤੁਰੰਤ ਦਿੱਤਾ ਜਾਵੇ, ਮਿਲਣ ਵਾਲਿਆਂ ਭੱਤਿਆਂ ਮੈਡੀਕਲ ਅਲਾਊਂਸ ਦੀ ਰਕਮ ਦੁੱਗਣੀ ਕਰਨੀ, ਕੱਚੇ ਕਰਮਚਾਰੀ ਪੱਕੇ ਕਰਨੇ, ਖਾਲੀ ਅਸਾਮੀਆਂ ਰੈਗੂਲਰ ਤੌਰ 'ਤੇ ਭਰਨੀਆਂ, ਸਰਕਾਰੀ ਵਿਭਾਗਾਂ ਦਾ ਨਿੱਜੀਕਰਨ ਬੰਦ ਕਰਨਾ ਆਦਿ ਭਖਦੀਆਂ ਮੰਗਾਂ ਹਨ। ਆਮ ਚੋਣਾਂ ਤੋਂ ਪਹਿਲਾਂ ਇਹ ਮੰਗਾਂ ਸਬੰਧੀ ਆਪ ਸਰਕਾਰ ਵਿਚ ਮੰਤਰੀ ਮੰਗਾਂ ਦੀ ਹਮਾਇਤ ਕਰਕੇ ਵਾਅਦਾ ਕਰਦੇ ਸਨ ਕਿ ਸਾਡੀ ਸਰਕਾਰ ਆਉਣ 'ਤੇ ਪਹਿਲ ਦੇ ਆਧਾਰ 'ਤੇ ਇਨ੍ਹਾਂ ਦਾ ਹੱਲ ਕਰ ਦਿੱਤਾ ਜਾਵੇਗਾ। ਹੁਣ ਸਰਕਾਰ ਇਸ ਸਭ ਕੁਝ ਕਰਨ ਲਈ ਮੀਟਿੰਗਾਂ ਵੀ ਨਹੀਂ ਕਰਦੀ। ਮਤਲਬ ਸਾਫ ਹੈ ਕਿ ਪਹਿਲੀਆਂ ਸਰਕਾਰਾਂ ਤੇ ਇਸ ਮੌਜੂਦਾ ਸਰਕਾਰ ਵਿੱਚ ਕੋਈ ਅੰਤਰ ਨਹੀਂ। ਬੁਢਾਪਾ ਹੰਢਾਅ ਰਹੇ ਪੈਨਸ਼ਨਰ ਆਪਣੀਆਂ ਮੰਗਾਂ ਲਈ ਕਿਸੇ ਨਾ ਕਿਸੇ ਰੂਪ ਵਿੱਚ ਸੰਘਰਸ਼ ਜਾਰੀ ਰੱਖਣਗੇ। ਇਸ ਸਮੇਂ ਬਰਾਂਚ ਸਕੱਤਰ ਪਰਮਜੀਤ ਸਿੰਘ, ਪ੍ਰਿਤਪਾਲ ਸਿੰਘ ਪੰਡੋਰੀ, ਕੈਸ਼ੀਅਰ ਦਲਜੀਤ ਸਿੰਘ ਚੂਹੜਚੱਕ, ਰਣਧੀਰ ਸਿੰਘ ਰੌਲੀ, ਜਗਸੀਰ ਸਿੰਘ ਤੇ ਹਰਪਾਲ ਸਿੰਘ ਆਦਿ ਹਾਜ਼ਰ ਸਨ।

# ਵਿਸ਼ਵ ਰੈੱਡ ਕਰਾਸ ਦਿਵਸ ਮੌਕੇ ਟੀ ਬੀ ਦੇ ਰੋਗੀਆਂ ਨੂੰ ਨਿਊਟ੍ਰੀਸ਼ਨ ਕਿੱਟਾਂ ਵੰਡੀਆਂ



**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਸੂਰਜ ਕੁਮਾਰ ਪੀਸੀਐੱਸ ਸਹਾਇਕ ਕਮਿਸ਼ਨਰ (ਜ)-ਕਮ-ਅਵੈਤਨੀ ਸਕੱਤਰ, ਫਿਰੋਜ਼ਪੁਰ ਵੱਲੋਂ ਵਿਸ਼ਵ ਰੈੱਡ ਕਰਾਸ ਦਿਵਸ ਮੌਕੇ ਟੀਬੀ ਦੇ ਰੋਗੀਆਂ ਨੂੰ ਨਯੂਟਰੀਸ਼ਨ ਕਿੱਟਾਂ ਦੀ ਵੰਡ ਕੀਤੀ ਗਈ। ਉਨ੍ਹਾਂ ਨਾਲ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਜਸਵੰਤ ਸਿੰਘ ਬੜੈਚ ਅਤੇ ਸਕੱਤਰ ਰੈੱਡ ਕਰਾਸ ਅਸ਼ੋਕ ਬਹਿਲ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।ਸੂਰਜ ਕੁਮਾਰ ਨੇ ਦੱਸਿਆ ਕਿ ਰੈੱਡ ਕਰਾਸ ਫਿਰੋਜ਼ਪੁਰ ਵੱਲੋਂ ਹਰ ਮਹੀਨੇ ਟੀਬੀ ਦੇ 100 ਰੋਗੀਆਂ ਨੂੰ ਨਿਯੂਟਰੀਸ਼ਨ ਕਿੱਟਾਂ ਦਿੱਤੀਆਂ ਜਾਂਦੀਆਂ ਹਨ ਤਾਂ ਜੁ ਉਨ੍ਹਾਂ ਨੂੰ ਪੌਸ਼ਟਿਕ ਭੋਜਨ ਮੁਹੱਈਆ ਹੋ ਸਕੇ ਤੇ ਉਹ ਜਲਦ ਸਿਹਤਮੰਦ ਹੋ ਸਕਣ।ਅਸ਼ੋਕ ਬਹਿਲ ਸਕੱਤਰ ਰੈੱਡ ਕਰਾਸ ਨੇ ਦੱਸਿਆ ਕਿ ਜ਼ਿਲ੍ਹਾ ਰੈੱਡ ਕਰਾਸ ਸ਼ਾਖਾ ਫ਼ਿਰੋਜ਼ਪੁਰ ਵੱਲੋਂ ਲੋੜਵੰਦ ਇਸਤਰੀਆਂ ਨੂੰ ਸਵੈ-ਰੁਜ਼ਗਾਰ ਚਲਾਉਣ ਲਈ ਸਿਲਾਈ ਮਸ਼ੀਨਾਂ, ਦਿਵਿਯਾਂਗਜਨਾਂ ਨੂੰ ਮੋਟਰਾਈਜ਼ਡ ਟਰਾਈਸਾਈਕਲ, ਟਰਾਈਸਾਈਕਲ ਤੇ ਵੀਲ੍ਹਚੇਅਰਾਂ ਦੀ ਵੰਡ ਕੀਤੀ ਜਾਂਦੀ ਹੈ।ਇਸ ਤੋਂ ਇਲਾਵਾ ਸ੍ਰੀ ਰਾਮ ਬਾਗ ਬਿਰਧ ਆਸ਼ਰਮ ਫ਼ਿਰੋਜ਼ਪੁਰ ਛਾਉਣੀ, ਅੰਧ ਵਿਦਿਆਲਿਆ ਫ਼ਿਰੋਜ਼ਪੁਰ ਤੇ ਫਿਰੋਜ਼ਪੁਰ ਵੈਲਫੇਅਰ ਕਲੱਬ ਨੂੰ ਗਤੀਵਿਧੀਆਂ ਲਈ ਸਮੇਂ-ਸਮੇਂ 'ਤੇ ਮਾਲੀ ਸਹਾਇਤਾ ਵੀ ਦਿੱਤੀ ਜਾਂਦੀ ਹੈ।ਉਨ੍ਹਾਂ ਕਿਹਾ ਕਿ ਲੋੜਵੰਦ ਮਰੀਜ਼ਾਂ ਨੂੰ ਇਲਾਜ/ਦਵਾਈਆਂ ਲਈ ਸਹਾਇਤਾ ਦਿੱਤੀ ਜਾਂਦੀ ਹੈ।ਇਸ ਤੋਂ ਇਲਾਵਾ ਰੈੱਡ ਕਰਾਸ ਸ਼ਾਖਾ ਫ਼ਿਰੋਜ਼ਪੁਰ ਵੱਲੋਂ ਸਿਵਲ ਹਸਪਤਾਲ ਫ਼ਿਰੋਜ਼ਪੁਰ ਵਿਚ ਆਮ ਲੋਕਾਂ ਲਈ ਵਾਜਬ ਰੇਟਾਂ 'ਤੇ ਜੈਨਰਿਕ ਦਵਾਈਆਂ ਤੇ ਫਿਜ਼ੀਓਥਰੈਪੀ ਦੀ ਸੁਵਿਧਾ ਉਪਲਬਧ ਹੈ।ਉਨ੍ਹਾਂ ਦੱਸਿਆ ਕਿ ਉਕਤ ਸਮਾਜ ਭਲਾਈ ਦੇ ਕੰਮਾਂ 'ਤੇ ਸਾਲ 2022-23 ਦੌਰਾਨ 40 ਲੱਖ ਤੋਂ ਵੱਧ ਦੀ ਰਾਸ਼ੀ ਖਰਚ ਕੀਤੀ ਗਈ।ਇਸ ਮੌਕੇ ਮੈਡੀਕਲ ਅਫਸਰ ਡਾ. ਅਰੁਣ ਨੰਦਾ, ਹਰੀਸ਼ ਮੋਂਗਾ ਤੇ ਮਹਿੰਦਰ ਪਾਲ ਬਜਾਜ ਮੈਂਬਰ ਰੈੱਡ ਕਰਾਸ ਵੀ ਹਾਜ਼ਰ ਸਨ।

# ਸੀ ਪੀ ਆਈ ਵੱਲੋਂ ਪੈਦਲ ਮਾਰਚ ਮੁਹਿੰਮ ਤਹਿਤ ਧੂੜਕੋਟ ਰਣਸੀਂਹ 'ਚ ਰੈਲੀ



**ਨਿਹਾਲ ਸਿੰਘ ਵਾਲਾ (ਨਛੱਤਰ ਸੰਧੂ)**

ਭਾਰਤੀ ਕਮਿਊਨਿਸਟ ਪਾਰਟੀ ਦੀ ਕੌਮੀ ਕੌਂਸਲ ਦੇ ਸੱਦੇ ਤਹਿਤ 14 ਅਪ੍ਰੈਲ ਤੋਂ 15 ਮਈ ਤੱਕ ਪੈਦਲ ਮਾਰਚ ਦੀ ਮੁਹਿੰਮ ਤਹਿਤ ਜ਼ਿਲ੍ਹਾ ਮੋਗਾ ਅੰਦਰ ਇਹ ਮੁਹਿੰਮ ਲਗਾਤਾਰ ਜਾਰੀ ਹੈ। ਇਹ ਜਾਣਕਾਰੀ ਦਿੰਦਿਆਂ ਦੇ ਸੀਨੀਅਰ ਆਗੂ ਕਾਮਰੇਡ ਗੁਰਦਿੱਤ ਸਿੰਘ ਦੀਨਾ ਸਿੰਘ ਨੇ ਦੱਸਿਆ ਕਿ ਪਿੰਡ ਧੂੜਕੋਟ ਰਣਸੀਂਹ ਵਿਖੇ ਘਰ ਘਰ ਦੋ-ਵਰਕੀ ਵੰਡਣ ਉਪਰੰਤ ਇਕ ਮੀਟਿੰਗ ਪਿੰਡ ਦੇ ਪਾਰਕ ਵਿੱਚ ਕੀਤੀ ਗਈ, ਜਿਸ ਨੂੰ ਪਾਰਟੀ ਦੇ ਕੰਟਰੋਲ ਕਮਿਸ਼ਨ ਮੈਂਬਰ ਕਾਮਰੇਡ ਜਗਜੀਤ ਸਿੰਘ ਨਿਹਾਲ ਸਿੰਘ ਵਾਲਾ ਤੇ ਪਾਰਟੀ ਦੇ ਜ਼ਿਲ੍ਹਾ ਸਕੱਤਰ ਕੁਲਦੀਪ ਸਿੰਘ ਭੋਲਾ ਨੇ ਵਿਸ਼ੇਸ਼ ਤੌਰ 'ਤੇ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਕੇਂਦਰੀ ਸੱਤਾ 'ਤੇ ਕਾਬਜ਼ ਬੀਜੇਪੀ ਨੇ 2019 ਵਿੱਚ ਪੁਲਵਾਮਾ ਵਰਗਾ ਕਥਿਤ ਕਾਂਡ ਰਚ ਕੇ ਲੋਕਾਂ ਨੂੰ ਗੁੰਮਰਾਹ ਕਰਕੇ ਤਿੰਨ ਸੌ ਤੋਂ ਵਧੇਰੇ ਲੋਕ ਸਭਾ ਸੀਟਾਂ 'ਤੇ ਕਬਜ਼ਾ ਕੀਤਾ ਸੀ। ਹੁਣ ਇਸੇ ਬਹੁ-ਗਿਣਤੀ ਦੇ ਬਲਡੋਜ਼ਰ ਰਾਹੀਂ ਲੋਕਾਂ ਦੇ ਰੋਜ਼ੀ-ਰੋਟੀ (ਰੁਜ਼ਗਾਰ) ਦੇ ਮਸਲਿਆਂ ਨੂੰ ਦਰਕਿਨਾਰ ਕਰਕੇ ਸਾਰੇ ਸੰਵਿਧਾਨਕ ਅਦਾਰਿਆਂ ਚੋਣ ਕਮਿਸ਼ਨ, ਅਦਾਲਤਾਂ, ਸੀ ਬੀ ਆਈ, ਈ ਡੀ, ਆਦਿ 'ਤੇ ਕਬਜ਼ਾ ਕਰ ਲਿਆ ਗਿਆ ਹੈ। ਅਦਾਲਤਾਂ ਰਾਹੀਂ ਨਿਆਂ ਪੂਰਨ ਫੈਸਲਿਆਂ ਨੂੰ ਪ੍ਰਭਾਵਿਤ ਕੀਤਾ ਜਾ ਰਿਹਾ ਹੈ। ਜਾਂਚ ਏਜੰਸੀਆਂ ਦੀ ਕਥਿਤ ਦਖਲ ਅੰਦਾਜ਼ੀ ਰਾਹੀਂ ਵਿਰੋਧੀਆਂ ਨੂੰ ਗੁੱਠੇ ਲਾਇਆ ਜਾ ਰਿਹਾ ਹੈ। ਪਾਰਲੀਮੈਂਟ ਵਿੱਚ ਬਹਿਸ ਕਰਵਾਉਣ ਤੋਂ ਬਗੈਰ ਹੀ ਲੋਕ ਵਿਰੋਧੀ ਫੈਸਲੇ ਠੋਸੇ ਜਾ ਰਹੇ ਹਨ।

ਅਪਰਾਧੀਆਂ ਨੂੰ ਜੇਲ੍ਹਾਂ ਵਿੱਚੋਂ ਅਜ਼ਾਦ ਕੀਤਾ ਜਾ ਰਿਹਾ। ਵਿਚਾਰਕ ਵਿਰੋਧੀ ਅਪਰਾਧੀਆਂ ਨੂੰ ਸ਼ਰੇਆਮ ਪੁਲਸ ਤੇ ਕੈਮਰਿਆਂ ਦੀ ਹਾਜ਼ਰੀ 'ਚ ਕਥਿਤ ਤੌਰ 'ਤੇ ਕਤਲ ਤੱਕ ਕੀਤਾ ਜਾ ਰਿਹਾ ਹੈ। ਹੁਣ ਜਦੋਂ ਪਾਰਲੀਮੈਂਟ ਦੀਆਂ ਵੋਟਾਂ ਵਿੱਚ ਸਿਰਫ ਇੱਕ ਸਾਲ ਬਾਕੀ ਰਹਿ ਗਿਆ ਹੈ ਤਾਂ ਬੀ ਜੇ ਪੀ ਫਿਰ ਧਾਰਮਿਕ ਧਰੁਵੀਕਰਨ ਰਾਹੀਂ ਹੀ ਸੱਤਾ 'ਤੇ ਕਬਜ਼ ਹੋਣਾ ਤਹਿ ਕਰੀ ਬੈਠੀ ਹੈ। ਉਕਤ ਆਗੂਆਂ ਨੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਕਿਰਤ ਕਰਕੇ ਖਾਣ ਵਾਲੇ ਲੋਕਾਂ ਨੂੰ ਦਿੱਲੀ ਕਿਸਾਨ ਮੋਰਚਾ (ਲੋਕ ਘੋਲ) ਤੋਂ ਪ੍ਰੇਰਣਾ ਲੈਂਦਿਆਂ ਮਜ਼੍ਹਬਾਂ, ਜਾਤਾਂ-ਪਾਤਾਂ, ਇਲਾਕਿਆਂ ਆਦਿ ਦੇ ਵੱਖਰੇਵਿਆਂ ਨੂੰ ਅਣਦੇਖਿਆਂ ਕਰਦਿਆਂ ਹਰੇਕ ਨੂੰ ਰੁਜ਼ਗਾਰ ਦੀ ਗਰੰਟੀ ਲਈ 'ਭਗਤ ਸਿੰਘ ਕੌਮੀ ਰੁਜ਼ਗਾਰ ਗਰੰਟੀ ਕਾਨੂੰਨ' ਸਾਰੀਆਂ ਜਿਣਸਾਂ ਦੀ ਖਰੀਦ ਗਰੰਟੀ ਲਈ, ਸਾਰੀਆਂ ਫਸਲਾਂ, ਫਲ਼, ਸਬਜ਼ੀਆਂ (ਜਿਣਸਾਂ) ਦੀ ਖਰੀਦ ਗਰੰਟੀ ਲਈ, 'ਐੱਮ ਐੱਸ ਪੀ ਦਾ ਕਾਨੂੰਨ', 58 ਸਾਲ ਤੋਂ ਹਰੇਕ ਕਿਸਾਨ-ਮਜ਼ਦੂਰ, ਦਸਤਕਾਰ ਆਦਿ ਨੂੰ ਸਨਮਾਨ ਯੋਗ ਬੁਢਾਪਾ ਗੁਜ਼ਾਰਨ ਲਈ, 10 ਹਜ਼ਾਰ ਰੁਪਏ ਪ੍ਰਤੀ ਮਹੀਨਾ ਪੈਨਸ਼ਨ, ਹਰੇਕ ਲਈ ਮੁਫ਼ਤ ਵਿੱਦਿਆ, ਇਲਾਜ, ਬਿਜਲੀ, ਪੀਣ ਯੋਗ ਸਾਫ ਪਾਣੀ, ਰਹਿਣ ਯੋਗ ਘਰ ਆਦਿ ਮੁੱਦਿਆਂ 'ਤੇ ਧਿਆਨ ਕਰਦਿਆਂ ਪ੍ਰਚਾਰ ਮੁਹਿੰਮ ਸਿਖਰਾਂ 'ਤੇ ਲੈ ਜਾਣੀ ਚਾਹੀਦੀ ਹੈ।

ਆਗੂਆਂ ਨੇ ਕਿਹਾ ਕਿ ਇਸੇ ਮਕਸਦ ਨਾਲ ਭਾਰਤੀ ਕਮਿਊਨਿਸਟ ਪਾਰਟੀ ਸਾਰੇ ਦੇਸ਼ ਅੰਦਰ ਪਦ ਯਾਤਰਾ ਕਰ ਰਹੀ ਹੈ, ਜੋ 15 ਮਈ ਤੱਕ ਮੋਗਾ ਜ਼ਿਲ੍ਹੇ ਅੰਦਰ ਵੀ ਪਿੰਡ-ਪਿੰਡ, ਸ਼ਹਿਰ-ਸ਼ਹਿਰ ਜਾਵੇਗੀ ਤੇ ਲੋਕਾਂ ਨੂੰ ਭਾਈਚਾਰਕ ਏਕਤਾ ਮਜ਼ਬੂਤ ਕਰਦਿਆਂ ਰੋਜ਼ੀ-ਰੋਟੀ ਦੇ ਮਸਲਿਆਂ 'ਤੇ ਲਾਮਬੰਦ ਹੋਣ ਦਾ ਸੱਦਾ ਦੇਵੇਗੀ। ਇਸ ਮੀਟਿੰਗ ਨੂੰ ਕਾਮਰੇਡ ਮਹਿੰਦਰ ਸਿੰਘ ਧੂੜਕੋਟ, ਕਾਮਰੇਡ ਲੋਕ ਰਾਜ, ਮਾਸਟਰ ਰਵਿੰਦਰ ਸਿੰਘ ਪੱਪੂ, ਕਾਮਰੇਡ ਸੁਖਦੇਵ ਸਿੰਘ ਕੈਨੇਡੀਅਨ, ਕਾਮਰੇਡ ਸਿਕੰਦਰ ਸਿੰਘ ਮਧੇਕੇ ਨੇ ਵੀ ਸੰਬੋਧਨ ਕੀਤਾ।

## ਅਸ਼ੀਰਵਾਦ ਸਕੀਮ ਤਹਿਤ 3.14 ਕਰੋੜ ਵੰਡੇ : ਡੀ ਸੀ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਡਿਪਟੀ ਕਮਿਸ਼ਨਰ ਫ਼ਿਰੋਜ਼ਪੁਰ ਰਾਜੇਸ਼ ਧੀਮਾਨ ਆਈਏਐੱਸ ਨੇ ਦੱਸਿਆ ਕਿ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਤੇ ਘੱਟ ਗਿਣਤੀ ਵਿਭਾਗ ਦੇ ਮੰਤਰੀ ਡਾ. ਬਲਜੀਤ ਕੌਰ ਦੀ ਅਗਵਾਈ 'ਚ ਅਸ਼ੀਰਵਾਦ ਸਕੀਮ ਤਹਿਤ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਆਰੰਭ ਕੀਤੇ ਗਏ ਯਤਨਾਂ ਤਹਿਤ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਲਾਭਪਾਤਰੀਆਂ ਨੂੰ 3 ਕਰੋੜ 14 ਲੱਖ 67 ਹਜ਼ਾਰ ਰੁਪਏ ਦੀ ਰਾਸ਼ੀ ਦਾ ਵਿੱਤੀ ਲਾਭ ਦਿੱਤਾ ਗਿਆ ਹੈ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮਹੀਨਾ ਅਪ੍ਰੈਲ 2022 ਤੋਂ ਦਸੰਬਰ 2022 ਦੇ ਅਨੁਸੂਚਿਤ ਜਾਤੀ ਦੇ 617 ਲਾਭਪਾਤਰੀਆਂ ਨੂੰ 3 ਕਰੋੜ 14 ਲੱਖ 67 ਹਜ਼ਾਰ ਰੁਪਏ ਦੀ ਰਾਸ਼ੀ ਦੀ ਅਦਾਇਗੀ ਸਿੱਧੇ ਤੌਰ 'ਤੇ ਡੀਬੀਟੀ ਮੋਡ ਰਾਹੀਂ ਉਨ੍ਹਾਂ ਦੇ ਨਿੱਜੀ ਬੈਂਕ ਖਾਤਿਆਂ ਵਿਚ ਕੀਤੀ ਜਾ ਚੁੱਕੀ ਹੈ।ਜ਼ਿਲ੍ਹਾ ਸਮਾਜਿਕ ਨਿਆਂ ਤੇ ਅਧਿਕਾਰਤਾ ਅਫ਼ਸਰ ਫਿਰੋਜ਼ਪੁਰ ਗੁਰਮੀਤ ਸਿੰਘ ਬਰਾੜ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਅਸ਼ੀਰਵਾਦ ਸਕੀਮ ਲਈ ਅਰਜ਼ੀ ਪ੍ਰਕਿਰਿਆ ਨੂੰ ਆਸਾਨ ਕਰਦਿਆਂ ਆਨਲਾਈਨ ਪੋਰਟਲ ਤੇ ਬਿਨੈ ਕਰਨ ਦੀ ਸਹੂਲਤ ਸ਼ੁਰੂ ਕਰ ਦਿੱਤੀ ਹੈ, ਜਿਸ ਤਹਿਤ 'ਤੇ ਅਰਜੀ ਆਨਲਾਈਨ ਭਰੀ ਜਾ ਸਕਦੀ ਹੈ।

# 5 ਕਿੱਲੋ ਅਫੀਮ ਸਮੇਤ 3 ਸਮੱਗਲਰ ਗ੍ਰਿਫਤਾਰ

### ਨਸ਼ਾ ਸਮੱਲਗਰਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ : ਐੱਸ ਐੱਸ ਪੀ



**ਮੋਗਾ/ਬਾਘਾ ਪੁਰਾਣਾ (ਅਮਰਜੀਤ ਬੱਬਰੀ/ਮਨੀ ਸਿੰਗਲਾ)**

ਮੋਗਾ ਜ਼ਿਲ੍ਹਾ ਪੁਲਸ ਵੱਲੋਂ ਨਸ਼ਿਆਂ ਤੇ ਨਸ਼ਾ ਤਸਕਰਾਂ ਖਿਲਾਫ ਵਿੱਢੀ ਮੁਹਿੰਮ ਨੂੰ ਉਸ ਵੇਲ ਵੱਡੀ ਸਫਲਤਾ ਮਿਲੀ, ਜਦੋਂ ਬਾਘਾ ਪੁਰਾਣਾ ਪੁਲਸ ਨੇ ਨਾਕਾਬੰਦੀ ਦੌਰਾਨ 3 ਸਮੱਗਲਰਾਂ ਨੂੰ 5 ਕਿੱਲੋ ਅਫੀਮ ਸਮੇਤ ਗ੍ਰਿਫਤਾਰ ਕੀਤਾ ਗਿਆ। ਇਸ ਸਬੰਧੀ ਪ੍ਰੈੱਸ ਕਾਨਫਰੰਸ ਦੌਰਾਨ ਜਾਣਕਾਰੀ ਦਿੰਦਿਆਂ ਸੀਨੀਅਰ ਕਪਤਾਨ ਪੁਲਸ ਮੋਗਾ ਸ੍ਰੀ ਜੇ ਇਲਨਚੇਲੀਅਨ ਦੱਸਿਆ ਕਿ ਸ੍ਰੀ ਅਜੇ ਰਾਜ ਸਿੰਘ ਕਪਤਾਨ ਪੁਲਸ (ਇਨਵੈਸਟੀਗੇਸਨ) ਮੋਗਾ ਤੇ ਹਰਿੰਦਰ ਸਿੰਘ ਉੱਪ ਕਪਤਾਨ ਪੁਲਸ (ਆਈ) ਮੋਗਾ ਦੀ ਹਦਾਇਤ ਅਨੁਸਾਰ ਐੱਸ. ਆਈ. ਦਲਜੀਤ ਸਿੰਘ ਇੰਚਾਰਜ ਸੀ.ਆਈ.ਏ. ਸਟਾਫ ਬਾਘਾ ਪੁਰਾਣਾ ਦੀ ਨਿਗਰਾਨੀ ਹੇਠ ਤਰਸੇਮ ਸਿੰਘ ਸੀ.ਆਈ.ਏ. ਸਟਾਫ ਬਾਘਾ ਪੁਰਾਣਾ ਪੁਲਸ ਪਾਰਟੀ, ਸਮਾਜ ਵਿਰੋਧੀ ਅਨਸਰਾਂ ਦੀ ਤਲਾਸ਼ੀ ਲਈ ਮੇਨ ਜੀ.ਟੀ. ਰੋਡ ਮੋਗਾ ਕੋਟਕਪੂਰਾ ਨੇੜੇ ਗਊਸ਼ਾਲਾ ਸਮਾਲਸਰ ਮੌਜੂਦ ਸੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਅੰਬਾ ਲਾਲ ਗੁੱਜਰ ਪੁੱਤਰ ਪ੍ਰਿਥਵੀ ਰਾਜ ਗੁੱਜਰ ਵਾਸੀ ਗੁੱਜਰੋਂ ਕੀ ਬਾਗਲ ਜ਼ਿਲ੍ਹਾ ਚਿਤੌੜਗੜ੍ਹ ਰਾਜਸਥਾਨ, ਬੇਰੂ ਲਾਲ ਗੁੱਜਰ ਪੁੱਤਰ ਹਰਲਾਲ ਗੁੱਜਰ ਵਾਸੀ ਬਾਟੋਲੀ ਗੁਜਰਾਨ ਜ਼ਿਲ੍ਹਾ ਚਿਤੌੜਗੜ੍ਹ ਰਾਜਸਥਾਨ, ਕਿਸਮਤ ਲਾਲ ਗੁੱਜਰ ਪੁੱਤਰ ਉਦੇ ਲਾਲ ਗੁੱਜਰ ਵਾਸੀ ਨੇਗੜੀਆ ਜ਼ਿਲ੍ਹਾ ਚਿਤੌੜਗੜ੍ਹ ਰਾਜਸਥਾਨ ਅਫੀਮ ਵੇਚਣ ਦਾ ਧੰਦਾ ਕਰਦੇ ਹਨ ਤੇ ਅੱਜ ਵੀ ਆਪਣੀ ਸਵਿਫਟ ਕਾਰ ਨੰਬਰ ਆਰ.ਜੇ. 27 ਸੀ.ਐੱਲ. 1484 ਰੰਗ ਚਿੱਟਾ ਉੱਪਰ ਸਵਾਰ ਹੋ ਕੇ ਅਫੀਮ ਸਪਲਾਈ ਕਰਨ ਲਈ ਬਠਿੰਡਾ ਤੋਂ ਬਰਗਾੜੀ-ਬੰਬੀਹਾ ਪਿੰਡਾਂ ਵਿੱਚ ਦੀ ਹੁੰਦੇ ਹੋਏ ਸਮਾਲਸਰ ਵੱਲ ਨੂੰ ਆ ਰਹੇ ਹਨ। ਸ੍ਰੀ ਇਲਨਚੇਲੀਅਨ ਨੇ ਦੱਸਿਆ ਕਿ ਉੱਪ ਕਪਤਾਨ ਪੁਲਸ ਬਾਘਾ ਪੁਰਾਣਾ ਸ੍ਰੀ ਜਸਜੋਤ ਸਿੰਘ ਦੀ ਹਾਜ਼ਰੀ ਵਿੱਚ ਸਮਾਲਸਰ ਮੇਨ ਰੋਡ ਤੋਂ ਲਾਏ ਨਾਕੇ ਦੌਰਾਨ ਜਦੋਂ ਇਸੇ ਸਵਿਫਟ ਕਾਰ ਨੂੰ ਰੋਕ ਕੇ ਉਸ ਦੀ ਤਲਾਸ਼ੀ ਲਈ ਗਈ ਤਾਂ ਉਸ ਵਿੱਚੋਂ 5 ਕਿੱਲੋ ਅਫੀਮ ਬਰਾਮਦ ਕੀਤੀ ਗਈ। ਇਸ ਬਰਾਮਦਗੀ ਸਬੰਧੀ ਮੁਲਜ਼ਮਾਂ ਖਿਲਾਫ ਮੁਕੱਦਮਾ ਰਜਿਸਟਰ ਕਰ ਲਿਆ ਗਿਆ ਹੈ। ਪੁੱਛਗਿੱਛ ਦੌਰਾਨ ਮੁਲਜ਼ਮਾਂ ਨੇ ਮੰਨਿਆ ਕਿ ਉਹ ਰਾਜਸਥਾਨ ਤੋਂ ਅਫੀਮ ਲਿਆ ਕੇ ਪੰਜਾਬ ਵਿੱਚ ਵੱਖ-ਵੱਖ ਜਗ੍ਹਾ ਉੱਪਰ ਸਪਲਾਈ ਕਰਦੇ ਹਨ। ਮੁਲਜ਼ਮਾਂ ਦਾ ਮਾਨਯੋਗ ਅਦਾਲਤ ਵੱਲੋਂ ਰਿਮਾਂਡ ਹਾਸਲ ਕਰਕੇ ਹੋਰ ਵੀ ਪੁੱਛਗਿੱਛ ਕੀਤੀ ਜਾਵੇਗੀ।

ਸੀਨੀਅਰ ਕਪਤਾਨ ਪੁਲਸ ਨੇ ਦੱਸਿਆ ਕਿ ਮੋਗਾ ਪੁਲਸ ਵੱਲੋਂ ਕਿਸੇ ਵੀ ਸ਼ਰਾਰਤੀ ਅਨਸਰ ਜਾਂ ਨਸ਼ਾ ਤਸਕਰ ਨਾਲ ਕੋਈ ਵੀ ਲਿਹਾਜ ਨਹੀਂ ਕੀਤਾ ਜਾ ਰਿਹਾ ਤੇ ਦੋਸ਼ੀਆਂ ਉੱਪਰ ਸਖਤ ਤੋਂ ਸਖਤ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ। ਇਸ ਮੌਕੇ ਡੀ ਐੱਸ ਪੀ ਜਸਜੋਤ ਸਿੰਘ ਬਾਘਾ ਪੁਰਾਣਾ, ਲਵਦੀਪ ਸਿੰਘ, ਦਵਿੰਦਰ ਸਿੰਘ ਸੋਢੀ ਤੇ ਹੋਰ ਪੁਲਸ ਅਧਿਕਾਰੀ ਮੌਜੂਦ ਸਨ।

# ਵਿਸ਼ਵ ਹਾਸਾ ਦਿਵਸ ਨੂੰ ਸਮਰਪਤ ਲੋਕ ਸਾਹਿਤ ਸੰਗਮ ਦੀ ਸਭਾ 'ਚ ਸਾਹਿਤਕਾਰਾਂ ਨੇ ਰੰਗ ਬੰਨ੍ਹਿਆ




ਲੋਕ ਸਾਹਿਤ ਸੰਗਮ (ਰਜਿ:) ਦੀ ਸਾਹਿਤਕ ਬੈਠਕ ਵਿਚ ਹਿੱਸਾ ਲੈਂਦੇ ਸਾਹਿਤਕਾਰ।

**ਰਾਜਪੁਰਾ (ਰਮੇਸ਼ ਕਟਾਰੀਆ)**-ਵਿਸ਼ਵ ਹਾਸਾ ਦਿਵਸ ਨੂੰ ਸਮਰਪਿਤ ਲੋਕ ਸਾਹਿਤ ਸੰਗਮ (ਰਜਿ) ਦੀ ਸਾਹਿਤਕ ਬੈਠਕ ਰੋਟਰੀ ਭਵਨ ਵਿਖੇ ਡਾ. ਗੁਰਵਿੰਦਰ ਅਮਨ ਦੀ ਰਹਿਨੁਮਾਈ ਹੇਠ ਹੋਈ। ਸਭਾ ਦਾ ਆਗਾਜ਼ ਸੁਚੇਤ ਗ਼ਜ਼ਲਗੋ ਅਵਤਾਰ ਪੁਆਰ ਦੀ ਗ਼ਜ਼ਲ 'ਪੌਣਾਂ ਦੇ ਵਿੱਚ ਉਪਜਿਆ ਜੋ ਰੋਸ ਹੈ, ਮੌਸਮਾਂ ਦੇ ਸਿਰ ਇਨ੍ਹਾਂ ਦਾ ਦੋਸ਼ ਹੈ' ਨਾਲ ਹੋਇਆ।

ਗਿਆਨੀ ਰਣਜੀਤ ਸਿੰਘ ਫਤਹਿਗੜ੍ਹ ਸਾਹਿਬ ਦੀ ਕਵਿਤਾ 'ਦਿਲ ਕਰਦਾ ਮੈਂ ਰੱਬ ਬਣ ਜਾਵਾਂ, ਸਭ ਦੇ ਉਪਰ ਹੁਕਮ ਚਲਾਵਾਂ' ਸੁਣਾਈ। ਪ੍ਰੋ. ਸ਼ਤਰੂਘਨ ਗੁਪਤਾ ਨਰ ਹਿੰਦੀ ਕਵਿਤਾ 'ਜਿਣਾ ਸੁਲੱਭ ਹੋ ਜਾਏਗਾ' ਤੇ ਸੁਨੀਤਾ ਦੇਸ ਰਾਜ ਨੇ 'ਸਮਾਂ ਸਥਾਨ ਸਭ ਖ਼ਤਮ ਹੋ ਜਾਂਦੇ ਨੇ' ਸੁਣਾ ਕੇ ਚੰਗਾ ਰੰਗ ਬੰਨ੍ਹਿਆ। ਸੂਫ਼ੀ ਸ਼ਾਇਰਾ ਸੁਰਿੰਦਰ ਕੌਰ ਬਾੜਾ ਨੇ 'ਕਰ ਲੈ ਦਿਲ ਦੀ ਸਫ਼ਾਈ ਜੇ ਦਿਲਦਾਰ ਚਾਹੀਦਾ, ਬੰਨ੍ਹਿਆ ਨਾ ਰਾਂਝਾ ਨਾ ਮੈਂ ਬਣੀ ਹੀਰ ਵੇ', ਕੁਲਵੰਤ ਸਿੰਘ ਜੱਸਲ ਨੇ ਵਿਅੰਗਾਤਮਕ ਗੀਤ 'ਵਿੱਚ ਬੱਸਾਂ ਦੇ ਅੱਜ-ਕੱਲ੍ਹ ਰਹਿੰਦਾ ਰਸ਼ ਕੁੜੇ ਸੁਣਾ ਕੇ ਵਾਹ-ਵਾਹ ਖੱਟੀ।

ਥਾਣੇਦਾਰ ਰਵਿੰਦਰ ਕ੍ਰਿਸ਼ਨ ਨੇ ਵਿੱਛੜੇ ਮਕਬੂਲ ਗਾਇਕ ਨੂੰ ਸ਼ਰਧਾਂਜਲੀਨੁਮਾ ਗੀਤ ਸੁਣਾਇਆ। ਵਿਦੇਸ਼ੀ ਫੇਰੀ ਤੋਂ ਪਰਤੇ ਕਰਮ ਸਿੰਘ ਹਕੀਰ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ ਅਤੇ ਉਨ੍ਹਾਂ ਨੇ 'ਲੱਖਾਂ ਬਦਲੇ ਸੌਦਾ ਕਰਕੇ ਬਹਿ ਗਏ ਕੱਖਾਂ ਦਾ, ਡਾਲਰ ਕੱਠੇ ਕਰਦੇ ਹੀਰੇ ਲਾਲ ਗਵਾ ਬੈਠੇ' ਸੁਣਾਕੇ ਪਰਵਾਸ ਦਾ ਦਰਦ ਬਿਆਨਿਆ। ਲੋਕ ਕਵੀ ਸੁਰਿੰਦਰ ਸਿੰਘ ਸੋਹਣਾ ਰਾਜੇਮਾਜਰੀਆ ਨੇ 'ਜਿੰਨੇ ਰੱਬ ਬਣੇ ਸੀ ਬਾਬੇ, ਭੁਗਤ ਰਹੇ ਨੇ ਕੇਸਾਂ ਨੂੰ' ਸੁਣਾ ਕੇ ਵਿਅੰਗ ਕੀਤਾ। ਚੇਅਰਮੈਨ ਡਾ ਹਰਜੀਤ ਸਿੰਘ ਸੱਧਰ ਨੇ 'ਰਫਤਾ ਰਫਤਾ ਰਿਸ਼ਤਿਆਂ 'ਚੋਂ ਪਿਆਰ ਮਨਫ਼ੀ ਹੋ ਰਿਹਾ, ਹਰ ਤਰਫ਼ ਇਕਰਾਰ 'ਚੋਂ ਇਤਬਾਰ ਮਨਫ਼ੀ ਹੋ ਰਿਹੈ' ਸੁਣਾ ਕੇ ਪ੍ਰੱਪਕਤਾ ਦਾ ਸਬੂਤ ਦਿੱਤਾ।

# ਸ਼ਹੀਦ ਊਧਮ ਸਿੰਘ ਵੈੱਲ.ਫੇਅਰ ਕਲੱਬ ਦੀ ਮੀਟਿੰਗ ਹੋਈ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਮਹਿਰਾਜ ਕਲੋਨੀ ਦੇ ਸ਼ਹੀਦ ਊਧਮ ਸਿੰਘ ਵੈਲਫੇਅਰ ਕਲੱਬ ਦੀ ਭਰਵੀਂ ਮੀਟਿੰਗ ਸੁਰਿੰਦਰ ਧੀਰ ਦੀ ਪ੍ਰਧਾਨਗੀ ਹੇਠ ਯੂ.ਈ.ਐਸ.ਸੀ.ਟਿਊਸ਼ਨ ਸੈਂਟਰ ਵਿਖੇ ਹੋਈ। ਮੀਟਿੰਗ ਦੀ ਕਾਰਵਾਈ ਸ਼ੁਰੂ ਕਰਦਿਆਂ ਸਭ ਤੋਂ ਪਹਿਲਾਂ ਪਿਛਲੇ ਦਿਨਾਂ ਦੌਰਾਨ ਵਾਸੀ ਮਹਿਰਾਜ ਕਲੋਨੀ ਮਿਸਤਰੀ ਬਹਾਦਰ ਸਿੰਘ ਪਾਲਕੀਆਂ ਵਾਲੇ, ਭਿੰਦਰ ਸਿੰਘ ਦੀ ਲੜਕੀ ਸੀਮਾ ਰਾਣੀ ਤੇ ਡਾ. ਹਰਬੰਸ ਸਿੰਘ ਤੂਰ ਰਿਟਾ. ਸੀਨੀਅਰ ਵੈਟਰਨਰੀ ਅਫ਼ਸਰ ਦੀ ਮੌਤ 'ਤੇ ਵਿੱਛੜੀਆਂ ਰੂਹਾਂ ਨੂੰ ਇੱਕ ਮਿੰਟ ਦਾ ਮੋਨ ਧਾਰ ਕੇ ਸ਼ਰਧਾਂਜਲੀ ਅਰਪਿਤ ਕੀਤੀ ਗਈ।

ਕਲੱਬ ਵੱਲੋਂ ਪਿਛਲੇ ਦਿਨੀਂ ਲਾਏ ਗਏ ਵਿਸ਼ਾਲ ਖੂਨਦਾਨ ਕੈਂਪ ਦੀ ਭਰਪੂਰ ਸਫਲਤਾ 'ਤੇ ਮੁਬਾਰਕ ਦਿੱਤੀ ਗਈ ਅਤੇ ਹਾਜ਼ਰੀਨ ਪਾਸੋਂ ਅੱਗੋਂ ਲਈ ਵੀ ਇਸੇ ਤਰ੍ਹਾਂ ਸਹਿਯੋਗ ਦੇਣ ਲਈ ਵਚਨਬੱਧਤਾ ਲਈ ਗਈ। ਮੀਟਿੰਗ ਵਿੱਚ ਰਿਫਰੈਸ਼ਮੈਂਟ ਦੀ ਸੇਵਾ ਰੁਪਿੰਦਰ ਸਿੰਘ ਢਿੱਲੋਂ ਵੱਲੋਂ ਨਿਭਾਈ ਗਈ। ਮੀਟਿੰਗ ਦੌਰਾਨ ਕਈ ਅਹਿਮ ਵਿਸ਼ਿਆਂ 'ਤੇ ਗੱਲਬਾਤ ਸਾਂਝੀ ਕਰਨ ਤੋਂ ਇਲਾਵਾ ਕਲੱਬ ਨੂੰ ਰਜਿਸਟਰਡ ਕਰਾਉਣ ਤੇ ਮਹਿਰਾਜ ਕਲੋਨੀ ਦੀਆਂ ਰਹਿੰਦੀਆਂ ਗਲੀਆਂ ਦੀ ਨੰਬਰਿੰਗ ਕਰਦੇ ਹੋਏ ਨੰਬਰ ਪਲੇਟਾਂ ਲਗਾਉਣ ਲਈ ਮਤਾ ਪਾਸ ਕੀਤਾ ਗਿਆ। ਮੀਟਿੰਗ ਵਿੱਚ ਹੈੱਡਮਾਸਟਰ ਲਾਭ ਸਿੰਘ ਸਿੱਧੂ, ਕਰਮਜੀਤ ਸਿੰਘ ਢਿੱਲੋਂ, ਗੁਰਤੇਜ ਸਿੰਘ ਗੋਗੀ ਬਰਾੜ, ਸਮਾਜ ਸੇਵੀ ਸਤੀਸ਼ ਮਿੱਤਲ ਅਤੇ ਬਲਵੀਰ ਸਿੰਘ ਸਿੱਧੂ ਬੱਜੋਆਣਾ ਨੇ ਕਲੱਬ ਦੀ ਬੇਹਤਰ ਕਾਰਗੁਜ਼ਾਰੀ ਲਈ ਆਪੋ ਆਪਣੇ ਵਿਚਾਰ ਪੇਸ਼ ਕੀਤੇ।

ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਜਿਊਣ ਸਿੰਘ ਖਾਲਸਾ, ਅਮਨਦੀਪ ਸਿੰਘ ਢਿੱਲੋਂ, ਦਰਸ਼ਨ ਸਿੰਘ ਸੇਖੋਂ, ਦਵਿੰਦਰ ਕੁਮਾਰ ਗਰਗ, ਪ੍ਰਸ਼ੋਤਮ ਸਿੰਘ, ਡਾਕਟਰ ਰਾਜਿੰਦਰ ਸਿੰਘ ਦਿਉਲ, ਪ੍ਰਦੀਪ ਸਿੰਘ ਨਾਮਧਾਰੀ ਤੇ ਪ੍ਰਭਜੋਤ ਸਿੰਘ ਬਰਾੜ ਹਾਜ਼ਰ ਸਨ।

# ਜਨਵਾਦੀ ਮਹਿਲਾ ਸਮਿਤੀ ਨੇ ਕੀਤਾ ਅਰਥੀ ਫੂਕ ਮੁਜ਼ਾਹਰਾ




ਸਿਰਸਾ 'ਚ ਰੋਸ ਪ੍ਰਦਰਸ਼ਨ ਕਰ ਰਹੀਆਂ ਜਨਵਾਦੀ ਮਹਿਲਾਵਾਂ।

**ਸਿਰਸਾ (ਸੁਰਿੰਦਰ ਪਾਲ ਸਿੰਘ)**

ਜਨਵਾਦੀ ਮਹਿਲਾ ਸਮਿਤੀ ਵੱਲੋਂ ਮਹਿਲਾ ਪਹਿਲਵਾਨਾਂ ਨਾਲ ਅਸ਼ਲੀਲ ਹਰਕਤਾਂ ਕਰਨ ਵਾਲੇ ਭਾਜਪਾ ਦੇ ਸੰਸਦ ਮੈਂਬਰ ਬ੍ਰਿਜ ਭੂਸ਼ਣ ਸ਼ਰਨ ਤੇ ਹਰਿਆਣਾ ਦੀ ਜੂਨੀਅਰ ਮਹਿਲਾ ਕੋਚ ਨਾਲ ਕੋਝੀਆਂ ਹਰਕਤਾਂ ਕਰਨ ਵਾਲੇ ਹਰਿਆਣਾ ਦੇ ਖੇਡ ਮੰਤਰੀ ਸੰਦੀਪ ਸਿੰਘ ਦੀ ਗ੍ਰਿਫਤਾਰੀ ਦੀ ਮੰਗ ਨੂੰ ਲੈ ਕੇ ਅਰਥੀ ਫੂਕ ਮਾਰਚ ਕੱਢਿਆ ਗਿਆ।ਇਸ ਅਰਥੀ ਫੂਕ ਮਾਰਚ ਦੀ ਪ੍ਰਧਾਨਗੀ ਜਨਵਾਦੀ ਮਹਿਲਾ ਸਮਿਤੀ ਆਗੂ ਰੁਕਮਣੀ ਨੇ ਕੀਤੀ।ਅਰਥੀ ਫੂਕ ਮਾਰਚ ਤੋਂ ਪਹਿਲਾਂ ਰੱਖੀ ਗਈ ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਰੇਖਾ ਨੇ ਕਿਹਾ ਕਿ ਪੂਰੇ ਦੇਸ਼ ਲਈ ਇਹ ਬਹੁਤ ਹੀ ਸ਼ਰਮਨਾਕ ਸਥਿਤੀ ਹੈ। ਉਨ੍ਹਾਂ ਕਿਹਾ ਕਿ ਅੰਤਰਰਾਸ਼ਟਰੀ ਪਹਿਲਵਾਨਾਂ ਨੂੰ ਇਨਸਾਫ਼ ਲਈ ਜੰਤਰ-ਮੰਤਰ ਵਿਖੇ ਦੂਜੀ ਵਾਰ ਰੋਸ ਪ੍ਰਦਰਸ਼ਨ ਕਰਨ ਲਈ ਮਜਬੂਰ ਹੋਣਾ ਪਿਆ ਹੈ। ਇਸ ਮੌਕੇ ਜ਼ਿਲ੍ਹਾ ਸਕੱਤਰ ਬਲਬੀਰ ਕੌਰ ਐਡਵੋਕੇਟ ਨੇ ਕਿਹਾ ਕਿ ਐਫਆਈਆਰ ਦਰਜ ਹੋਣ ਦੇ ਬਾਵਜੂਦ ਦੋਸ਼ੀ ਭਾਜਪਾ ਸੰਸਦ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੂੰ ਅਜੇ ਤੱਕ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਤੇ ਮੰਗਾਂ ਦੇ ਸਮਰਥਨ 'ਚ ਆਉਣ ਵਾਲੇ ਲੋਕਾਂ ਨੂੰ ਭਾਜਪਾ ਸਰਕਾਰ ਦੀ ਸ਼ਹਿ ਤੇ ਪੁਲਿਸ ਵੱਲੋਂ ਨਜਾਇਜ਼ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਜ਼ਿਲ੍ਹਾ ਸਕੱਤਰ ਬਲਬੀਰ ਕੌਰ ਨੇ ਕਿਹਾ ਕਿ ਬੇਟੀ ਬਚਾਓ ਦਾ ਨਾਅਰਾ ਦੇਣ ਵਾਲੀ ਭਾਜਪਾ ਸਰਕਾਰ ਪੀੜਤਾਂ ਨੂੰ ਨਹੀਂ, ਬਲਕਿ ਜਿਨਸੀ ਸੋਸ਼ਣ ਦੇ ਦੋਸ਼ੀਆਂ ਨੂੰ ਹੀ ਸੁਰੱਖਿਆ ਦੇ ਰਹੀ ਹੈ।ਹਰਿਆਣਾ ਵਿੱਚ ਵੀ ਜਿਨਸੀ ਹਿੰਸਾ ਦੇ ਦੋਸ਼ੀ ਮੰਤਰੀ ਸੰਦੀਪ ਸਿੰਘ ਨੂੰ ਪਿਛਲੇ 4 ਮਹੀਨਿਆਂ ਤੋਂ ਖੁੱਲ੍ਹੀ ਸੁਰੱਖਿਆ ਦਿੱਤੀ ਜਾ ਰਹੀ ਹੈ।ਇਸ ਮੌਕੇ ਕ੍ਰਿਸ਼ਨਾ, ਮਨੋਰਮਾ, ਨੀਲਮ, ਨਿਰਮਲਾ, ਬਿਮਲਾ, ਸਾਕਸ਼ੀ, ਕਮਲਾ ਨੇ ਕਿਹਾ ਕਿ ਔਰਤ ਪੱਖੀ ਹੋਣ ਦਾ ਢੌਂਗ ਕਰਨ ਵਾਲੀ ਭਾਜਪਾ ਸਰਕਾਰ ਖੁੱਲ੍ਹੇਆਮ ਜਿਨਸੀ ਸ਼ੋਸ਼ਣ ਦੇ ਦੋਸ਼ੀਆਂ ਦੇ ਹੱਕ ਵਿੱਚ ਖੜੀ ਨਜ਼ਰ ਆ ਰਹੀ ਹੈ। ਉਨ੍ਹਾਂ ਪਹਿਲਵਾਨਾਂ ਨਾਲ ਛੇੜਛਾੜ ਕਰਨ ਵਾਲੇ ਪੁਲਸ ਮੁਲਾਜ਼ਮਾਂ ਤੇ ਅਧਿਕਾਰੀਆਂ ਖ਼ਿਲਾਫ਼ ਤੁਰੰਤ ਕਾਰਵਾਈ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਤੇ ਖਿਡਾਰੀਆਂ ਨੂੰ ਇਨਸਾਫ਼ ਦੇਣ ਦੀ ਮੰਗ ਕੀਤੀ।

# ਗੁਰਪ੍ਰੀਤ ਸਿੰਘ ਬੀ ਸੀ ਵਿੰਗ ਦੇ ਪ੍ਰਧਾਨ ਨਿਯੁਕਤ



**ਮਲੋਟ (ਗੁਰਮੀਤ ਸਿੰਘ ਮੱਕੜ)**-ਹਲਕਾ ਵਿਧਾਇਕ ਤੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਵੱਲੋਂ ਬੀਤੀ ਸ਼ਾਮ ਮਲੋਟ ਸ਼ਹਿਰ ਦੇ ਵੱਖ ਵੱਖ ਵਰਗਾਂ ਦੇ ਪ੍ਰਧਾਨ ਨਿਯੁਕਤ ਕੀਤੇ ਗਏ, ਜਿਸ ਵਿੱਚ ਨੌਜਵਾਨ ਹੋਣਹਾਰ ਵਰਕਰ ਗੁਰਪ੍ਰੀਤ ਸਿੰਘ ਨੂੰ ਬੀ.ਸੀ. ਵਿੰਗ (ਪੁੱਲ ਪਾਰ ਏਰੀਆ) ਮਲੋਟ ਸ਼ਹਿਰੀ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਗੁਰਪ੍ਰੀਤ ਸਿੰਘ ਇਸ ਨਿਯੁਕਤੀ ਉਪਰੰਤ ਗੁਰਦੁਆਰਾ ਚਰਨ ਕਮਲ ਭੋਰਾ ਸਾਹਿਬ ਵਿਖੇ ਅਕਾਲ ਪੁਰਖ ਦਾ ਧੰਨਵਾਦ ਕਰਨ ਪਹੁੰਚੇ, ਜਿੱਥੇ ਗੁਰੂਘਰ ਦੇ ਮੁੱਖ ਸੇਵਾਦਾਰ ਸੰਤ ਬਾਬਾ ਬਲਜੀਤ ਸਿੰਘ ਵੱਲੋਂ ਉਨ੍ਹਾਂ ਦਾ ਸਿਰਪਾਓ ਤੇ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨ ਕੀਤਾ ਗਿਆ। ਇਸ ਮੌਕੇ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਵਾਹਿਗੁਰੂ ਜੀ ਦਾ ਸ਼ੁਕਰਾਨਾ ਕਰਨ ਉਹ ਇੱਥੇ ਪਹੁੰਚੇ ਹਨ ਤੇ ਨਾਲ ਹੀ ਉਹ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਦੇ ਧੰਨਵਾਦੀ ਹਨ, ਜਿਨ੍ਹਾਂ ਨੇ ਉਸ ਨੂੰ ਇਸ ਪ੍ਰਧਾਨਗੀ ਦੇ ਯੋਗ ਸਮਝਿਆ। ਗੁਰਪ੍ਰੀਤ ਨੇ ਕਿਹਾ ਕਿ ਉਹ ਪਾਰਟੀ ਲਈ ਦਿਨ-ਰਾਤ ਮਿਹਨਤ ਕਰਦੇ ਰਹਿਣਗੇ।

ਇਸ ਮੌਕੇ ਰਮੇਸ਼ ਸਿੰਘ ਅਰਨੀਵਾਲਾ, ਬਖਸ਼ੀਸ਼ ਸਿੰਘ ਤੋਹਫਾ, ਭਾਈ ਜਗਮੀਤ ਸਿੰਘ ਖਾਲਸਾ, ਪਰਮਜੀਤ ਸਿੰਘ ਗਿੱਲ ਪ੍ਰਧਾਨ ਐੱਸ ਸੀ ਵਿੰਗ, ਅਰਸ਼ਦੀਪ ਸਿੱਧੂ ਪੀ ਏ, ਗਗਨਦੀਪ ਔਲਖ ਪ੍ਰਧਾਨ, ਜਸਮੀਤ ਸਿੰਘ ਬਰਾੜ ਪ੍ਰਧਾਨ, ਜਗਨਨਾਥ ਸ਼ਰਮਾ, ਜਸਦੇਵ ਸੰਧੂ, ਜੋਨੀ ਗਰਗ, ਟਿੰਕਾ ਗਰਗ, ਗੁਰਮੀਤ ਸਿੰਘ ਚੀਟੂ ਵਿਰਦੀ, ਸੁਖਦੇਵ ਸਿੰਘ ਪ੍ਰਧਾਨ ਵਿਸ਼ਵਕਰਮਾ ਯੂਨੀਅਨ, ਸਰਬਜੀਤ ਸਿੰਘ, ਗੁਰਚਰਨ ਸਿੰਘ ਚੰਡੀਗੜ੍ਹ ਤੇ ਸੁਖਇੰਦਰ ਪਾਲ ਸਿੰਘ ਘੱਲੂ ਆਦਿ ਨੇ ਗੁਰਪ੍ਰੀਤ ਨੂੰ ਪ੍ਰਧਾਨ ਬਣਨ 'ਤੇ ਸ਼ੁੱਭ-ਕਾਮਨਾਵਾਂ ਦਿੱਤੀਆਂ।

# ਸਾਂਝਾ ਮੁਲਾਜ਼ਮ ਮੰਚ ਵੱਲੋਂ ਮੁੱਖ ਖੇਤੀਬਾੜੀ ਦਫਤਰ ਵਿਖੇ ਅਹਿਮ ਮੀਟਿੰਗ




ਸਾਂਝਾ ਮੁਲਾਜ਼ਮ ਮੰਚ ਦੇ ਆਗੂ ਮੁੱਖ ਖੇਤੀਬਾੜੀ ਦਫ਼ਤਰ ਮੱਲਵਾਲ ਰੋਡ ਵਿਖੇ ਮੀਟਿੰਗ ਉਪਰੰਤ ਜਾਣਕਾਰੀ ਦਿੰਦੇ ਹੋਏ।

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਸਾਂਝਾ ਮੁਲਾਜ਼ਮ ਮੰਚ ਵੱਲੋਂ ਮੁੱਖ ਖੇਤੀਬਾੜੀ ਦਫਤਰ ਮੱਲਵਾਲ ਰੋਡ ਫ਼ਿਰੋਜ਼ਪੁਰ ਵਿਖੇ ਅਹਿਮ ਮੀਟਿੰਗ ਕੀਤੀ ਗਈ, ਜਿਸ ਵਿੱਚ ਸਾਰੀਆਂ ਕੈਟਾਗਰੀਆਂ ਨੇ ਸਰਕਾਰ ਪ੍ਰਤੀ ਆਪਣਾ ਰੋਸ ਜਾਹਿਰ ਕੀਤਾ ਕਿ ਮੌਜੂਦਾ ਸਰਕਾਰ ਕੰਮ ਘੱਟ ਅਤੇ ਮੁਲਾਜ਼ਮਾਂ ਨੂੰ ਲਾਰੇ ਲਾਉਣ ਦਾ ਕੰਮ ਜ਼ਿਆਦਾ ਕਰ ਰਹੀ ਹੈ।ਪੰਜਾਬ ਦੇ ਮੁਲਾਜ਼ਮਾਂ ਦੀ ਪ੍ਰਤੀਸ਼ਤ ਦਾ ਡੀ.ਏ ਪੁਰਾਣਾ ਬਕਾਇਆ ਤੇ 4 ਪ੍ਰਤੀਸ਼ਤ ਸੈਂਟਰ ਸਰਕਾਰ ਨੇ ਡੀ.ਏ ਦੇ ਦਿੱਤਾ ਹੈ ਅਤੇ ਪੰਜਾਬ ਸਰਕਾਰ ਕੁੰਭਕਰਨੀ ਨੀਂਦ ਸੁੱਤੀ ਹੋਈ ਹੈ।

ਪੰਜਾਬ ਦੇ ਮੁਲਾਜਮਾਂ ਦਾ ਕੁੱਲ 8 ਪ੍ਰਤੀਸ਼ਤ ਬਕਾਇਆ ਡੀ.ਏ ਸਰਕਾਰ ਵੱਲ ਬਣਦਾ ਹੈ।ਬਾਕੀ ਭੱਤੇ ਜਿਵੇਂ ਬਾਰਡਰ ਭੱਤਾ, ਹਾਊਸ ਭੱਤਾ, ਰੂਲਰ ਭੱਤਾ ਤੇ ਹੋਰ ਭੱਤੇ ਜਲਦ ਤੋਂ ਜਲਦ ਜਾਰੀ ਕੀਤੇ ਜਾਣ, ਤਾਂ ਜੁ ਮੁਲਾਜ਼ਮਾਂ ਵਿੱਚ ਪਾਏ ਜਾਂਦੇ ਰੋਸ ਨੂੰ ਦੂਰ ਕੀਤਾ ਜਾ ਸਕੇ।ਸਰਕਾਰ ਨੂੰ ਸਾਰੇ ਮੁਲਾਜ਼ਮਾਂ ਦੀ ਅਪੀਲ ਹੈ ਕਿ ਜਿਹੜਾ ਡਿਵੈਲਪਮੈਂਟ ਟੈਕਸ ਦੇ ਨਾਮ ਉੱਤੇ ਹਰ ਮੁਲਾਜ਼ਮ ਦਾ ਕੱਟਿਆ ਜਾਂਦਾ ਹੈ, ਉਹ ਬੰਦ ਕੀਤਾ ਜਾਵੇ ਅਤੇ ਸਾਰੇ ਭੱਤੇ ਅਤੇ ਡੀ.ਏ ਨੂੰ ਜਲਦ ਰਲੀਜ ਕੀਤਾ ਜਾਵੇ।ਜੇਕਰ ਸਰਕਾਰ ਦਾ ਮੁਲਾਜ਼ਮਾਂ ਦੇ ਪ੍ਰਤੀ ਇਹੋ ਵਤੀਰਾ ਰਿਹਾ ਤਾਂ ਆਉਣ ਵਾਲੇ ਸਮੇਂ ਵਿੱਚ ਸਮੁੱਚੇ ਪੰਜਾਬ ਦੇ ਮੁਲਾਜ਼ਮ ਆਪਣੇ ਹੱਕ ਲੈਣ ਵਾਸਤੇ ਸੜਕਾਂ 'ਤੇ ਆਉਣਗੇ, ਜਿਸਦੀ ਸਾਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ। ਇਸ ਮੀਟਿੰਗ ਵਿੱਚ ਨਰੇਸ਼ ਸੈਣੀ (ਸੂਬਾ ਪ੍ਰਧਾਨ), ਸੁਖਚੈਨ ਸਿੰਘ ਪ੍ਰਧਾਨ ਕਲੈਰੀਕਲ ਯੂਨੀਅਨ, ਜਗਤਾਰ ਸਿੰਘ ਏ.ਐਸ.ਆਈ. ਗੁਰਬਖਸ਼ ਸਿੰਘ, ਏ.ਐਸ.ਆਈ, ਅਮਰਜੀਤ ਸਿੰਘ ਏ.ਐਸ.ਆਈ, ਜੰਗੀਰ ਸਿੰਘ, ਏ.ਐਸ.ਆਈ. ਗੁਰਲਾਲ ਸਿੰਘ, ਏ.ਐਸ.ਆਈ ਕੰਵਰਪਾਲ ਸਿੰਘ, ਸਟੇਨ, ਕਰਨ ਅਰੋੜਾ ਸਟੈਨੋ, ਜਸਪਾਲ, ਬੇਲਦਾਰ, ਭਾਰਤ, ਸੇਵਾਦਾਰ, ਨਰੇਸ਼ ਕੁਮਾਰ ਪ੍ਰਧਾਨ ਜੇ.ਟੀ. ਯੂਨੀਅਨ ਪੰਜਾਬ ਤੇ ਅਸ਼ੈਲੀ ਸ਼ਰਮਾ ਜ਼ਿਲ੍ਹਾ ਪ੍ਰਧਾਨ ਫ਼ਿਰੋਜ਼ਪੁਰ, ਕੁਲਵਿੰਦਰ ਸਿੰਘ ਪ੍ਰਧਾਨ ਦਰਜਾ-4 ਯੂਨੀਅਨ ਅਤੇ ਇਸ ਤੋਂ ਇਲਾਵਾ ਸ਼੍ਰੀ ਸੰਦੀਪ ਸਿੰਘ ਜੂਨੀਅਰ ਸਹਾਇਕ, ਰਮਨਪ੍ਰੀਤ ਸਿੰਘ ਸੀਨੀਅਰ ਸਹਾਇਕ, ਸੁਰਿੰਦਰ ਸਿੰਘ ਸੀਨੀਅਰ ਸਹਾਇਕ, ਹਰਜਿੰਦਰ ਕੌਰ, ਕਲਰਕ, ਹਰਪ੍ਰੀਤ ਕੌਰ ਕਲਰਕ, ਮਮਤਾ ਰਾਣੀ ਕਲਰਕ ਮਨਦੀਪ ਕੁਮਾਰ, ਕਲਰਕ, ਮਨੀਸ਼ ਕੁਮਾਰ, ਕਲਰਕ ਮਨਪ੍ਰੀਤ ਸਿੰਘ, ਸੀਨੀਅਰ ਸਹਾਇਕ ਮੋਨੂੰ ਕੁਮਾਰ ਤੇ ਕਲਰਕ ਆਦਿ ਮੌਜੂਦ ਸਨ।

# ਕਾਰ ਨੇ ਮੋਟਰਸਾਈਕਲ ਨੂੰ ਮਾਰੀ ਟੱਕਰ, ਇੱਕ ਮੌਤ, ਇੱਕ ਜ਼ਖਮੀ

### ਦੋਵੇਂ ਗੁਆਂਢੀ ਦਾ ਮੋਟਰਸਾਈਕਲ ਲੈ ਕੇ ਬਾਜ਼ਾਰ ਗਏ ਸਨ

**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਤੇਜ਼ ਰਫਤਾਰ ਕਾਰ ਨੇ ਬਾਈਕ ਸਵਾਰਾਂ ਨੂੰ ਟੱਕਰ ਮਾਰ ਦਿੱਤੀ। ਹਾਦਸੇ 'ਚ ਸਾਲੇ ਦੀ ਮੌਤ ਹੋ ਗਈ, ਜਦਕਿ ਪਿੱਛੇ ਬੈਠਾ ਜੀਜਾ ਗੰਭੀਰ ਜ਼ਖਮੀ ਹੋ ਗਿਆ। ਪੁਲਸ ਨੇ ਜ਼ਖਮੀ ਦੇ ਬਿਆਨਾਂ 'ਤੇ ਅਣਪਛਾਤੇ ਕਾਰ ਚਾਲਕ ਖਿਲਾਫ ਕੇਸ ਦਰਜ ਕਰ ਲਿਆ ਹੈ। ਬਠਿੰਡਾ ਦੇ ਰਹਿਣ ਵਾਲੇ ਜਸਵਿੰਦਰ ਸਿੰਘ ਨੇ ਦੱਸਿਆ ਕਿ ਉਹ ਜੈਤੋ ਸਥਿਤ ਪਿੰਡ ਕੋਠੇ ਚੰਦ ਸਿੰਘ ਵਾਲਾ ਵਿੱਚ ਆਪਣੇ ਸਹੁਰੇ ਘਰ ਆਇਆ ਹੋਇਆ ਸੀ।

ਸ਼ਾਮ ਨੂੰ ਉਸ ਦਾ ਸਾਲਾ ਜਸਵੀਰ ਸਿੰਘ ਗੁਆਂਢੀ ਦਾ ਮੋਟਰਸਾਈਕਲ ਮੰਗ ਕੇ ਲੈ ਆਇਆ ਸੀ। ਦੋਵੇਂ ਮੋਟਰਸਾਈਕਲ 'ਤੇ ਸਵਾਰ ਹੋ ਕੇ ਬਾਜ਼ਾਰ ਤੋਂ ਸਾਮਾਨ ਲੈਣ ਜਾ ਰਹੇ ਸਨ ਤੇ ਬਰਾੜ ਪੈਲੇਸ ਨੇੜੇ ਬਾਜਾਖਾਨਾ ਵੱਲੋਂ ਆ ਰਹੀ ਇੱਕ ਤੇਜ਼ ਰਫਤਾਰ ਸਵਿਫਟ ਕਾਰ ਨੇ ਉਨ੍ਹਾਂ ਦੇ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤੀ। ਮੋਟਰਸਾਈਕਲ ਚਲਾ ਰਿਹਾ ਜਸਵੀਰ ਗੰਭੀਰ ਜ਼ਖਮੀ ਹੋ ਗਿਆ। ਆਲੇ-ਦੁਆਲੇ ਦੇ ਲੋਕਾਂ ਦੀ ਮਦਦ ਨਾਲ ਉਸ ਨੂੰ ਫਰੀਦਕੋਟ ਮੈਡੀਕਲ ਕਾਲਜ ਲਿਜਾਇਆ ਗਿਆ, ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ।

## ਜ਼ਿਲ੍ਹਾ ਪੱਧਰੀ ਰੁਜ਼ਗਾਰ ਮੇਲੇ 'ਚ ਨੌਜਵਾਨਾਂ ਨੂੰ ਪਹੁੰਚਣ ਦੀ ਅਪੀਲ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਸਰਕਾਰ ਦੁਆਰਾ ਵੱਧ ਤੋਂ ਵੱਧ ਰੋਜ਼ਗਾਰ ਦੇ ਉਪਰਾਲੇ ਮੁਹੱਈਆ ਕਰਾਉਣ ਦੇ ਮੰਤਵ ਨੂੰ ਮੁੱਖ ਰੱਖਦੇ ਹੋਏ 'ਖਵਾਹਿਸ਼ਾਂ ਦੀ ਉਡਾਨ' ਤਹਿਤ 10 ਮਈ ਨੂੰ ਸਵੇਰੇ 11 ਵਜੇ ਨੂੰ ਰੋਜ਼ਗਾਰ ਮੇਲੇ ਦਾ ਆਯੋਜਨ ਕੀਤਾ ਜਾ ਰਿਹਾ ਹੈ ਤੇ ਇਸ ਦੇ ਨਾਲ-ਨਾਲ ਆਨਲਾਈਨ ਵੈਬੀਨਾਰ ਦਾ ਵੀ ਆਯੋਜਨ ਕੀਤਾ ਜਾ ਰਿਹਾ ਹੈ।ਜ਼ਿਲ੍ਹਾ ਰੋਜ਼ਗਾਰ ਉਤਪੱਤੀ, ਹੁਨਰ ਵਿਕਾਸ ਤੇ ਸਿਖਲਾਈ ਅਫ਼ਸਰ ਹਰਮੇਸ਼ ਕੁਮਾਰ ਨੇ ਦਿੱਤੀ।ਹਰਮੇਸ਼ ਕੁਮਾਰ ਨੇ ਦੱਸਿਆ ਕਿ ਇਸ ਰੋਜ਼ਗਾਰ ਮੇਲੇ ਵਿਚ ਸਟਾਰ ਹੈਲਥ ਇੰਸੋਰੈਂਸ ਕੰਪਨੀ ਭਾਗ ਲੈ ਰਹੀ ਹੈ ਤੇ ਬਾਰਵ੍ਹੀਂ/ਗ੍ਰੈਜੂਏਟ ਪਾਸ ਲੜਕੇ/ਲੜਕੀਆਂ ਇਸ ਮੇਲੇ ਵਿਚ ਭਾਗ ਲੈ ਸਕਦੇ ਹਨ।ਇੰਟਰਵਿਊ ਵਿੱਚ ਭਾਗ ਲੈਣ ਵਾਲੇ ਉਮੀਦਵਾਰਾਂ ਨੂੰ ਆਪਣੀ ਵਿੱਦਿਅਕ ਯੋਗਤਾ ਦੇ ਸਰਟੀਫਿਕੇਟ, ਰੀਜ਼ਿਊਮ, ਆਧਾਰ ਕਾਰਡ ਤੇ ਉਨ੍ਹਾਂ ਦੀਆਂ ਫੋਟੋ ਕਾਪੀਆਂ ਨਾਲ ਲੈ ਕੇ ਆਉਣਾ ਲਾਜ਼ਮੀ ਹੋਵੇਗਾ।ਇਸ ਤੋਂ ਇਲਾਵਾ ਉਨ੍ਹਾਂ ਦੱਸਿਆ ਕਿ ਇਸ ਆਨਲਾਈਨ ਵੈਬੀਨਾਰ ਵਿੱਚ ਮੇਜਰ ਜਨਰਲ ਅਜੈ ਐਚ ਚੌਹਾਨ, ਵੀਐੱਸਐੱਮ ਡਾਇਰੈਕਟਰ ਜਨਰਲ, ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਸ ਪ੍ਰੇਪਾਰਾਟੋਰੀ ਇੰਸਟੀਚਿਊਟ ਵੱਲੋਂ ਹਥਿਆਰਬੰਦ ਫੋਰਸਾਂ ਵਿੱਚ ਲੜਕਿਆਂ ਲਈ ਮੌਕੇ ਤੇ ਚੁਣੌਤੀਆਂ ਦੀਆਂ ਸੰਭਾਵਨਾਵਾਂ ਦੇ ਵਿਸ਼ੇ ਉੱਤੇ ਪ੍ਰਾਰਥੀਆਂ ਨੂੰ ਗਾਈਡ ਕੀਤਾ ਜਾਵੇਗਾ ਤਾਂ ਜੁ ਇਸ ਕਿੱਤੇ ਸਬੰਧੀ ਭਰਪੂਰ ਜਾਣਕਾਰੀ ਹਾਸਿਲ ਕਰਕੇ ਰੋਜ਼ਗਾਰ ਵੱਲ ਵਧ ਸਕਣ।ਉਨ੍ਹਾਂ ਕਿਹਾ ਕਿ ਇਸ ਵੈਬੀਨਾਰ ਵਿੱਚ ਘੱਟੋ-ਘੱਟ ਬਾਰ੍ਹਵੀਂ ਪਾਸ ਪ੍ਰਾਰਥੀ ਬਿਊਰੋ ਵਿੱਚ ਪਹੁੰਚ ਕੇ ਹਿੱਸਾ ਲੈ ਸਕਦੇ ਹਨ।ਉਨ੍ਹਾਂ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਚਾਹਵਾਨ ਪ੍ਰਾਰਥੀਆਂ ਨੂੰ ਵੱਧ ਤੋਂ ਵੱਧ ਇਸ ਰੋਜ਼ਗਾਰ ਮੇਲੇ ਵਿੱਚ ਤੇ ਇਸ ਆਨਲਾਈਨ ਵੈਬੀਨਾਰ ਵਿੱਚ ਹਿੱਸਾ ਲੈਣ ਦੀ ਅਪੀਲ ਕੀਤੀ।ਉਨ੍ਹਾਂ ਕਿਹਾ ਕਿ ਜੋ ਪ੍ਰਾਰਥੀ ਘਰ ਬੈਠ ਕੇ ਵੈਬੀਨਾਰ ਵਿੱਚ ਹਿੱਸਾ ਲੈਣਾ ਚਾਹੁੰਦੇ ਹਨ, ਉਹ ਦਿੱਤੇ ਗਏ ਫੇਸਬੁਕ ਲਾਈਵ ਲਿੰਕ 'ਤੇ ਹਿੱਸਾ ਲੈ ਸਕਦੇ ਹਨ।

# ਸਾਹਿਤ ਸਭਾ ਦੇ ਸਮਾਗਮ 'ਚ ਕਿਤਾਬਾਂ ਦੀ ਘੁੰਡ ਚੁਕਾਈ ਤੇ ਕਵੀਸ਼ਰੀ ਗਾਇਨ ਹੋਈ



**ਧੂਰੀ (ਸੁਖਦੇਵ ਧੂਰੀ)**

ਸਾਹਿਤ ਸਭਾ ਧੂਰੀ ਰਜਿ: ਦਾ ਸਮਾਗਮ ਸੁਰਿੰਦਰ ਸ਼ਰਮਾ ਨਾਗਰਾ ਦੀ ਪ੍ਰਧਾਨਗੀ ਹੇਠ ਸੰਪੰਨ ਹੋਇਆ, ਜਿਸ ਦੇ ਮੁੱਖ ਮਹਿਮਾਨ ਡਾ. ਤੇਜਵੰਤ ਮਾਨ ਸਰਪ੍ਰਸਤ ਕੇਂਦਰੀ ਪੰਜਾਬੀ ਲੇਖਕ ਸਭਾ ਰਜਿ: (ਸੇਖੋਂ), ਪਵਨ ਹਰਚੰਦਪੁਰੀ ਪ੍ਰਧਾਨ ਤੇ ਗੁਲਜ਼ਾਰ ਸਿੰਘ ਸ਼ੌਂਕੀ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸ਼ਾਮਲ ਹੋਏ। ਕਵੀ ਦਰਬਾਰ ਦੀ ਸ਼ੁਰੂਆਤ ਸੁਖਦੇਵ ਪੇਂਟਰ ਦੇ ਗੀਤ 'ਨਾਂ ਦੁਨੀਆ ਤੇ ਕੁੱਝ ਲੈ ਕੇ ਆਏ' ਨਾਲ ਹੋਈ। ਸ਼ੇਰ ਸਿੰਘ ਦਾ ਗੀਤ 'ਚੜ੍ਹਦੇ ਸੂਰਜ ਢਲਦੇ ਦੇਖੇ', ਰਮੇਸ਼ ਜੈਨ ਦੀ ਬਜ਼ੁਰਗਾਂ ਬਾਰੇ ਕਵਿਤਾ, ਸੱਤਪਾਲ ਪ੍ਰਾਸ਼ਰ ਦੀ ਬੁਲੰਦ ਆਵਾਜ਼ ਵਿੱਚ 'ਸ਼ਰਾਬੀ ਪਤੀ ਦੀ ਹਾਲਤ', ਪਰਸਨ ਸਿੰਘ ਵੱਲੋਂ ਆਰਿਫ ਸਾਹਿਬ ਦਾ ਬੈਂਡ, ਰਜਿੰਦਰ ਪਾਲ ਵੱਲੋਂ 'ਕਲਾ ਬਿਨਾਂ ਨਾ ਕੁੱਝ ਲਿਖਿਆ ਜਾਂਦਾ', ਡਾ. ਹਰਪਾਲ ਬੜੀ, ਦਿਲਸ਼ਾਦ ਜਮਾਲਪੁਰੀ, ਮੁਬਾਰਕਪੁਰੀ ਪ੍ਰਧਾਨ ਸਾਹਿਤ ਸਭਾ ਮਾਲੇਰਕੋਟਲਾ, ਲੈਕਚਰਾਰ ਅਸ਼ਵਨੀ ਕੁਮਾਰ, ਰਣਜੀਤ ਸਿੰਘ ਗ਼ਜ਼ਲਗੋ ਦੀ ਗ਼ਜ਼ਲ 'ਅੱਗੇ ਵਧਣ ਦੀ ਰੀਝ', ਜਗਦੇਵ ਸ਼ਰਮਾ ਬੁਗਰਾ ਵੱਲੋਂ ਮਈ ਦਿਵਸ ਉੱਤੇ ਲੇਖ, ਹੰਸ ਰਾਜ ਗਰਗ ਦੀ ਰਾਗਿਣੀ ਤੇ ਹਰਜਿੰਦਰ ਸਿੰਘ ਸੇਵਾਮੁਕਤ ਮੈਨੇਜਰ ਨੇ ਪਹਿਲੀ ਵਾਰ ਗੀਤ ਪੇਸ਼ ਕੀਤਾ।

ਜਨ: ਸਕੱਤਰ ਸੰਤ ਸਿੰਘ ਬੀਹਲਾ ਨੇ ਹੀਰ ਦੀ ਕਲੀ ਗਾ ਕੇ ਸਾਰਿਆਂ ਨੂੰ ਝੂਮਣ ਲਾ ਦਿੱਤਾ। ਪਾਠਕ ਭਰਾਵਾਂ ਧਨੌਲਾ ਵਾਲ਼ਿਆਂ ਨੇ ਦੋ ਕਵੀਸ਼ਰੀਆਂ ਬੁਲੰਦ ਆਵਾਜ਼ ਵਿੱਚ ਗਾ ਕੇ ਧੰਨ-ਧੰਨ ਕਰਾ ਦਿੱਤੀ। ਜਗਦੀਸ਼ ਸਿੰਘ ਖੀਪਲ ਤੇ ਡਾ. ਰਜਿੰਦਰ ਪਾਲ ਦਾ ਜਨਮ ਦਿਨ ਮਨਾਇਆ ਤੇ ਸਭਾ ਵੱਲੋਂ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਸਮਾਗਮ ਵਿੱਚ ਦੋ ਪੁਸਤਕਾਂ 'ਦੇਵ ਥਰੀਕਿਆਂ ਵਾਲਾ', ਲੇਖਕ ਗੁਲਜ਼ਾਰ ਸਿੰਘ ਸ਼ੌਂਕੀ ਤੇ 'ਕਿੱਸਾ ਸੈਣੀ ਓਡਣੀ ਤੇ ਹੋਰ ਕਿੱਸੇ' ਮੂਲ ਲੇਖਕ - ਸੰਪੂਰਨ ਸਿੰਘ ਤੇ ਬਲਵੰਤ ਸਿੰਘ ਤੇ ਸੰਪਾਦਕ ਡਾ. ਤੇਜਵੰਤ ਮਾਨ ਹਨ, ਦਾ ਲੋਕ ਅਰਪਣ ਕੀਤਾ ਗਿਆ। ਪਵਨ ਹਰਚੰਦਪੁਰੀ ਤੇ ਡਾ. ਕਮਲਜੀਤ ਟਿੱਬਾ ਨੇ 'ਦੇਵ ਥਰੀਕਿਆਂ ਵਾਲਾ' 'ਤੇ ਪੇਪਰ ਪੜ੍ਹਿਆ। ਸੁਖਦੇਵ ਸ਼ਰਮਾ ਧੂਰੀ ਸੀਨੀਅਰ ਮੀਤ ਪ੍ਰਧਾਨ ਸਾਹਿਤ ਸਭਾ ਧੂਰੀ ਤੇ ਡਾ. ਤੇਜਵੰਤ ਮਾਨ ਨੇ ਮਰਹੂਮ ਕਿੱਸਾਕਾਰਾਂ ਸੰਪੂਰਨ ਸਿੰਘ ਅਤੇ ਬਲਵੰਤ ਸਿੰਘ ਦੀ ਪੁਸਤਕ 'ਕਿੱਸਾ ਸੈਣੀ ਓਡਣੀ ਤੇ ਹੋਰ ਕਿੱਸੇ' ਉਪਰ ਆਪਣੇ ਵਿਚਾਰ ਪੇਸ਼ ਕੀਤੇ।

ਡਾ. ਤੇਜਵੰਤ ਮਾਨ, ਗੁਲਜ਼ਾਰ ਸਿੰਘ ਸ਼ੌਂਕੀ ਤੇ ਕਿੱਸਾਕਾਰ ਸਵ: ਬਲਵੰਤ ਸਿੰਘ ਦੇ ਲੜਕੇ ਕੁਲਵਿੰਦਰ ਸਿੰਘ ਬੰਟੀ ਦਾ ਸਭਾ ਵੱਲੋਂ ਸਨਮਾਨ ਕਰਨ ਤੋਂ ਬਾਅਦ ਪਵਨ ਹਰਚੰਦਪੁਰੀ ਨੇ ਸਾਰੇ ਸਾਹਿਤਕਾਰਾਂ ਦਾ ਧੰਨਵਾਦ ਕੀਤਾ।

# ਨਰਮੇ ਹੇਠ ਰਕਬਾ ਵਧਾਉਣ ਲਈ ਵੱਖ-ਵੱਖ ਪਿੰਡਾਂ 'ਚ ਕਿਸਾਨ ਜਾਗਰੂਕਤਾ ਕੈਂਪ



**ਮਲੋਟ/ਸ੍ਰੀ ਮੁਕਤਸਰ ਸਾਹਿਬ (ਗੁਰਮੀਤ ਸਿੰਘ ਮੱਕੜ/ਸ਼ਮਿੰਦਰਪਾਲ, ਪੂਜਾ)**

ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ ਉੱਨਤ ਕਿਸਾਨ ਮਿਸ਼ਨ ਅਧੀਨ ਪਿੰਡ ਕਬਰਵਾਲਾ, ਤਾਮਕੋਟ ਤੇ ਪਿੰਡ ਬਾਂਮ ਵਿਖੇ ਨਰਮੇ ਦੀ ਫਸਲ ਹੇਠ ਰਕਬਾ ਵਧਾਉਣ ਲਈ ਡਾ. ਗੁਰਪ੍ਰੀਤ ਸਿੰਘ ਮੁੱਖ ਖੇਤੀਬਾੜੀ ਅਫਸਰ ਸ਼੍ਰੀ ਮੁਕਤਸਰ ਸਾਹਿਬ ਦੇ ਦਿਸ਼ਾ ਨਿਰਦੇਸ਼ਾਂ ਤੇ ਡਾ. ਪਰਮਿੰਦਰ ਸਿੰਘ ਧੰਜੂ ਬਲਾਕ ਖੇਤੀਬਾੜੀ ਅਫਸਰ, ਮਲੋਟ ਦੀ ਯੋਗ ਅਗਵਾਈ ਹੇਠ ਕਿਸਾਨ ਸਿਖਲਾਈ ਕੈਂਪ ਲਗਾਏ ਗਏ। ਇਨ੍ਹਾਂ ਕੈਂਪਾਂ ਵਿੱਚ ਨਰਮੇ ਦੀ ਫਸਲ ਦੀਆਂ ਸਿਫਾਰਸ਼-ਸ਼ੁਦਾ ਕਿਸਮਾਂ, ਪੰਜਾਬ ਸਰਕਾਰ ਵੱਲੋਂ ਨਰਮੇ ਦੇ ਬੀਜ਼ਾਂ 'ਤੇ ਦਿੱਤੀ ਜਾ ਰਹੀ 33 ਫੀਸਦੀ ਸਬਸਿਡੀ ਤੇ ਪੰਜਾਬ ਸਰਕਾਰ ਵੱਲੋਂ ਨਰਮੇ ਦੀ ਬਿਜਾਈ ਵਾਲੇ ਪਿੰਡਾਂ ਵਿੱਚ ਨਿਯੁਕਤ ਕੀਤੇ ਕਿਸਾਨ ਮਿੱਤਰ ਤੇ ਸੁਪਰਵਾਇਜ਼ਰਾਂ ਬਾਰੇ ਜਾਣਕਾਰੀ ਦਿੱਤੀ ਅਤੇ ਮੂੰਗੀ ਦੀ ਫਸਲ ਨੂੰ ਨਰਮੇ ਵਾਲੇ ਪਿੰਡਾਂ ਵਿੱਚ ਨਾ ਬੀਜਣ ਦੀ ਸਲਾਹ ਦਿੱਤੀ ਗਈ। ਕਿਸਾਨਾਂ ਨੂੰ ਮਿੱਟੀ ਪਾਣੀ ਦੇ ਸੈਂਪਲ ਲੈਣ ਦੀ ਵਿਧੀ ਤੇ ਪਰਖ ਕਰਾਉਣ ਬਾਰੇ ਵੀ ਜਾਗਰੂਕ ਕੀਤਾ।ਕਿਸਾਨਾਂ ਨੂੰ ਕੈਂਪ ਵਿੱਚ ਕੰਪਿਊਟਰ ਸੈਂਟਰ ਵਾਲਿਆਂ ਨਾਲ ਵੀ ਮਿਲਾਇਆ ਗਿਆ ਤੇ ਕਿਸਾਨਾਂ ਨੂੰ ਬੀਜ ਖ੍ਰੀਦਣ, ਉਸ ਕੋਲ ਜਾ ਕੇ ਰਜਿਸਟ੍ਰੇਸ਼ਨ ਦੁਕਾਨ 'ਤੇ ਜਾ ਕੇ ਨਰਮੇ ਬੀਜ ਦੀ ਸਬਸਿਡੀ ਲਈ ਪੋਰਟਲ 'ਤੇ ਰਜਿਸਟ੍ਰੇਸ਼ਨ ਕਰਾਉਣ ਅਤੇ ਇਸ ਦੇ ਨਾਲ ਹੀ ਭਾਰਤ ਸਰਕਾਰ ਦੀ ਚੱਲ ਰਹੀ ਪੀ. ਐੱਮ. ਕਿਸਾਨ ਸਨਮਾਨ ਨਿਧੀ ਯੋਜਨਾ ਬਾਰੇ ਕਿਸਾਨਾਂ ਨੂੰ ਜਾਣੂ ਕਰਵਾਇਆ ਗਿਆ। ਇਨ੍ਹਾਂ ਕੈਂਪਾਂ ਵਿੱਚ ਵਿਭਾਗ ਮਲੋਟ ਦੇ ਪਿੰਡ ਕਬਰਵਾਲਾ ਵਿੱਚ ਡਾ. ਪਰਮਿੰਦਰ ਸਿੰਘ ਖੇਤੀਬਾੜੀ ਵਿਕਾਸ ਅਫਸਰ, ਸਰਕਲ ਕੱਟਿਆਂਵਾਲੀ, ਪਿੰਡ ਤਾਮਕੋਟ ਵਿੱਚ ਡਾ. ਮਨਿੰਦਰਜੀਤ ਸਿੰਘ ਖੇਤੀਬਾੜੀ ਵਿਕਾਸ ਅਫਸਰ ਸਰਕਲ ਵਿਰਕ ਖੇੜਾ ਤੇ ਪਿੰਡ ਬਾਂਮ ਡਾ. ਜਸਨੀਨ ਕੌਰ ਖੇਤੀਬਾੜੀ ਵਿਕਾਸ ਅਫਸਰ ਸਰਕਲ ਮਿੱਡਾ ਨੇ ਕਿਸਾਨਾਂ ਨੂੰ ਸੰਬੋਧਨ ਕੀਤਾ। ਇਸ ਕੈਂਪ ਦੌਰਾਨ ਵਿਭਾਗ ਦੇ ਸ਼੍ਰੀ ਮਨਦੀਪ ਸਿੰਘ ਏ.ਐੱਸ.ਆਈ, ਸ਼੍ਰੀਮਤੀ ਰਕੇਸ਼ ਰਾਣੀ ਏ.ਐੱਸ.ਆਈ., ਸ਼੍ਰੀ ਪਵਨਪ੍ਰੀਤ ਸਿੰਘ ਏ.ਐੱਸ.ਆਈ, ਸ਼੍ਰੀ ਲਵਜੀਤ ਸਿੰਘ ਏ.ਟੀ.ਐੱਮ., ਸ਼੍ਰੀ ਗੁਰਬਾਜ ਸਿੰਘ ਏ.ਟੀ.ਐੱਮ. ਤੇ ਸਮੂਹ ਪਿੰਡਾਂ ਵਿੱਚ ਰੱਖੇ ਗਏ ਕਿਸਾਨ ਮਿੱਤਰ, ਸੁਪਰਵਾਇਜ਼ਰ ਅਤੇ ਕਿਸਾਨ ਹਾਜ਼ਰ ਸਨ।

# ਸ੍ਰੀ ਗੁਰੂ ਅਮਰਦਾਸ ਜੀ ਨੇ ਹਮੇਸ਼ਾ ਸ਼ਾਂਤੀ ਤੇ ਸਹਿਣਸ਼ੀਲਤਾ ਦਾ ਉਪਦੇਸ਼ ਦਿੱਤਾ : ਬਾਬਾ ਗੁਰਦੀਪ ਸਿੰਘ

### ਗੁਰਦੁਆਰਾ ਚੰਦ ਪੁਰਾਣਾ 'ਚ ਪੁੰਨਿਆਂ ਦਾ ਦਿਹਾੜਾ ਗੁਰਿਆਈ ਦਿਵਸ ਨੂੰ ਸਮਰਪਤ ਕਰਕੇ ਮਨਾਇਆ



ਸੰਗਤਾਂ ਨੂੰ ਪ੍ਰਵਚਨ ਕਰਦੇ ਹੋਏ ਬਾਬਾ ਗੁਰਦੀਪ ਸਿੰਘ ਜੀ ਚੰਦ ਪੁਰਾਣੇ ਵਾਲੇ।

**ਬਾਘਾ ਪੁਰਾਣਾ (ਮਨੀ ਸਿੰਗਲਾ)**-ਮਾਲਵੇ ਦੇ ਪਵਿੱਤਰ ਤੇ ਗੁਰਮਤਿ ਦੇ ਕੇਂਦਰ ਵਜੋਂ ਜਾਣੇ ਜਾਂਦੇ ਧਾਰਮਿਕ ਸਥਾਨ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਤਪ ਅਸਥਾਨ ਸੱਚਖੰਡ ਵਾਸੀ ਬਾਬਾ ਨਛੱਤਰ ਸਿੰਘ ਚੰਦ ਪੁਰਾਣਾ ਵਿਖੇ ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦੇ ਗੁਰਿਆਈ ਦਿਵਸ ਨੂੰ ਸਮਰਪਤ ਪੁੰਨਿਆ ਦਾ ਦਿਹਾੜਾ ਮਨਾਇਆ ਗਿਆ। ਇਸ ਮੌਕੇ ਵੱਡੀ ਗਿਣਤੀ 'ਚ ਸੰਗਤਾਂ ਨਤਮਸਤਕ ਹੋਈਆਂ ਤੇ ਤਿੰਨ ਸ੍ਰੀ ਅਖੰਡ ਪਾਠਾਂ ਦੇ ਭੋਗ ਪਾਏ ਗਏ। ਸਮਾਗਮ ਦੌਰਾਨ ਸਜੇ ਧਾਰਮਿਕ ਦੀਵਾਨ ਵਿੱਚ ਭਾਈ ਕਮਲਜੀਤ ਸਿੰਘ ਆਲਮ ਵਾਲਾ, ਭਾਈ ਜਸਪਾਲ ਸਿੰਘ ਲੱਲ੍ਹਿਆਂ ਵਾਲੇ, ਸ਼੍ਰੋਮਣੀ ਕਮੇਟੀ ਦੇ ਪ੍ਰਚਾਰਕ ਭਾਈ ਲਖਬੀਰ ਸਿੰਘ ਮੋਗਾ ਤੇ ਪ੍ਰਸਿੱਧ ਰਾਗੀ ਭਾਈ ਇਕਬਾਲ ਸਿੰਘ ਲੰਗੇਆਣਾ ਵਾਲਿਆਂ ਨੇ ਸੰਗਤਾਂ ਨੂੰ ਗੁਰ ਇਤਿਹਾਸ ਸੁਣਾ ਕੇ ਨਿਹਾਲ ਕੀਤਾ।

ਅਸਥਾਨ ਦੇ ਮੁੱਖ ਸੇਵਾਦਾਰ ਸੰਤ ਬਾਬਾ ਗੁਰਦੀਪ ਸਿੰਘ ਜੀ ਨੇ ਪੁੱਜੀਆਂ ਸੰਗਤਾਂ ਦਾ ਧੰਨਵਾਦ ਕੀਤਾ ਤੇ ਪ੍ਰਵਚਨਾਂ ਰਾਹੀਂ ਸ੍ਰੀ ਗੁਰੂ ਅਮਰਦਾਸ ਜੀ ਦੇ ਜੀਵਨ ਬਾਰੇ ਦੱਸਦਿਆਂ ਕਿਹਾ ਕਿ ਸ਼ਾਂਤੀ ਤੇ ਸਹਿਣਸ਼ੀਲਤਾ ਦੇ ਪੁੰਜ ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ ਜੀ ਦਾ ਗੁਰਿਆਈ ਦਿਹਾੜਾ ਮਨਾਇਆ ਜਾ ਰਿਹਾ ਹੈ। ਸ੍ਰੀ ਗੁਰੂ ਅਮਰਦਾਸ ਜੀ ਉਹ ਮਹਾਨ ਸ਼ਖਸੀਅਤ ਹਨ, ਜਿਨ੍ਹਾਂ ਨੇ ਵਡੇਰੀ ਉਮਰ ਦੀ ਪ੍ਰਵਾਹ ਕੀਤੇ ਬਿਨਾਂ 12 ਸਾਲ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੇਵਾ ਕੀਤੀ ਤੇ ਆਪਣੀ ਸੇਵਾ ਭਗਤੀ ਅਤੇ ਘਾਲਣਾ ਸਦਕਾ ਸਿੱਖਾਂ ਦੇ ਤੀਜੇ ਗੁਰੂ ਦੇ ਰੂਪ 'ਚ ਗੁਰਗੱਦੀ 'ਤੇ ਬਿਰਾਜਮਾਨ ਹੋਏ। ਉਨ੍ਹਾ ਕਿਹਾ ਕਿ ਆਪ ਜੀ ਨੇ ਲੰਗਰ ਤੇ ਪੰਗਤ ਦੀ ਪ੍ਰੰਪਰਾ 'ਤੇ ਬਹੁਤ ਜ਼ੋਰ ਦਿੱਤਾ ਤੇ ਹੁਕਮ ਕੀਤਾ ਕਿ ਜਿਸ ਨੇ ਮੇਰੇ ਦਰਸ਼ਨ ਤੇ ਸੰਗਤ ਕਰਨੀ ਹੈ, ਉਹ ਪਹਿਲਾਂ ਪੰਗਤ ਵਿੱਚ ਬੈਠ ਕੇ ਲੰਗਰ ਛਕੇ। ਗੁਰੂ ਜੀ ਨੇ ਆਪਣੇ ਜੀਵਨ ਕਾਲ 'ਚ ਸਮਾਜ ਸੁਧਾਰ 'ਤੇ ਬਹੁਤ ਜ਼ੋਰ ਦਿੱਤਾ, ਜਿਸ ਵਿੱਚ ਕਰਮ-ਕਾਂਡ, ਜਾਤ-ਪਾਤ, ਛੂਤ-ਛਾਤ, ਤੀਰਥ, ਵਰਤ, ਨੇਮ, ਮੜ੍ਹੀ, ਮਸਾਣਾਂ ਤੇ ਕਬਰਾਂ ਦੀ ਪੂਜਾ ਤੋਂ ਲੋਕਾਈ ਨੂੰ ਹਟਾ ਕੇ ਇੱਕ ਅਕਾਲ ਪੁਰਖ ਦੇ ਸਿਮਰਨ ਨਾਲ ਜੋੜਿਆ।

ਉਨ੍ਹਾਂ ਕਿਹਾ ਕਿ ਅੱਜ ਸਾਨੂੰ ਲੋੜ ਹੈ, ਗੁਰੂ ਜੀ ਦੇ ਦਰਸਾਏ ਮਾਰਗ 'ਤੇ ਚੱਲਣ ਦੀ। ਉਨ੍ਹਾਂ ਕਿਹਾ ਕਿ ਬਾਣੀ ਦੇ ਨਾਲ ਜੁੜੋ ਤੇ ਸਿੱਖੀ ਵਾਲੇ ਬਣੋ। ਇਸ ਮੌਕੇ ਉਨ੍ਹਾਂ ਦੇਸ਼-ਵਿਦੇਸ਼ ਵਿਚ ਵਸਦੀ ਸਿੱਖ ਨਾਮ ਲੇਵਾ ਸੰਗਤ ਨੂੰ ਅੱਜ ਇਸ ਪਵਿੱਤਰ ਦਿਹਾੜੇ ਦੀ ਮੁਬਾਰਕਬਾਦ ਦਿੱਤੀ। ਸਟੇਜ ਦੀ ਸੇਵਾ ਦਰਸ਼ਨ ਸਿੰਘ ਡਰੋਲੀ ਭਾਈ ਨੇ ਨਿਭਾਈ।

ਇਸ ਮੌਕੇ ਹੈੱਡ ਗ੍ਰੰਥੀ ਸੁੱਚਾ ਸਿੰਘ ਤੋਂ ਇਲਾਵਾ ਭਾਈ ਸੁੱਖਾ ਸਿੰਘ ਮੋਗਾ, ਨੈਬ ਸਿੰਘ ਬਹੋਨਾ, ਭਾਈ ਚਮਕੌਰ ਸਿੰਘ ਚੰਦ ਪੁਰਾਣਾ, ਅਜਮੇਰ ਸਿੰਘ, ਡਾਕਟਰ ਅਵਤਾਰ ਸਿੰਘ, ਗਿਆਨੀ ਗੁਰਦੀਪ ਸਿੰਘ ਲੰਗੇਆਣਾ ਤੋਂ ਇਲਾਵਾ ਵੱਡੀ ਗਿਣਤੀ 'ਚ ਸੰਗਤਾਂ ਤੇ ਸੇਵਾਦਾਰ ਹਾਜ਼ਰ ਸਨ।

# ਡੀ ਟੀ ਐੱਫ ਤੇ ਆਦਰਸ਼ ਸਕੂਲ ਅਧਿਆਪਕ ਯੂਨੀਅਨ ਦਾ ਹੋਇਆ ਗੱਠਜੋੜ : ਗਲੋਟੀ



**ਕੋਟ ਈਸੇ ਖਾਂ (ਅਰੋੜਾ)**-ਡੈਮੋਕ੍ਰੇਟਿਕ ਟੀਚਰ ਫਰੰਟ ਪੰਜਾਬ ਵੱਲੋਂ ਸੂਬਾ ਪੱਧਰੀ ਵਿਸ਼ਾਲ ਝੰਡਾ ਰੈਲੀ ਦਾ ਐਲਾਨ ਕੀਤਾ ਗਿਆ ਸੀ, ਜਿਸ ਦੇ ਚਲਦਿਆਂ ਆਦਰਸ਼ ਸਕੂਲ ਅਧਿਆਪਕ ਯੂਨੀਅਨ ਪੰਜਾਬ ਦੇ ਸੂਬਾ ਆਗੂਆਂ ਨਾਲ ਤਾਲਮੇਲ ਕਰਕੇ ਗੱਠਜੋੜ ਕਰਨ ਦਾ ਪ੍ਰਸਤਾਵ ਰੱਖਿਆ ਗਿਆ ਸੀ, ਜਿਸ ਬਾਰੇ ਜਾਣਕਾਰੀ ਦਿੰਦੇ ਹੋਏ ਆਦਰਸ਼ ਸਕੂਲ ਅਧਿਆਪਕ ਯੂਨੀਅਨ ਪੰਜਾਬ ਦੇ ਸੂਬਾ ਮੀਤ ਪ੍ਰਧਾਨ ਜਸਵੀਰ ਸਿੰਘ ਗਲੋਟੀ ਨੇ ਪ੍ਰੈੱਸ ਨੂੰ ਦੱਸਿਆ ਕਿ ਉਨ੍ਹਾਂ ਵੱਲੋਂ ਇਸ ਸਮਾਗਮ ਵਿੱਚ ਆਪਣੇ ਸਾਥੀਆਂ ਸਮੇਤ ਸ਼ਮੂਲੀਅਤ ਕੀਤੀ ਗਈ। ਇਹ ਕਾਫ਼ਲਾ ਸ਼ਾਹਕੋਟ ਤੋਂ ਵੱਖ ਵੱਖ ਪੜਾਵਾਂ ਤੋਂ ਹੁੰਦਾ ਹੋਇਆ ਜਲੰਧਰ ਬੱਸ ਸਟੈਂਡ ਪੁੱਜਾ ਇਸ ਵਿੱਚ ਜਗ੍ਹਾ ਜਗ੍ਹਾ ਰੁਕਦੇ ਹੋਏ ਅਧਿਆਪਕ ਮਾਰੂ ਨੀਤੀਆਂ ਦਾ ਖੰਡਨ ਕੀਤਾ ਗਿਆ ਤੇ ਮੌਜੂਦਾ ਸਰਕਾਰ ਤੋਂ ਦੁਖੀ ਅਧਿਆਪਕਾਂ ਨੇ ਰੱਜ ਕੇ ਸਰਕਾਰ ਨਾਹਰੇਬਾਜ਼ੀ ਵੀ ਕੀਤੀ। ਇਸ ਮੌਕੇ ਯੂਨੀਅਨ ਆਗੂਆਂ ਵੱਲੋਂ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਉਹ ਸਾਰੇ ਵਾਅਦੇ ਯਾਦ ਕਰਵਾਉਣ ਦਾ ਯਤਨ ਕੀਤਾ, ਜੋ ਸੱਤਾ ਵਿੱਚ ਆਉਣ ਤੋਂ ਪਹਿਲਾਂ ਕੀਤੇ ਸੀ। ਇਸ ਮੌਕੇ ਆਦਰਸ਼ ਸਕੂਲ ਦੇ ਆਗੂ ਸਾਥੀਆਂ ਨੇ ਦੱਸਿਆ ਕਿ ਆਦਰਸ਼ ਸਕੂਲਾਂ ਨਾਲ ਸਰਕਾਰ ਵੱਲੋਂ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਨਾ ਤਾਂ ਸਾਡੀਆਂ ਤਨਖਾਹਾਂ ਪੂਰੀਆਂ ਦਿੱਤੀਆਂ ਜਾਂਦੀਆਂ ਹਨ ਤੇ ਨਾ ਹੀ ਸਮੇਂ ਸਿਰ ਦਿੱਤੀਆਂ ਜਾਂਦੀਆਂ ਹਨ, ਜਦਕਿ ਇਨ੍ਹਾਂ ਸਕੂਲਾਂ ਵਿੱਚ 1400 ਤੋਂ 1500 ਦੇ ਕਰੀਬ ਇੱਕ ਸਕੂਲ ਵਿੱਚ ਵਿਦਿਆਰਥੀ ਵਿੱਦਿਆ ਲੈ ਰਹੇ ਹਨ। ਕਮਾਲ ਦੀ ਗੱਲ ਹੈ ਕਿ ਇਨ੍ਹਾਂ ਸਕੂਲਾਂ ਦੇ ਚੇਅਰਮੈਨ ਖੁਦ ਪੰਜਾਬ ਦੇ ਮੌਜੂਦਾ ਸੀ ਐੱਮ ਭਗਵੰਤ ਸਿੰਘ ਮਾਨ ਹਨ। ਆਪ ਦੀ ਸਰਕਾਰ ਆਉਣ ਤੋਂ ਪਹਿਲਾਂ ਉਹ ਸਾਡੇ ਇੱਕ ਦੋ ਸਕੂਲਾਂ ਦਾ ਦੌਰਾ ਵੀ ਕਰ ਚੁੱਕੇ ਹਨ, ਪਰ ਸੀ ਐੱਮ ਪੰਜਾਬ ਬਣਨ ਤੋਂ ਬਾਅਦ ਸਭ ਭੁੱਲ ਗਏ। ਉਨ੍ਹਾਂ ਦੱਸਿਆ ਕਿ ਅੱਜ ਡੈਮੋਕ੍ਰੇਟਿਕ ਟੀਚਰ ਫਰੰਟ ਬੇਰੁਜ਼ਗਾਰ ਪੀ ਟੀ ਆਈ ਅਧਿਆਪਕ ਯੂਨੀਅਨ ਪੰਜਾਬ, 6505 ਕੰਪਿਊਟਰ ਯੂਨੀਅਨ ਪੰਜਾਬ, ਈ ਟੀ ਟੀ ਟੈੱਟ ਪਾਸ ਯੂਨੀਅਨ ਪੰਜਾਬ ਤੇ 6060 ਮਾਸਟਰ ਕੇਡਰ ਯੂਨੀਅਨ ਪੰਜਾਬ ਅਧਿਆਪਕ ਜਥੇਬੰਦੀਆਂ ਦਾ ਗੱਠਜੋੜ ਹੋ ਚੁੱਕਾ ਹੈ। ਜੇਕਰ ਆਦਰਸ਼ ਸਕੂਲਾਂ ਦੇ ਅਧਿਆਪਕਾਂ ਦੀਆਂ ਤਨਖ਼ਾਹਾਂ ਜਲਦੀ ਗ੍ਰੇਡ ਪੇਅ ਦੇ ਹਿਸਾਬ ਨਾਲ ਫੁੱਲ ਤਨਖਾਹਾਂ ਨਹੀਂ ਦਿੱਤੀਆਂ ਜਾਂਦੀਆਂ ਤਾਂ ਆਉਣਾ ਵਾਲੇ ਸਮੇਂ ਵਿੱਚ ਜਲਦੀ ਹੀ ਇੱਕ ਸਾਂਝਾ ਸੂਬਾ ਪੱਧਰੀ ਪ੍ਰਦਰਸ਼ਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅਸੀਂ ਆਪਣੇ ਅਧਿਆਪਕਾਂ ਦੇ ਹੱਕ ਲੈਣ ਲਈ ਹਮੇਸ਼ਾ ਬਚਨਬੱਧ ਹਾਂ ਤੇ ਅਸੀਂ ਇਹ ਸੰਘਰਸ਼ ਉਦੋਂ ਤੱਕ ਜਾਰੀ ਰੱਖਾਂਗੇ, ਜਦੋਂ ਤੱਕ ਸਾਨੂੰ ਸਾਡੇ ਹੱਕ ਨਹੀਂ ਮਿਲ ਜਾਂਦੇ।

ਇਸ ਮੌਕੇ ਬੇਰੁਜ਼ਗਾਰ ਪੀ ਟੀ ਆਈ ਅਧਿਆਪਕ ਯੂਨੀਅਨ ਦੇ ਸੂਬਾ ਪ੍ਰਧਾਨ ਤੇ ਆਦਰਸ਼ ਸਕੂਲ ਅਧਿਆਪਕ ਯੂਨੀਅਨ ਪੰਜਾਬ ਦੇ ਸੂਬਾ ਮੀਤ ਪ੍ਰਧਾਨ ਜਸਵੀਰ ਸਿੰਘ ਗਲੋਟੀ, ਡੈਮੋਕ੍ਰੇਟਿਕ ਟੀਚਰ ਫਰੰਟ ਦੇ ਸੂਬਾ ਪ੍ਰਧਾਨ ਦਿਗਵਿਜੇਪਾਲ ਸਿੰਘ, ਸੂਬਾ ਕਮੇਟੀ ਮੈਂਬਰ ਗਗਨਦੀਪ ਸਨਦੀਪ ਕੋਚ, ਭੁਪਿੰਦਰ ਸਿੰਘ ਬਲਵੀਰ ਲੌਂਗੋਵਾਲ, ਸੂਬਾ ਸਕੱਤਰ ਬਲਕਾਰ ਸਿੰਘ, ਜਸਪਾਲ ਸਿੰਘ, ਅਭਿਸ਼ੇਕ ਠਾਕਰ, ਸੁਖਚੈਨ ਸਿੰਘ, ਕਮਲ ਸ਼ਰਮਾ, ਬਲਵਿੰਦਰ ਸਿੰਘ ਆਦਿ ਹਾਜ਼ਰ ਸਨ।

# ਮਹਿਲਾ ਭਲਵਾਨਾਂ ਦੀ ਹਮਾਇਤ 'ਚ ਰੋਸ ਮਾਰਚ




**ਫਿਲੌਰ (ਨਿਰਮਲ, ਬੀ ਐੱਸ ਕੈਨੇਡੀ)**- ਇਲਾਕੇ ਦੀਆਂ ਵੱਖ-ਵੱਖ ਜਨਤਕ ਤੇ ਖੇਡ ਜਥੇਬੰਦੀਆਂ, ਦੁਆਬਾ ਕ੍ਰਿਕਟ ਕਮੇਟੀ, ਸ਼ਹੀਦ ਭਗਤ ਸਿੰਘ ਨੌਜਵਾਨ ਸਭਾ, ਗੌਰਮਿੰਟ ਟੀਚਰਜ ਯੂਨੀਅਨ ਪੰਜਾਬ ਅਤੇ ਦਿਹਾਤੀ ਮਜਦੂਰ ਸਭਾ ਵਲੋਂ ਦਿੱਲੀ ਦੇ ਜੰਤਰ ਮੰਤਰ ਵਿਖੇ ਇਨਸਾਫ ਲਈ ਬੈਠੀਆਂ ਭਾਰਤੀ ਮਹਿਲਾ ਪਹਿਲਵਾਨ ਦੇ ਹੱਕ ਵਿੱਚ ਰੋਸ ਮਾਰਚ ਕੀਤਾ ਗਿਆ ਅਤੇ ਮੰਗ ਕੀਤੀ ਕਿ ਸੰਸਾਰ ਵਿੱਚ ਦੇਸ਼ ਦਾ ਨਾਂਅ ਉੱਚਾ ਕਰਨ ਵਾਲੀਆਂ ਮਹਿਲਾ ਪਹਿਲਵਾਨ ਲੜਕੀਆਂ ਦਾ ਜਿਨਸੀ ਸ਼ੋਸ਼ਣ ਕਰਨ ਵਾਲੇ ਕੁਸਤੀ ਸੰਘ ਦੇ ਪ੍ਰਧਾਨ 'ਤੇ ਭਾਜਪਾ ਸੰਸਦ ਮੈਂਬਰ ਬ੍ਰਿਜ ਭੂਸ਼ਨ ਸਿੰਘ ਨੂੰ ਤਰੁੰਤ ਬਰਖ਼ਾਸਤ ਕਰਕੇ ਗ੍ਰਿਫ਼ਤਾਰ ਕੀਤਾ ਜਾਵੇ, ਔਰਤਾਂ 'ਤੇ ਖਿਡਾਰੀਆ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ। ਇਸ ਸਮੇਂ ਜਨਤਕ ਜਥੇਬੰਦੀਆਂ ਦੇ ਆਗੂਆਂ ਕਰਨੈਲ ਫਿਲੌਰ, ਪਰਸ਼ੋਤਮ ਫਿਲੌਰ, ਮੱਖਣ ਫਿਲੌਰ, ਜਰਨੈਲ ਫਿਲੌਰ, ਰਾਜੂ ਬ੍ਰਹਮਪੁਰੀ ਆਦਿ ਨੇ ਕਿਹਾ ਪਿਛਲੇ ਪੰਦਰ੍ਹਾਂ ਦਿਨਾਂ ਤੋਂ ਭਾਰਤ ਦੇ ਉੱਘੇ ਭਲਵਾਨ ਵਿਨੇਸ਼ ਫੋਗਾਟ, ਸਾਕਸੀ ਮਲਿਕ ਅਤੇ ਬਜਰੰਗ ਪੂਨੀਆਂ ਸਮੇਤ ਕਈ ਭਲਵਾਨ ਦਿੱਲੀ ਜੰਤਰ ਮੰਤਰ ਉੱਤੇ ਇਨਸਾਫ ਲਈ ਧਰਨੇ ਉੱਤੇ ਬੈਠੇ ਹਨ। ਇਹ ਭਲਵਾਨ ਭਾਰਤ ਦੇ ਕਸ਼ਸਤੀ ਸੰਘ ਦੇ ਮੁਖੀ ਬ੍ਰਿਜ ਭੂਸ਼ਨ ਸ਼ਰਨ ਵੱਲੋਂ ਮਹਿਲਾ ਭਲਵਾਨਾਂ ਨਾਲ ਕੀਤੀਆਂ ਜਿਨਸੀ ਛੇੜਛਾੜ ਦੀਆਂ ਘਟਨਾਵਾਂ ਵਿਰੁੱਧ ਇਨਸਾਫ ਲਈ ਪਿਛਲੇ ਕਈ ਮਹੀਨਿਆਂ ਤੋਂ ਸਰਕਾਰੇ ਦਰਬਾਰੇ ਆਪਣੀ ਅਵਾਜ ਪਹੁੰਚਾ ਰਹੇ ਹਨ। ਪਰ ਸਭ ਦੇ ਬਾਵਜੂਦ ਭਾਰਤ ਸਰਕਾਰ ਦੇ ਕੰਨ 'ਤੇ ਜੂੰਅ ਨਹੀਂ ਸਰਕ ਰਹੀਂ। ਭਾਰਤ ਦੇ ਪ੍ਰਧਾਨ ਮੰਤਰੀ ਆਪਣੇ ਮਨ ਕੀ ਬਾਤ ਤਾਂ ਲੋਕਾਂ ਨੂੰ ਸੁਣਾਉਂਦੇ ਹਨ ਪਰ ਉਨ੍ਹਾਂ ਦੇ ਦਰਵਾਜੇ ਮੂਹਰੇ ਇਨਸਾਫ ਮੰਗਦੀਆਂ ਪਹਿਲਵਾਨ ਲੜਕੀਆਂ ਦੇ ਮਨ ਦੀ ਗੱਲ ਸੁਣਨ ਤੋਂ ਇਨਕਾਰੀ ਹਨ। ਸਗੋਂ ਫੰਡਰ ਕਮੇਟੀਆਂ ਬਣਾ ਕੇ ਸਰਕਾਰ ਖੇਡ ਸੰਸਾਰ ਵਿੱਚ ਮਹਿਲਾਂ ਖਿਡਾਰੀਆਂ ਨਾਲ ਹੁੰਦੇ ਧੱਕੇ ਧੋੜੇ ਦੇ ਮਸਲੇ ਨੂੰ ਮਿੱਟੀ ਰੋਲਣਾ ਚਾਹੁੰਦੀ ਹੈ ਅਤੇ ਪੁਲਸ ਦੀਆਂ ਧਾੜਾਂ ਰਾਹੀਂ ਅੰਦੋਲਨ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਸਮੇਂ ਕਮਲ ਭਰਦਵਾਜ, ਪ੍ਰਭਾਤ ਕਵੀ, ਦਿਨੇਸ਼ ਅਜ਼ਦ, ਸਮੀਂ ਕੁਮਾਰ, ਰਾਜ ਕੁਮਾਰ, ਅਰਸ਼ਪਰੀਤ ਗੁਰੂ, ਲੇਖ ਰਾਜ ਪੰਜਾਬੀ, ਬਖ਼ਸ਼ੀ ਰਾਮ, ਸੰਨੀ ਜੱਸਲ, ਰਮਨ ਕੁਮਾਰ, ਜਗਜੀਤ ਕੁਮਾਰ, ਰੈਨੀ ਸੂਰਜਾ, ਬਾਈ ਫਿਲੌਰ, ਸ਼ਾਲੂ ਫਿਲੌਰ, ਬਬਲੂ ਨਗਰ, ਹੈਰੀ ਸੂਰਜਾ, ਗੁਰਦੀਪ ਮਨਸੂਰਪੁਰ, ਮੋਨੂੰ ਮਨਸੂਰਪੁਰ, ਕਮਲ ਅਸ਼ਾਹੂਰ, ਸੁੱਖਾ ਅਸ਼ਾਹੂਰ, ਮੁਸ਼ਤਾਕ ਬੋਕਨ, ਮੁੰਨਾ ਲਸਾੜਾ, ਜਗਦੀਪ ਕਤਪਾਲੋ, ਰਵੀ ਫਿਲੌਰ, ਮੰਨਾ ਫਿਲੌਰ, ਅਮਨ ਚੱਡਾ, ਨਰਿੰਦਰ ਨੰਗਲ, ਸੰਨੀ ਜਗਤਪੁਰ, ਸੰਦੀਪ ਕੁਮਾਰ, ਅਨਮੋਲਦੀਪ, ਨਵਦੀਪ, ਯੁਵਰਾਜ ਭਟੋਏ, ਸੁਖਵਿੰਦਰ ਕੁਮਾਰ, ਪਿਆਰਾ ਰਾਮ ਮਹਿਸਮਪੁਰ, ਆਦਿ ਹਾਜਰ ਸਨ।

# ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਨੂੰ ਪਿੰਡ ਕਰੀਹਾ ਵੱਲੋਂ ਕਣਕ ਦਾਨ

**ਬਹਿਰਾਮ (ਅਵਤਾਰ ਕਲੇਰ)** ਦੇਸ਼ ਵਿਦੇਸ਼ ਦੇ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਸਥਾਪਤ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਮਰੀਜ਼ਾਂ ਅਤੇ ਉਹਨਾਂ ਦੇ ਸਹਾਇਕਾਂ ਲਈ ਚੱਲਦੀ ਲੰਗਰ ਸੇਵਾ ਲਈ ਪਿੰਡ ਕਰੀਹਾ ਦੇ ਦਾਨੀਆਂ ਵੱਲੋਂ ਕਣਕ ਦਾ ਦਾਨ ਦਿੱਤਾ।

ਪਿੰਡ ਕਰੀਹਾ ਵਿਖੇ ਸਮਾਜ ਸੇਵਕ ਬਾਬਾ ਦਲਜੀਤ ਸਿੰਘ ਦੀ ਅਗਵਾਈ ਵਿਚ ਸੁਖਵੀਰ ਸਿੰਘ ਦੁਸਾਂਝ, ਹਰਮਿੰਦਰ ਸਿੰਘ, ਗੁਰਿੰਦਰ ਸਿੰਘ ਜੌਹਲ ਸਾਬਕਾ ਸਰਪੰਚ, ਦਵਿੰਦਰ ਸਿੰਘ ਮਾਨ, ਕੁਲਵੀਰ ਸਿੰਘ ਮਾਨ ਪੰਚ, ਗੁਰਮੇਲ ਸਿੰਘ ਨੇ ਆਪਣੇ ਸਾਥੀਆਂ ਨਾਲ ਸਮੁੱਚੇ ਨਗਰ ਵਿਚ ਘਰ-ਘਰ ਜਾ ਕੇ ਹਸਪਤਾਲ ਢਾਹਾਂ ਕਲੇਰਾਂ ਦੇ ਮਰੀਜ਼ਾਂ ਦੇ ਲੰਗਰ ਲਈ ਕਣਕ ਇਕੱਠੀ ਕਰਵਾਈ ਹੈ। ਬਾਬਾ ਦਲਜੀਤ ਸਿੰਘ ਕਰੀਹਾ ਨੇ ਕਿਹਾ ਕਿ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਲੋੜਵੰਦ ਅਤੇ ਗਰੀਬ ਮਰੀਜ਼ਾਂ ਦਾ ਵਧੀਆ ਇਲਾਜ ਕੀਤਾ ਜਾਂਦਾ ਹੈ ਅਤੇ ਹਸਪਤਾਲ ਵਿਚ ਦਾਖਲ ਬਿਮਾਰ ਲੋੜਵੰਦ ਮਰੀਜ਼ਾਂ ਅਤੇ ਉਹਨਾਂ ਦੇ ਸਹਾਇਕਾਂ ਲਈ ਲੰਗਰ ਸੇਵਾ ਕਰਨੀ ਬਹੁਤ ਸ਼ਲਾਘਾਯੋਗ ਕਾਰਜ ਹੈ। ਇਸ ਮੌਕੇ ਹਸਪਤਾਲ ਪ੍ਰਬੰਧਕ ਟਰੱਸਟ ਦੇ ਪ੍ਰਧਾਨ ਹਰਦੇਵ ਸਿੰਘ ਕਾਹਮਾ ਨੇਂ ਸਮੂਹ ਨਗਰ ਨਿਵਾਸੀ ਕਣਕ ਦਾਨੀਆਂ ਦਾ ਹਾਰਦਿਕ ਧੰਨਵਾਦ ਕੀਤਾ।

ਕਣਕ ਇਕੱਠੀ ਕਰਨ ਮੌਕੇ ਭਾਈ ਜੋਗਾ ਸਿੰਘ, ਸੁਰਜੀਤ ਸਿੰਘ, ਸੁਰਿੰਦਰ ਸਿੰਘ, ਮਹਿੰਦਰ ਸਿੰਘ, ਸੰਦੀਪ ਕੁਮਾਰ, ਨੀਲਾ ਸਿੰਘ ਅਤੇ ਹਸਪਤਾਲ ਦੇ ਹੋਰ ਸੇਵਾਦਾਰ ਵੀ ਹਾਜ਼ਰ ਸਨ ।



# ਬ੍ਰਿਜ ਭੂਸ਼ਣ ਸ਼ਰਨ ਸਿੰਘ ਦਾ ਪੁਤਲਾ ਫੂਕਿਆ




**ਮਾਹਿਲਪੁਰ (ਸਫਰੀ)** ਜਨਵਾਦੀ ਇਸਤਰੀ ਸਭਾ ਗੜ੍ਹਸ਼ੰਕਰ ਵਲੋਂ ਸੂਬਾਈ ਸੱਦੇ 'ਤੇ ਭੰਮੀਆਂ ਸਲਾਹਪੁਰ ਮੁਹੱਲਾ ਬ੍ਰਿਜ ਭੂਸ਼ਨ ਸ਼ਰਨ ਸਿੰਘ ਐਮ ਪੀ ਦਾ ਪੁਤਲਾ ਫੂਕਿਆ ਗਿਆ। ਇਸ ਮੌਕੇ ਬੀਬੀ ਸੁਭਾਸ਼ ਮੱਟੂ ਸੂਬਾਈ ਮੀਤ ਪ੍ਰਧਾਨ, ਸੁਰਿੰਦਰ ਕੌਰ ਚੁੰਬਰ ਬਲਾਕ ਸੰਮਤੀ ਮੈਂਬਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਬ੍ਰਿਜ ਭੂਸ਼ਨ ਸ਼ਰਨ ਸਿੰਘ ਐਮ ਪੀ ਨੇ ਦੇਸ਼ ਦਾ ਮਾਣ ਰੈਸਲਰ ਧੀਆਂ, ਸੋਨ ਤਗਮੇ ਜਿੱਤਣ ਵਾਲੀਆਂ ਧੀਆਂ ਦਾ ਸੋਸ਼ਣ ਕੀਤਾ, ਸੁਪਰੀਮ ਕੋਰਟ ਦੇ ਫੈਸਲੇ ਨਾਲ ਕੇਸ ਰਜਿਸਟਰ ਹੋ ਗਿਆ ਪਰ ਹਾਲੇ ਤਕ ਮੋਦੀ ਸਰਕਾਰ ਗੁੰਡੇ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬਰਿਜ ਭੂਸ਼ਨ ਸ਼ਰਨ ਸਿੰਘ ਦੀ ਮੱਦਦ ਕਰ ਰਹੀ ਹੈ। ਧੀਆਂ ਨੂੰ ਇਨਸਾਫ ਲੈਣ ਲਈ ਜੰਤਰ ਮੰਤਰ 'ਤੇ ਬੈਠਣਾ ਪੈ ਰਿਹਾ ਹੈ।

ਜਨਵਾਦੀ ਇਸਤਰੀ ਸਭਾ ਧੀਆਂ ਦੇ ਘੋਲ ਦੀ ਪੂਰਨ ਹਮਾਇਤ ਕਰਦਿਆਂ ਗ੍ਰਿਫਤਾਰ ਹੋਣ ਤਕ ਸੰਘਰਸ਼ ਜਾਰੀ ਰੱਖਣ ਦਾ ਅਹਿਦ ਕੀਤਾ। ਇਸ ਮੌਕੇ ਜਗੀਰ ਕੌਰ, ਸੁਰਿੰਦਰ ਕੌਰ,ਨੀਲਮ ਰਾਣੀ, ਸੁਨੀਤਾ ਰਾਣੀ, ਨੀਰੂ ਰਾਣੀ, ਸੁਨਨਾ ਰਾਣੀ, ਦੀਪੂ, ਰਾਜਿੰਦਰ ਕੌਰ, ਕਸ਼ਮੀਰ ਕੌਰ, ਅਨਮੋਲ, ਦਰਸ਼ਨ ਸਿੰਘ ਮੱਟੂ, ਕੈਪਟਨ ਕਰਨੈਲ ਸਿੰਘ, ਕ੍ਰਿਸ਼ਨ ਕੁਮਾਰ, ਦਲਬਾਰਾ ਰਾਮ, ਹਰਸ਼ ਕੰਗੜ ਗੜ੍ਹਸ਼ੰਕਰ ਤੇ ਹੋਰ ਹਾਜਰ ਸਨ।

# ਕਾਂਗਰਸ ਦੀ ਚੋਣ ਮੀਟਿੰਗ ਨੇ ਰੈਲੀ ਦਾ ਰੂਪ ਧਾਰਿਆ



**ਕਰਤਾਰਪੁਰ ( ਹਰਮੇਸ ਦੱਤ )** ਲੋਕ ਸਭਾ ਜਲੰਧਰ ਦੀ ਜਿਮਨੀ ਚੋਣ ਸੰਬੰਧੀ ਇੱਕ ਮੀਟਿੰਗ ਸਾਬਕਾ ਚੇਅਰਮੈਨ ਰਾਜ ਕੁਮਾਰ ਅਰੋੜਾ ਦੀ ਦੀ ਦੇਖ ਰੇਖ ਹੇਠ ਕਰਵਾਈ ਗਈ। ਜਿਸ ਵਿੱਚ ਵੱਡੀ ਗਿਣਤੀ ਵਿੱਚ ਸ਼ਹਿਰ ਦੇ ਪਤਵੰਤੇ ਸੱਜਣ ਅਤੇ ਪਾਰਟੀ ਵਰਕਰਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਪ੍ਰੋਫੈਸਰ ਕਰਮਜੀਤ ਕੌਰ ਚੌਧਰੀ ਲਈ ਵੋਟਾਂ ਮੰਗੀਆਂ। ਸਾਬਕਾ ਵਿਧਾਇਕ ਹਰਪ੍ਰਤਾਪ ਸਿੰਘ ਅਜਨਾਲਾ, ਸਾਬਕਾ ਚੇਅਰਮੈਨ ਰਾਣਾ ਰੰਧਾਵਾ, ਦਲਜੀਤ ਸਿੰਘ ਨਡਾਲਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਆਮ ਆਦਮੀ ਪਾਰਟੀ ਨੇ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਕੀਤੇ। ਉਹਨਾਂ ਕਿਹਾ ਪੰਜਾਬ ਦੀ ਕਾਨੂੰਨ ਵਿਵਸਥਾ ਬਹੁਤ ਮਾੜੀ ਹੈ। ਇਹਨਾਂ ਦੀ ਸਰਕਾਰ ਵਿੱਚ ਕੱਬਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ, ਸਿੱਧੂ ਮੂਸੇਵਾਲ ਨੂੰ ਸ਼ਰੇਆਮ ਗੋਲੀਆਂ ਮਾਰੀਆਂ ਗਈਆਂ। ਨਸ਼ੇ, ਚੋਰੀ ਤੇ ਲੁੱਟਾਂ ਖੋਹਾਂ ਵੱਧ ਗਈਆਂ ਹਨ। ਲੋਕ ਇੱਕ ਸਾਲ ਵਿੱਚ ਹੀ ਇਸ ਸਰਕਾਰ ਤੋ ਦੁੱਖੀ ਹੋ ਗਏ ਹਨ। ਉਹਨਾਂ ਕਿਹਾ ਕਿ ਪੰਜਾਬ ਦੀ ਸਰਕਾਰ ਦਿੱਲੀ ਵਾਲੇ ਲਾਲੇ ਚਲਾ ਰਹੇ ਹਨ। ਇਸ ਮੌਕੇ ਸਿਟੀ ਕਾਂਗਰਸ ਪ੍ਰਧਾਨ ਜਗਦੀਸ਼ ਜੱਗਾ,ਭੀਮ ਸੈਣ ਯਗੋਤਾ,ਜੱਸੀ ਚਾਹਲ,ਐਮ ਐਸ ਵਿਰਦੀ,ਵੇਦ ਪ੍ਰਕਾਸ਼ ਪ੍ਰਧਾਨ ਹਰਬੰਸ ਕੌਰ, ਰੇਨੂੰ ਸੇਠ, ਸਾਬਕਾ ਕੌਂਸਲਰ ਕੁਲਵਿੰਦਰ ਕੌਰ ਭੋਲੀ, ਕੰਵਲਜੀਤ ਕੌਰ, ਬਬਲੀ, ਮਨੋਜ ਫੌਜੀ, ਹੀਰਾ ਲਾਲ ਖੋਸਲਾ,ਅਖਤਰ ਸਲਮਾਨੀ, ਸੁਰੇਸ਼ ਅਰੋੜਾ, ਅਰਵਿੰਦ ਢਾਂਡਾ, ਸਰਬਜੀਤ ਬਾਵਾ, ਨਾਥੀ ਸਨੋਤਰਾ, ਲਲਿਤ ਸ਼ਰਮਾ, ਕੁਲਵਿੰਦਰ ਖੱਖ, ਮਨੋਹਰ ਲਾਲ, ਬੂਟਾ ਸਿੰਘ ਬੈਂਸ, ਦੇਵ ਰਾਜ ਗੋਗੀ, ਸ਼ੇਰ ਸਿੰਘ ਨੰਦਰਾਂ, ਮੁਕੇਸ਼ ਭਾਰਦਵਾਜ,ਸੁਰਿੰਦਰ ਆਨੰਦ, ਕਾਲਾ ਸੇਠ,ਸਾਹਿਬ ਸਿੰਘ, ਧਿਆਨ ਸਿੰਘ ਆਦਿ ਸੈਂਕੜੇ ਪਤਵੰਤੇ ਤੇ ਪਾਰਟੀ ਵਰਕਰ ਹਾਜਰ ਸਨ।

# ਪੰਜਾਬੀ ਵਿਰਸਾ ਟਰੱਸਟ ਵਲੋਂ 'ਬਾਬਾ ਗੁਰਦਿੱਤਾ ਜੀ' ਪੁਸਤਕ ਲੋਕ ਅਰਪਣ

**ਫਗਵਾੜਾ, ( ਡਾ. ਰਮਨ )**- ਪੰਜਾਬੀ ਵਿਰਸਾ ਟਰੱਸਟ ਵਲੋਂ ਪ੍ਰਕਾਸ਼ਤ ਅਤੇ ਕੁਲਦੀਪ ਸਿੰਘ ਕਾਮਿਲ ਅਤੇ ਡਾ: ਚਰਨਜੀਤ ਸਿੰਘ ਗੁਮਟਾਲਾ ਵਲੋਂ ਲਿਖੀ ਪੁਸਤਕ "ਬਾਬਾ ਗੁਰਦਿੱਤਾ ਜੀ' ਦਾ ਲੋਕ ਅਪਰਣ ਅਮਰੀਕਾ ਨਿਵਾਸੀ ਪ੍ਰਸਿੱਧ ਪਰਵਾਸੀ ਪੰਜਾਬੀ ਅਵਤਾਰ ਸਿੰਘ ਸਪਰਿੰਗਫੀਲਡ ਵਲੋਂ ਕੀਤਾ ਗਿਆ। ਉਹਨਾਂ ਕਿਹਾ ਕਿ ਵਿਦੇਸ਼ ਵਸਦੇ ਪੰਜਾਬੀ, ਆਪਣੀ ਮਾਂ ਬੋਲੀ ਪੰਜਾਬੀ, ਪੰਜਾਬ ਅਤੇ ਆਪਣੇ ਵਿਰਸੇ ਨਾਲ ਪੂਰੀ ਤਰ੍ਹਾਂ ਜੁੜੇ ਹੋਏ ਹਨ ਅਤੇ ਉਹ ਪੰਜਾਬੀ ਬੋਲੀ ਦੇ ਵਿਕਾਸ ਲਈ ਹਰ ਪਲ ਤਤਪਰ ਹਨ। ਸਮਾਗਮ ਵਿੱਚ ਡਾ: ਜਗੀਰ ਸਿੰਘ ਨੂਰ, ਚਰਨਜੀਤ ਸਿੰਘ ਪਨੂੰ ਯੂ.ਐਸ.ਏ. ਨੇ ਪੁਸਤਕ ਸੰਬੰਧੀ ਵਿਚਾਰ ਪੇਸ਼ ਕੀਤੇ। ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ ਨੇ ਕਿਹਾ ਕਿ ਪਰਵਾਸੀ ਪੰਜਾਬੀਆਂ ਦਾ ਆਪਣੀ ਧਰਤੀ ਨਾਲ ਅੰਤਾਂ ਦਾ ਮੋਹ ਹੈ ਅਤੇ ਉਹ ਆਪਣੇ ਇਤਿਹਾਸ, ਸਭਿਆਚਾਰ, ਬੋਲੀ ਦੀ ਤਰੱਕੀ ਲਈ ਹਰ ਪਲ ਤਿਆਰ ਰਹਿੰਦੇ ਹਨ। ਇਸ ਸਮੇਂ ਕਰਵਾਏ ਕਵੀ ਦਰਬਾਰ ਵਿੱਚ ਬਲਦੇਵ ਰਾਜ ਕੋਮਲ, ਮਨੋਜ ਫਗਵਾੜਵੀ, ਰਵਿੰਦਰ ਸਿੰਘ ਰਾਏ ਨੇ ਹਿੱਸਾ ਲਿਆ। ਇਸ ਸਮੇਂ ਸੁਖਵਿੰਦਰ ਸਿੰਘ ਪ੍ਰਧਾਨ, ਨਰਿੰਦਰ ਸੈਣੀ, ਅਨੂਪ ਦੁੱਗਲ, ਸੁਖਵਿੰਦਰ ਸਿੰਘ ਸੱਲ ਪਲਾਹੀ, ਗੁਰਨਾਮ ਸਿੰਘ ਸੱਲ ਪਲਾਹੀ, ਗੁਰਮੇਲ ਸਿੰਘ, ਸੁਰਜੀਤ ਰਾਓ, ਦਿਲਬਹਾਰ ਸ਼ੌਕਤ, ਮਨਦੀਪ ਸਿੰਘ, ਕਲਮੇਸ਼ ਸੰਧੂ, ਅਸ਼ੋਕ ਸ਼ਰਮਾ ਆਦਿ ਹਾਜ਼ਰ ਸਨ। ਸਮਾਗਮ ਦੌਰਾਨ ਅਵਤਾਰ ਸਿੰਘ ਸਪਰਿੰਗਫੀਲਡ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਅਵਤਾਰ ਸਿੰਘ ਸਪਰਿੰਗਫੀਲਡ ਦੇ ਪਤਨੀ ਸਰਬਜੀਤ ਕੌਰ, ਜਗਤਬੀਰ ਸਿੰਘ, ਤਲਵਿੰਦਰ ਸਿੰਘ, ਇੰਦਰਜੀਤ ਸਿੰਘ ਅਤੇ ਉਹਨਾਂ ਦਾ ਪਰਵਾਰ ਹਾਜ਼ਰ ਸੀ।

# ਪੀ ਐੱਨ ਬੀ ਦੀ ਐੱਸ ਸੀ, ਐੱਸ ਟੀ ਮੁਲਾਜ਼ਮ ਵੈੱਲਫੇਅਰ ਐਸੋਸੀਏਸ਼ਨ ਦਾ ਹੋਇਆ ਸਾਲਾਨਾ ਸਮਾਗਮ





**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ )** - ਬੀਤੇ ਦਿਨ ਪੰਜਾਬ ਨੈਸ਼ਨਲ ਬੈਂਕ ਐਸ ਸੀ, ਐਸ ਟੀ ਇੰਪਲਾਇਜ ਐਸੋਸੀਏਸ਼ਨ ਟੀਮ ਜਲੰਧਰ ਸਰਕਲ ਦੀ ਜਨਰਲ ਬਾਡੀ ਦੀ ਮੀਟਿੰਗ ਆਲ ਇੰਡੀਆ ਜਨਰਲ ਸਕਤੱਰ ਉਮੇਦ ਕੁਮਾਰ ਦੀ ਅਗਵਾਈ ਵਿੱਚ ਡਾਕਟਰ ਬੀ ਆਰ ਅੰਬੇਡਕਰ ਭਵਨ ਨਕੋਦਰ ਰੋਡ ਜਲੰਧਰ ਵਿਖੇ ਹੋਈ। ਇਸ ਮੀਟਿੰਗ ਵਿਚ ਪੰਜਾਬ ਨੈਸ਼ਨਲ ਬੈਂਕ ਜਲੰਧਰ ਸਰਕਲ ਦੀਆਂ 110 ਬ੍ਰਾਂਚਾਂ, ਸਰਕਲ ਆਫਿਸ ਈ ਟੀ ਸੀ ਦੇ ਤਕਰੀਬਨ 150 ਮੈਂਬਰਾਂ ਨੇ ਹਿੱਸਾ ਲਿਆ । ਮੀਟਿੰਗ ਦੀ ਸ਼ੁਰੂਆਤ ਬਾਬਾ ਸਾਹਿਬ ਨੂੰ ਪੁਸ਼ਪਾਂਜਲੀ ਦੇ ਕੇ ਕੀਤੀ ਗਈ। ਮੀਟਿੰਗ ਵਿੱਚ ਟੀਮ ਦੇ ਖਜਾਨਚੀ ਨੇ ਪਿਛਲੇ ਸਾਲ ਦਾ ਲੇਖਾ ਜੋਖਾ ਸਭਾ ਵਿਚ ਦਿੱਤਾ । ਟੀਮ ਦੇ ਪ੍ਰਧਾਨ ਬਲਦੇਵ ਕ੍ਰਿਸ਼ਨ ਬਿਰਦੀ ਨੇ ਟੀਮ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ ਅਤੇ ਸਰਕਲ ਸਕਤੱਰ ਨਰਿੰਦਰ ਜੱਸੀ ਨੇ ਖਜਾਨਚੀ ਦੁਆਰਾ ਬਨਾਏ ਖਾਤੇ ਦੇ ਲੇਖੇ ਜੋਖੇ ਦੀ ਸਲਾਨਾ ਜਾਣਕਾਰੀ ਦਿੱਤੀ । ਉਹਨਾਂ ਨੇ 2020 ਤੋਂ 31 ਮਾਰਚ 2023 ਤੱਕ ਦੀ ਰਿਪੋਰਟ ਪੇਸ਼ ਕੀਤੀ । ਜਿਸ ਨੂੰ ਜਨਰਲ ਬਾਡੀ ਨੇ ਸਰਬਸਮਤੀ ਨਾਲ ਪਾਸ ਕੀਤਾ। ਸਕਤੱਰ ਨਰਿੰਦਰ ਜੱਸੀ ਨੇ ਟੀਮ ਦੀ ਸਾਲ ਦੀ ਰਿਪੋਰਟ ਪੇਸ਼ ਕੀਤੀ ਅਤੇ ਪ੍ਰਧਾਨ ਬਿਰਦੀ ਨੇ ਮੌਜੂਦਾ ਬੌਡੀ ਨੂੰ ਭੰਗ ਕੀਤਾ ਗਿਆ । ਇਸ ਮੌਕੇ ਚੰਨਣ ਰਾਮ ਰਿਟਰਨਿੰਗ ਆਫਿਸਰ ਅਤੇ ਸੁਰਜੀਤ ਸਿੰਘ ਮੌਜੀ, ਵਿਜਯ ਭਗਤ ਨੇ ਨਵੀਂ ਚੁਣੀ ਗਈ ਟੀਮ ਦਾ ਸਰਬਸਮਤੀ ਨਾਲ ਐਲਾਨ ਕੀਤਾ ਜਿਸ ਵਿਚ ਬਲਦੇਵ ਕ੍ਰਿਸ਼ਨ ਬਿਰਦੀ ਸਰਕਲ ਪ੍ਰਧਾਨ,ਮੁਨੀਸ਼ ਕੁਮਾਰ ਮੀਤ ਪ੍ਰਧਾਨ, ਇੰਦਰ ਮੋਹਨ ਮੀਤ ਪ੍ਰਧਾਨ,ਨਰਿੰਦਰ ਜੱਸੀ ਸਰਕਲ ਸਕਤੱਰ, ਹੰਨੀ ਥਾਪਰ ਪ੍ਰਬੰਧਕ ਸਕਤੱਰ, ਸਰੂਪ ਲਾਲ ਜੁਆਇੰਟ ਸਕੱਤਰ, ਨੀਰਜ ਕੁਮਾਰ ਜੁਆਇੰਟ ਸਕਤੱਰ, ਰਾਹੁਲ ਭਗਤ ਟਰੇਉਸ੍ਰ, ਜਗਮੋਹਨ ਸਬ ਟਰੇਉਸ੍ਰ, ਬਲਵਿੰਦਰ ਕੁਮਾਰ, ਅਰੁਨ ਕੁਮਾਰ, ਸ਼ੈਲੀ ਸੋਹਲ, ਵੀਨਾ ਭਗਤ,ਮੈਂਬਰ ਅਤੇ ਸਹਿਯੋਗੀ ਮੈਂਬਰ ਸਰਬਜੀਤ ਭਾਰਦਵਾਜ, ਰਣਜੀਤ ਸਿੰਘ,ਪਵਨ ਕੁਮਾਰ,ਅਮਰੀਕ ਬੰਗੜ,ਰਾਜੇਸ਼ ਕੁਮਾਰ,ਸੰਜੀਵ ਕੁਮਾਰ, ਪ੍ਰਵੇਸ਼ ਸਾਂਪਲਾ, ਦੀਪਕ ਕੁਮਾਰ, ਕਰਨ ਕੁਮਾਰ ਚੁਣੇ ਗਏ । ਇਸ ਟੀਮ ਦਾ ਕਾਰਜਕਾਲ 2023 ਤੋਂ 2026 ਤੱਕ ਹੋਵੇਗਾ। ਇਸ ਮੌਕੇ ਰਾਕੇਸ਼ ਕੁਮਾਰ ਏ ਜੀ ਐਮ, ਬਲਬੀਰ ਕੁਮਾਰ ਚੀਫ ਮੈਨੇਜਰ, ਸੁਨੀਲ ਕੁਮਾਰ ਚੀਫ ਲਿਓਸਨ ਆਫੀਸਰ , ਅਨਿਲ ਜੱਸਲ ਨੇ ਵੀ ਸ਼ਿਰਕਤ ਕੀਤੀ ।

# ਸੰਤੋਖ ਸਿੰਘ ਦੇ ਅਕਾਲ ਚਲਾਣੇ 'ਤੇ ਵੱਖ-ਵੱਖ ਸ਼ਖਸੀਅਤਾਂ ਵੱਲੋਂ ਦੁੱਖ ਦਾ ਪ੍ਰਗਟਾਵਾ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ ਰਾਜਵੀਰ ਸਿੰਘ)** ਨਗਰ ਕੌਂਸਲ ਸੁਲਤਾਨਪੁਰ ਲੋਧੀ ਦੇ ਸਾਬਕਾ ਮੀਤ ਪ੍ਰਧਾਨ ਸੰਤੋਖ ਸਿੰਘ ਅਤੇ ਉੱਘੇ ਸਮਾਜ ਸੇਵੀ ਅਤੇ ਸੀਨੀਅਰ ਕਾਂਗਰਸੀ ਆਗੂ ਪ੍ਰੋ ਚਰਨ ਸਿੰਘ ਦੇ ਭਰਾ ਦਾ ਦਿਹਾਂਤ ਹੋ ਗਿਆ ਹੈ। ਉਹਨਾਂ ਦਾ ਅੰਤਿਮ ਸਸਕਾਰ ਕਰ ਦਿੱਤਾ ਗਿਆ ਹੈ। ਸੰਤੋਖ ਸਿੰਘ ਨੇੜਲੇ ਪਿੰਡ ਸ਼ਤਾਬਗੜ੍ਹ ਨਾਲ ਸਬੰਧਤ ਸਨ ਅਤੇ ਅਜਿਕੱਲ੍ਹ ਉਹ ਸੁਲਤਾਨਪੁਰ ਲੋਧੀ ਦੇ ਮੁਹੱਲਾ ਸਿੱਖਾਂ ਵਿਖੇ ਰਹਿੰਦੇ ਸਨ। ਜਿੱਥੇ ਉਹਨਾਂਆਪਣੇ ਕਿੱਤੇ ਰਾਹੀਂ ਅਤੇ ਨਗਰ ਕੌਂਸਲ ਦੇ ਵਾਈਸ ਪ੍ਰਧਾਨ ਬਣ ਕੇ ਲੋਕਾਂ ਦੀਆਂ ਵਧੀਆ ਸੇਵਾਵਾਂ ਕੀਤੀਆਂ। ਸ਼ਹੀਦ ਉਧਮ ਸਿੰਘ ਮੈਮੋਰੀਅਲ ਚੈਰੀਟੇਬਲ ਟਰੱਸਟ ਸੁਲਤਾਨਪੁਰ ਲੋਧੀ, ਕੁਲ ਹਿੰਦ ਕਿਸਾਨ ਸਭਾ, ਪ੍ਰੈੱਸ ਕਲੱਬ ਸੁਲਤਾਨਪੁਰ ਲੋਧੀ, ਸੰਯੁਕਤ ਕਿਸਾਨ ਮੋਰਚਾ ਸੁਲਤਾਨਪੁਰ ਲੋਧੀ, ਵੱਖ ਵੱਖ ਕਿਸਾਨ ਯੂਨੀਅਨ, ਕਾਂਗਰਸ ਪਾਰਟੀ, ਅਕਾਲੀ ਦਲ, ਸਾਹਿਤ ਸਭਾ ਸੁਲਤਾਨਪੁਰ ਲੋਧੀ, ਪਵਿੱਤਰ ਕਾਲੀ ਵੇਈਂ ਨਦੀ ਕਿਸਾਨ ਸੇਵਾ ਸੁਸਾਇਟੀ ਅਤੇ ਹੋਰ ਵੱਖ ਵੱਖ ਰਾਜਨੀਤਕ ਪਾਰਟੀਆਂ, ਵੱਖ ਵੱਖ ਸੰਸਥਾਵਾਂ ਤੋਂ ਇਲਾਵਾ ਪਦਮਸ੍ਰੀ ਸੰਤ ਬਲਬੀਰ ਸਿੰਘ ਸੀਚੇਵਾਲ ਮੈਂਬਰ ਰਾਜ ਸਭਾ, ਸਾਬਕਾ ਮੰਤਰੀ ਗੁਰਜੀਤ ਸਿੰਘ ਰਾਣਾ, ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ, ਸਾਬਕਾ ਵਿਧਾਇਕ ਨਵਤੇਜ ਸਿੰਘ ਚੀਮਾ, ਸਾਬਕਾ ਚੇਅਰਮੈਨ ਅਤੇ ਹਲਕਾ ਇੰਚਾਰਜ ਕੈਪਟਨ ਹਰਵਿੰਦਰ ਸਿੰਘ, ਸੱਜਣ ਸਿੰਘ ਚੀਮਾ ਹਲਕਾ ਇੰਚਾਰਜ, ਨਗਰ ਕੌਂਸਲ ਦੇ ਪ੍ਰਧਾਨ ਦੀਪਕ ਧੀਰ ਰਾਜੂ, ਐਡਵੋਕੇਟ ਰਜਿੰਦਰ ਸਿੰਘ ਰਾਣਾ, ਸਤਨਾਮ ਸਿੰਘ ਮੋਮੀ ਪ੍ਰਧਾਨ ਬਾਰ ਐਸੋਸੀਏਸ਼ਨ, ਕੇਹਰ ਸਿੰਘ ਐਡਵੋਕੇਟ, ਗੁਰਮੀਤ ਸਿੰਘ ਵਿਰਦੀ, ਡਾਕਟਰ ਬਲਜੀਤ ਕੌਰ ਸੇਵਾ ਮੁਕਤ ਡੀਨ ਗੁਰੂ ਨਾਨਕ ਦੇਵ ਯੂਨੀਵਰਸਿਟੀ, ਬਿਕਰਮਜੀਤ ਸਿੰਘ, ਐਡਵੋਕੇਟ ਜਸਪਾਲ ਸਿੰਘ ਧੰਜੂ ਸਾਬਕਾ ਚੇਅਰਮੈਨ, ਮਾਹੀਪਾਲ ਸਿੰਘ, ਨਰਿੰਦਰ ਸਿੰਘ ਸੋਨੀਆ, ਡਾਕਟਰ ਸਵਰਨ ਸਿੰਘ ਪ੍ਰਧਾਨ ਸਾਹਿਤ ਸਭਾ, ਮੁਖਤਿਆਰ ਸਿੰਘ ਚੰਦੀ, ਬਲਵਿੰਦਰ ਸਿੰਘ ਧਾਲੀਵਾਲ, ਕੌਂਸਲਰ ਜੁਗਲ ਕਿਸ਼ੋਰ ਕੋਹਲੀ, ਸੁਰਜੀਤ ਸਿੰਘ ਟਿੱਬਾ, ਸੁੱਚਾ ਸਿੰਘ ਮਿਰਜਾ ਪੁਰ, ਗੁਰਨਾਮ ਸਿੰਘ ਕੌਂਸਲਰ, ਗੁਰਦੀਪ ਸਿੰਘ ਖੁਰਾਣਾ, ਗੁਰਚਰਨ ਸਿੰਘ, ਮਾਸਟਰ ਚਰਨ ਸਿੰਘ ਹੈਬਤਪੁਰ, ਗੁਰਚਰਨ ਦਾਸ, ਹਰਬੀਰ ਸਿੰਘ ਸਰਪੰਚ, ਸਰਵਨ ਸਿੰਘ ਕਰਮਜੀਤ ਪੁਰ, ਸੁਰਜੀਤ ਸਿੰਘ ਚਾਚਾ ਜੀ ਅਤੇ ਸ਼ਹਿਰ ਵਾਸੀਆਂ ਵੱਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ।

# ਸੁੱਖੀ ਦੇ ਹੱਕ 'ਚ ਵੱਖ-ਵੱਖ ਪਿੰਡਾਂ 'ਚ ਲੋਕਾਂ ਦੇ ਭਾਰੀ ਇਕੱਠ

**ਕਾਲਾ ਸੰਘਿਆਂ (ਮਨਜੀਤ ਮਾਨ)**-ਹਲਕਾ ਨਕੋਦਰ ਦੇ ਵੱਖ ਵੱਖ ਪਿੰਡਾਂ ਦਾ ਦੌਰਾ ਸਾਬਕਾ ਵਿਧਾਇਕ, ਜ਼ਿਲ੍ਹਾ ਪ੍ਰਧਾਨ ਗੁਰਪ੍ਰਤਾਪ ਸਿੰਘ ਵਡਾਲਾ ਦੀ ਅਗਵਾਈ ਹੇਠ ਜ਼ਿਮਨੀ ਚੋਣ ਲੋਕ ਸਭਾ ਵਿੱਚ ਸ਼੍ਰੋਮਣੀ ਅਕਾਲੀ ਦਲ ਤੇ ਬਹੁਜਨ ਸਮਾਜ ਪਾਰਟੀ ਦੇ ਸਾਂਝੇ ਉਮੀਦਵਾਰ ਡਾ. ਸੁਖਵਿੰਦਰ ਕੁਮਾਰ ਸੁੱਖੀ ਦੇ ਹੱਕ ਵਿਚ ਤੂਫਾਨੀ ਦੌਰੇ ਕੀਤੇ ਜਾ ਰਹੇ ਹਨ ਤੇ ਹੋਰ ਸੀਨੀਅਰ ਅਕਾਲੀ ਆਗੂ ਸਰਵਣ ਸਿੰਘ ਹੇਅਰ, ਸਾਬਕਾ ਸਰਪੰਚ ਮਨੋਹਰ ਲਾਲ,ਬੈਂਸ, ਡਾ.ਗੁਰਦੀਪ ਸਿੰਘ ਹੇਰਾਂ, ਕਮਲਜੀਤ ਸਿੰਘ ਹੇਅਰ ਪੰਚ ਹੇਰਾਂ, ਲੰਬੜਦਾਰ ਸੁਰਜੀਤ ਸਿੰਘ, ਲਸ਼ਕਰ ਸਿੰਘ ਰਹੀਮਪੁਰ ਸਰਕਲ ਪ੍ਰਧਾਨ, ਹਰਭਜਨ ਸਿੰਘ ਹੁੰਦਲ ਸਰਕਲ ਪ੍ਰਧਾਨ, ਰੁਪਿੰਦਰ ਸਿੰਘ ਰਾਣਾ ਸਰਕਲ ਪ੍ਰਧਾਨ, ਗੁਰਿੰਦਰ ਸਿੰਘ ਕਾਕਾ ਸਾਬਕਾ ਸਰਪੰਚ ਇਸ ਮੁਹਿਮ ਵਿਚ ਕੁੱਦੇ ਹੋਏ ਹਨ।

ਹਲਕਾ ਨਕੋਦਰ ਦੇ ਕੁਝ ਇਨ੍ਹਾਂ ਵੱਖ ਵੱਖ ਪਿੰਡਾਂ ਅਤੇ ਸ਼ਹਿਰਾਂ ਦੇ ਅਹੁਦੇਦਾਰ ਸਹਿਬਾਨਾਂ ਅਤੇ ਵਰਕਰ ਸਹਿਬਾਨਾਂ ਨਾਲ ਜਲੰਧਰ ਦੀ ਉਪ ਚੋਣ ਦੇ ਸੰਬੰਧ ਵਿਚ ਵਿਚਾਰ ਵਟਾਂਦਰਾ ਕੀਤਾ ਗਿਆ। ਸ਼੍ਰੋਮਣੀ ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ ਵੱਲੋਂ ਚੋਣ ਪ੍ਰਚਾਰ ਬੜੇ ਜ਼ੋਰਾਂ-ਸ਼ੋਰਾਂ ਨਾਲ ਸ਼ੁਰੂ ਹੋ ਚੁੱਕਾ ਹੈ। ਪਿੰਡਾਂ ਅਤੇ ਸ਼ਹਿਰਾਂ ਦੇ ਲੋਕਾਂ ਵੱਲੋਂ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਜਾ ਰਿਹਾ ਹੈ।

# ਭਗਵਾਨ ਵਾਲਮੀਕਿ ਕ੍ਰਾਂਤੀ ਸੈਨਾ ਨੇ ਕੀਤੀ ਚੋਣ ਸੰਬੰਧੀ ਮੀਟਿੰਗ

**ਮਹਿਤਪੁਰ (ਰਾਜਾ)** ਭਗਵਾਨ ਵਾਲਮੀਕਿ ਕ੍ਰਾਂਤੀ ਸੈਨਾ ਸਰਕਲ ਮਹਿਤਪੁਰ ਵੱਲੋਂ ਮੀਟਿੰਗ ਕੀਤੀ ਗਈ ਇਹ ਮੀਟਿੰਗ ਸੰਨੀ ਸੱਭਰਵਾਲ ਸਰਕਲ ਪ੍ਰਧਾਨ ਮਹਿਤਪੁਰ ਦੀ ਪ੍ਰਧਾਨਗੀ ਹੇਠ ਕਰਵਾਈ ਗਈ, ਜਿਸ ਵਿੱਚ ਭਗਵਾਨ ਵਾਲਮੀਕਿ ਕ੍ਰਾਂਤੀ ਸੈਨਾ ਦੇ ਪੰਜਾਬ ਪ੍ਰਧਾਨ ਸਰਵਣ ਗਿੱਲ ਤੇ ਪੰਜਾਬ ਦੇ ਸੀਨੀਅਰ ਵਾਇਸ ਪ੍ਰਧਾਨ ਸਰਵਣ ਸੱਭਰਵਾਲ ਪੰਜਾਬ ਪ੍ਰਧਾਨ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ।

ਇਸ ਮੌਕੇ ਅਹਿਮ ਹੋਰ ਵਿਚਾਰਾਂ ਤੋਂ ਇਲਾਵਾ ਜਲੰਧਰ ਜ਼ਿਮਨੀ ਚੋਣ ਦੇ ਸਬੰਧ ਵਿੱਚ ਵੀ ਵਿਚਾਰ ਚਰਚਾ ਕੀਤੀ ਗਈ।

ਇਸ ਮੌਕੇ ਜੱਗੀ ਗਿੱਲ, ਕੁਲਦੀਪ ਹੰਸ, ਸਟੀਫਨ ਫਤਿਹਪੁਰ, ਪੰਮਾ, ਜੋਨਾ ਕਾਂਗਣਾ, ਲਵ ਕੁਮਾਰ, ਦੀਪਾ ਮਹਿਤਪੁਰ, ਬੋਬੀ ਸੱਭਰਵਾਲ, ਨਿਰਮਲ, ਦੇਸਰਾਜ, ਲੱਕੀ, ਮਨੀ ਮਾਨ, ਮੰਗਾ ਮੰਡਿਆਲਾ, ਨੀਟਾ, ਲਖਵਿੰਦਰ ਸਿੰਘ ਲੱਖਾ, ਸੰਦੀਪ, ਰਮਨ ਤੇਜੀ, ਸੰਦੀਪ ਭੋਡੀਪੁਰ, ਰਵੀ ਪੰਡੋਰੀ, ਬਿੰਦਾ ਸ਼ਸ਼ੀ ਆਦਿ ਹਾਜ਼ਰ ਸਨ।

# 15 ਦਿਨਾਂ ਤੋਂ ਸੀਵਰੇਜ਼ ਬੰਦ, ਮੁਹੱਲਾ ਨਿਵਾਸੀ ਬੇਹੱਦ ਦੁਖੀ



**ਫਿਲੌਰ (ਨਿਰਮਲ)** ਕਿਲ੍ਹਾ ਰੋਡ 'ਤੇ ਭਗਵਾਨ ਵਾਲਮੀਕਿ ਚੌਂਕ ਵਿਖੇ ਸੀਵਰੇਜ ਪਿਛਲੇ 15 ਦਿਨਾਂ ਤੋਂ ਬੰਦ ਪਿਆ ਹੈ। ਜਿਸ ਕਾਰਨ ਗੰਦਾ ਬਦਬੂਦਾਰ ਪਾਣੀ ਓਵਰਫਲੋਅ ਹੋ ਕੇ ਸੜਕਾਂ ਕੰਢੇ ਦੁਕਾਨਾਂ ਮੂਹਰੇ ਖੜ੍ਹਾ ਹੈ। ਲੋਕ ਕਹਿੰਦੇ ਹਨ ਕਿ ਸੀਵਰੇਜ਼ ਬੋਰਡ ਅਤੇ ਨਗਰ ਕੌਂਸਲ (ਫਿਲੌਰ) ਸ਼ਾਇਦ ਲੁਧਿਆਣਾ ਗੈਸ ਕਾਂਡ ਵਰਗੇ ਕਿਸੇ ਵੱਡੇ ਹਾਦਸੇ ਦੀ ਉਡੀਕ ਕਰ ਰਹੀ ਹੈ। ਸੀਵਰੇਜ਼ ਬੋਰਡ ਦੇ ਕਰਮਚਾਰੀ ਕਈ ਵਾਰ ਬੰਦ ਪਏ ਸੀਵਰੇਜ਼ ਨੂੰ ਖੋਲ੍ਹਣ ਦੀ ਕੋਸ਼ਿਸ਼ ਕੀਤੀ ਪਰ ਨਹੀਂ ਖੋਲ੍ਹ ਸਕੇ। ਓਧਰ ਜਦੋਂ ਸੰਬੰਧਿਤ ਅਧਿਕਾਰੀਆਂ ਨੂੰ ਮੌਕਾ ਦਿਖਾਇਆ ਤਾਂ ਉਨ੍ਹਾਂ ਕਿਹਾ ਕਿ ਮਸਲਾ ਜ਼ਿਆਦਾ ਉਲਝਿਆ ਹੋਇਆ ਹੈ, ਕੈਂਮੀ ਮਸ਼ੀਨ (ਸੀਵਰੇਜ ਖੋਲ੍ਹਣ ਵਾਲੀ) ਮੰਗਵਾ ਕੇ ਖੁੱਲ੍ਹੇਗਾ, ਮਸ਼ੀਨ ਨਗਰ ਕੌਂਸਲ ਕੋਲ ਨਹੀਂ ਹੈ। ਮਸ਼ੀਨ ਕਦੋਂ ਆਵੇਗੀ ਤਾਂ ਗੋਲਮੋਲ ਜਵਾਬ ਦੀ ਕੋਸ਼ਿਸ਼ ਕਰ ਰਹੇ ਰਹੇ ਹਨ ਕਿ ਜਲਦੀ ਆ ਜਾਵੇਗੀ। ਗੰਦਾ ਪਾਣੀ ਦੁਕਾਨਾਂ ਮੂਹਰੇ ਖੜ੍ਹਾ ਹੋਣ ਕਾਰਨ ਗਾਹਕ ਵੀ ਨਹੀ ਆ ਰਿਹਾ। ਇਹ ਸੀਵਰੇਜ਼ ਅੱਜ ਤੋਂ 35-40 ਸਾਲ ਦੇ ਕਰੀਬ ਪਹਿਲਾਂ ਪਾਇਆ ਗਿਆ ਸੀ, ਉਸ ਵਕਤ ਹਿਰ ਦੀ ਅਬਾਦੀ ਬਹੁਤ ਘੱਟ ਸੀ ਹੁਣ ਅਬਾਦੀ ਵੱਧ ਚੁੱਕੀ ਹੈ, ਘਰ-ਘਰ ਵਾਟਰ ਸਪਲਾਈ ਦੇ ਕੁਨੈਕਸ਼ਨ ਹਨ ਘਰਾਂ ਮੁਹੱਲਿਆਂ ਦਾ ਪਾਣੀ ਇਸ ਵਿੱਚ ਪੈ ਰਿਹਾ ਹੈ। ਮੁਹੱਲਾ ਨਿਵਾਸੀਆਂ ਨੇ ਸੀਵਰੇਜ਼ ਬੋਰਡ ਅਤੇ ਨਗਰ ਕੌਂਸਲ ਖਿਲਾਫ ਰੋਸ ਮੁਜਾਹਰਾ ਕੀਤਾ। ਜਿਸ ਵਿੱਚ ਸੰਜੀਵ ਚਰਨਜੀਤ, ਅਸ਼ੋਕ ਕੁਮਾਰ, ਹਰੀ ਸਿੰਘ, ਅਰੁਣ ਕਮਲ, ਨਿਰਮਲ ਕੁਮਾਰ ਨੀਲਾ, ਅਸ਼ੋਕ ਕੁਮਾਰ, ਚਰਨਜੀਤ ਚੰਨੀ, ਪੱਪੂ ਨਿਰਮਲ ਚੰਦ, ਅਜੀਤ ਸਿੰਘ ਬੀਬੀ ਰਣਜੀਤ ਕੌਰ ਅਤੇ ਹੋਰ ਹਾਜਰ ਸਨ।

# ਰੁੜਕਾ ਕਲਾਂ ਦੀ ਟੀਮ ਨੇ ਜਲੰਧਰ ਛਾਉਣੀ ਨੂੰ ਹਰਾਇਆ

**ਟਾਂਡਾ ਉੜਮੁੜ, (ਉਂਕਾਰ ਸਿੰਘ ਜਸਵਿੰਦਰ ਸੰਧੂ)** -ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਸਹਿਬਾਜ਼ਪੁਰ ਵਿਚ ਕਰਵਾਈ ਗਈ 40 ਸਾਲ ਤੋਂ ਵੱਧ ਉਮਰ ਦੇ ਖਿਡਾਰੀਆਂ ਦੀ ਫੁੱਟਬਾਲ ਲੀਗ ਰੁੜਕਾ ਕਲਾਂ ਦੀ ਟੀਮ ਦੇ ਨਾਮ ਰਿਹਾ। ਸਕੂਲ ਦੇ ਚੇਅਰਮੈਨ ਤਰਲੋਚਨ ਸਿੰਘ ਬਿੱਟੂ ਦੀ ਰਹਿਨੁਮਾਈ ਹੇਠ ਟਾਂਡਾ ਯੂਨਾਈਟਿਡ ਸਪੋਰਟਸ ਕਲੱਬ ਦੇ ਸਹਿਯੋਗ ਨਾਲ ਸੰਤ ਬਾਬਾ ਸਰਵਣ ਸਿੰਘ ਦੀ ਯਾਦ ਵਿਚ ਕਰਵਾਈ ਗਈ ਇਸ ਲੀਗ ਦੇ ਫਾਈਨਲ ਮੈਚ ਵਿਚ ਜਤਿੰਦਰ ਸਿੰਘ ਖੱਖ ਦੀ ਕਪਤਾਨੀ ਵਾਲੀ ਰੁੜਕਾ ਕਲਾਂ ਦੀ ਟੀਮ ਜਲੰਧਰ ਛਾਉਣੀ ਦੀ ਟੀਮ 5-0 ਗੋਲਾਂ ਦੇ ਫਰਕ ਨਾਲ ਹਰਾਇਆ। ਸਮਾਪਤੀ ਸਮਾਗਮ ਦੌਰਾਨ ਮੁੱਖ ਮਹਿਮਾਨ ਮਾਝਾ ਦੋਆਬਾ ਬਾਜੀਗਰ ਲੱਖੀ ਸ਼ਾਹ ਸਮਾਜ ਸੇਵਾ ਸੁਸਾਇਟੀ ਦੇ ਪ੍ਰਧਾਨ ਲਹੌਰਾ ਸਿੰਘ ਧਰਮਸੋਤ, ਸਕੂਲ ਮੈਨੇਜਰ ਕਰਨਜੀਤ ਸੈਣੀ ਨੇ ਜੇਤੂ ਖਿਡਾਰੀਆਂ ਨੂੰ ਟਰਾਫੀਆਂ ਅਤੇ ਨਕਦ ਇਨਾਮ ਦਿੱਤੇ। ਇਸ ਮੌਕੇ ਲਹੌਰਾ ਸਿੰਘ ਨੇ ਕਿਹਾ ਕਿ ਖੇਡਾਂ ਅਤੇ ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਲਈ ਚੇਅਰਮੈਨ ਤਰਲੋਚਨ ਸਿੰਘ ਨੇ ਸਿਲਵਰ ਓਕ ਸਕੂਲ ਵਿਚ ਅੰਤਰਰਾਸ਼ਟਰੀ ਪੱਧਰ ਦੇ ਖੇਡ ਮੈਦਾਨ ਅਤੇ ਸਹੂਲਤਾਂ ਲਿਆ ਕੇ ਸ਼ਲਾਘਾਯੋਗ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਬੱਚਿਆਂ ਅਤੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੀ ਦਲਦਲ ਤੋਂ ਬਚਾਉਣ ਲਈ ਖੇਡਾਂ ਪ੍ਰਤੀ ਰੁਚੀ ਪੈਦਾ ਕਰਨਾ ਸਮੇਂ ਦੀ ਮੁੱਖ ਲੋੜ ਹੈ। ਇਸ ਦੇ ਲਈ ਸਾਰੀਆਂ ਸਮਾਜਿਕ ਸੰਸਥਾਵਾਂ ਅਤੇ ਖੇਡ ਕਲੱਬਾਂ ਨੂੰ ਮਿਲ ਕੇ ਕੰਮ ਕਰਨਾ ਹੋਵੇਗਾ। ਇਸ ਮੌਕੇ ਗੁਰਸੇਵਕ ਮਾਰਸਲ,ਵਰਿੰਦਰ ਪੁੰਜ, ਕੋਚ ਕੁਲਵੰਤ ਸਿੰਘ, ਬਿਕਰਮਜੀਤ ਸਿੰਘ ਭੇਲਾ, ਤਰਨ ਸੈਣੀ, ਸੰਜੀਵ ਸਰਮਾ, ਗਜਿੰਦਰ ਸਿੰਘ, ਜਗਬੰਧਨ, ਸਤਪਾਲ ਸਿੰਘ, ਕੁਲਵੰਤ ਸਿੰਘ, ਬਿੰਦਰ ਰਾਮ, ਜਤਿੰਦਰ ਸਿੰਘ ਖੱਖ, ਸਰਬਜੀਤ, ਸੁਖਵਿੰਦਰ ਸਿੰਘ, ਲਵਪ੍ਰੀਤ ਸਿੰਘ, ਸਾਬੀ, ਵਿਨੋਦ ਹੀਰੋ, ਪ੍ਰਭਜੋਤ, ਬੂਟਾ ਸਿੰਘ, ਪਵਨ ਬਿੱਲਾ, ਰਾਕੇਸ਼, ਹਰੀ ਕ੍ਰਿਸ਼ਨ ਸੈਣੀ, ਸੁਰੇਸ਼, ਰਾਜੇਸ਼ ਲਾਡੀ, ਅਵਤਾਰ ਸਿੰਘ, ਹੈਪੀ ਸਿੱਧੂ, ਸੰਦੀਪ ਬੱਬਾ, ਵਰੁਣ, ਰਾਹੁਲ, ਪੰਮਾ, ਗੁਰਪ੍ਰੀਤ ਸਿੰਘ, ਜਸਪ੍ਰੀਤ ਸਿੰਘ ਜੱਸੀ ਆਦਿ ਹਾਜਰ ਸਨ।

# ਬਾਬਾ ਨਿਧਾਨ ਸਿੰਘ ਦੀ ਬਰਸੀ ਧੂਮ-ਧਾਮ ਨਾਲ ਮਨਾਈ



**ਕਰਤਾਰਪੁਰ (ਹਰਮੇਸ ਦੱਤ)** ਸੰਤ ਬਾਬਾ ਨਿਧਾਨ ਸਿੰਘ ਜੀ ਦੀ ਬਰਸੀ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੜੀ ਗੁਰਦੁਆਰਾ ਸਾਹਿਬ 'ਚ ਧੂਮਧਾਮ ਨਾਲ ਮਨਾਈ ਗਈ। ਸੰਤ ਬਾਬਾ ਨਿਧਾਨ ਸਿੰਘ ਜੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਸ਼ਬਦ ਗਾਇਨ ਕਰ ਕੇ ਸੰਗਤਾਂ ਦਾ ਮਨ ਮੋਹ ਲਿਆ। ਆਈਆਂ ਹੋਈਆਂ ਸੰਗਤਾਂ ਪ੍ਰਸਾਦ ਅਤੇ ਲੰਗਰ ਵਰਤਾਇਆ ਗਿਆ। ਇਸ ਮੌਕੇ ਚੇਅਰਪਰਸਨ ਮੈਡਮ ਸੁਰਿੰਦਰ ਕੌਰ, ਡਾਕਟਰ ਚਰਨ, ਸਿੰਘ ਡਾਕਟਰ ਪਿਆਰਾ ਸਿੰਘ, ਪ੍ਰਿੰਸੀਪਲ ਮੈਡਮ ਕੰਵਲਜੀਤ ਕੌਰ, ਮਨਦੀਪ ਕੌਰ ,ਸਤਨਾਮ ਸਿੰਘ ਅਤੇ ਵਿਦਿਆਰਥੀ ਹਾਜਰ ਸਨ।

# ਸ਼ਹੀਦ ਚੌਧਰੀ ਬਲਬੀਰ ਸਿੰਘ ਦਾ ਸ਼ਹੀਦੀ ਸਮਾਗਮ ਭਲਕੇ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਸੈਣੀ ਜਾਗ੍ਰਿਤੀ ਮੰਚ ਪੰਜਾਬ ਦੀ ਕਾਰਜਕਾਰਨੀ ਦੀ ਮੀਟਿੰਗ ਜਥੇਬੰਦੀ ਦੇ ਪ੍ਰਧਾਨ ਕੁਲਵੰਤ ਸਿੰਘ ਸੈਣੀ ਦੀ ਪ੍ਰਧਾਨਗੀ ਹੇਠ ਸੈਣੀ ਭਵਨ ਹੁਸ਼ਿਆਰਪੁਰ ਵਿਖੇ ਹੋਈ, ਜਿਸ ਵਿੱਚ ਸੈਣੀ ਜਾਗ੍ਰਿਤੀ ਮੰਚ ਦੇ ਸੰਸਥਾਪਕ ਸੰਦੀਪ ਸੈਣੀ, ਜ਼ਿਲ੍ਹਾ ਪ੍ਰਧਾਨ ਪ੍ਰੇਮ ਸੈਣੀ, ਜਨਰਲ ਸਕੱਤਰ ਪੰਜਾਬ ਹਰਿੰਦਰ ਕੁਮਾਰ ਸੈਣੀ, ਯੂਥ ਵਿੰਗ ਪੰਜਾਬ ਪ੍ਰਧਾਨ ਪ੍ਰਭਜੋਤ ਸਿੰਘ ਸੈਣੀ, ਜ਼ਿਲ੍ਹਾ ਯੂਥ ਵਿੰਗ ਪ੍ਰਧਾਨ ਕ੍ਰਿਪਾਲ ਸਿੰਘ ਪਾਲੀ, ਹਰਵਿੰਦਰ ਸਿੰਘ ਸੈਣੀ, ਅਜੇ ਕੁਮਾਰ ਸੈਣੀ ਅਤੇ ਤ੍ਰਿਲੋਚਨ ਸੈਣੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਮੌਕੇ ਕੁਲਵੰਤ ਸਿੰਘ ਸੈਣੀ ਨੇ ਪ੍ਰੈਸ ਨੂੰ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਮੀਟਿੰਗ ਦੌਰਾਨ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼ੇਰੇ ਪੰਜਾਬ ਚੌਧਰੀ ਬਲਬੀਰ ਸਿੰਘ ਦਾ 38ਵਾਂ ਸ਼ਹੀਦੀ ਦਿਹਾੜਾ 10 ਮਈ ਨੂੰ ਸਵੇਰੇ 10:00 ਵਜੇ ਤੋਂ ਦੁਪਹਿਰ 1:00 ਵਜੇ ਤੱਕ ਸੈਣੀ ਭਵਨ, ਹੁਸ਼ਿਆਰਪੁਰ ਵਿਖੇ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਵੇਗਾ। ਇਸ ਦੇ ਨਾਲ ਹੀ ਇਲਾਕੇ ਦੀ ਇੱਕ ਸਮਾਜ ਸੇਵੀ ਸੰਸਥਾ ਨੂੰ ਅਮਰ ਸ਼ਹੀਦ ਸ਼ੇਰੇ ਪੰਜਾਬ ਚੌਧਰੀ ਬਲਬੀਰ ਸਿੰਘ ਯਾਦਗਾਰੀ ਐਵਾਰਡ ਵੀ ਦਿੱਤਾ ਜਾਵੇਗਾ, ਜੋ ਸਮਾਜ ਦੀ ਨਿਰਸਵਾਰਥ ਸੇਵਾ ਕਰਨ ਲਈ ਤਤਪਰ ਰਹਿੰਦੀ ਹੈ। ਇਸ ਮੌਕੇ ਸੰਦੀਪ ਸੈਣੀ ਨੇ ਕਿਹਾ ਕਿ ਸੈਣੀ ਜਾਗ੍ਰਿਤੀ ਮੰਚ ਦਾ ਉਦੇਸ਼ ਸਮਾਜ ਸੇਵਾ ਕਰਕੇ ਦੇਸ਼ ਦੀ ਸੇਵਾ ਕਰਨ ਦੇ ਮਾਰਗ 'ਤੇ ਚੱਲਣਾ ਹੈ।

ਉਨ੍ਹਾ ਕਿਹਾ ਕਿ ਚੌਧਰੀ ਬਲਬੀਰ ਸਿੰਘ ਦਾ ਜੀਵਨ ਫ਼ਰਜ਼ ਨਿਭਾਉਣ ਦੀਆਂ ਸਿੱਖਿਆਵਾਂ ਨਾਲ ਭਰਪੂਰ ਹੈ। ਉਨ੍ਹਾ ਕਿਹਾ ਕਿ ਇਹ ਹੁਸ਼ਿਆਰਪੁਰ ਦੀ ਬਦਕਿਸਮਤੀ ਹੈ ਕਿ ਅੱਜ ਤੱਕ ਇਸ ਨੂੰ ਕੋਈ ਹੋਰ ਚੌਧਰੀ ਬਲਬੀਰ ਸਿੰਘ ਨਹੀਂ ਮਿਲਿਆ, ਜੋ ਸੱਚਮੁੱਚ ਹੀ ਗਰੀਬਾਂ ਤੇ ਬੇ-ਸਹਾਰਿਆਂ ਦਾ ਮਸੀਹਾ ਹੋਵੇ।

# ਪਿੰਡਾਂ 'ਚੋਂ ਭਾਜਪਾ ਉਮੀਦਵਾਰ ਨੂੰ ਭਾਰੀ ਲੀਡ ਨਾਲ ਜਿਤਾਵਾਂਗੇ : ਆਗੂ



**ਕਾਲਾ ਸੰਘਿਆਂ (ਮਨਜੀਤ ਮਾਨ)**-ਜਲੰਧਰ ਲੋਕ ਸਭਾ ਦੀ ਜ਼ਿਮਨੀ ਚੋਣਾਂ ਦੇ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਇੰਦਰ ਇਕਬਾਲ ਸਿੰਘ ਅਟਵਾਲ ਦੇ ਹੱਕ ਵਿੱਚ ਭਾਜਯੁਮੋ ਪੰਜਾਬ ਦੇ ਪ੍ਰਧਾਨ ਅਤੇ ਹਲਕਾ ਚੋਣ ਪ੍ਰਭਾਰੀ ਭਾਨੂੰ ਪ੍ਰਤਾਪ ਕੁਰਾਲੀ, ਦੀਵਾਸ਼ੂ, ਪਠਾਨਕੋਟ ਜੋਗਾ ਸਿੰਘ ਬੱਲ ਮੰਡਲ ਪ੍ਰਧਾਨ, ਬਲਵੀਰ ਚੌਹਾਨ ਬੱਲ, ਰਾਜੂ ਗੁੰਬਰ ਸਾਬਕਾ ਜ਼ਿਲ੍ਹਾ ਪ੍ਰਧਾਨ ਮੀਡੀਆ ਸੈੱਲ ਤੇ ਭਾਜਯੁਮੋ ਜਲੰਧਰ ਦਿਹਾਤੀ ਮੰਨੂ ਗੌਤਮ ਚੂਹੜ, ਰਾਮ ਕਿਸ਼ਨ ਸੂਦ ਦੀ ਅਗਵਾਈ ਵਿੱਚ ਹਲਕੇ ਦੇ ਵੋਟਰਾਂ ਨਾਲ ਰਾਬਤਾ ਕਾਇਮ ਕੀਤਾ ਗਿਆ ਹਲਕੇ ਦੇ ਵੋਟਰਾਂ ਵੱਲੋਂ ਭਾਰਤੀ ਜਨਤਾ ਪਾਰਟੀ ਦੇ ਹੱਕ ਵਿੱਚ ਭੁਗਤਣ ਦਾ ਮਨ ਬਣਾਈ ਬੈਠੇ ਹਨ। ਲੋਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਕਾਫੀ ਪ੍ਰਭਾਵਿਤ ਹਨ। ਇਸੇ ਦੌਰਾਨ ਉਕਤ ਆਗੂਆਂ ਨੇ ਕਿਹਾ ਕਿ ਭਾਜਪਾ ਹੀ ਇਕ ਇਹੋ ਜਿਹੀ ਪਾਰਟੀ ਹੋ ਜੋ ਦੇਸ਼ ਨੂੰ ਉੱਨਤੀ ਦੇ ਰਸਤੇ ਲੈ ਕੇ ਜਾ ਰਹੀ ਹੈ। ਉਨ੍ਹਾ ਅਟਵਾਲ ਦੇ ਹੱਕ ਵਿੱਚ ਵੋਟਾਂ ਪਾਉਣ ਦੀ ਅਪੀਲ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਲਮ ਗੌਤਮ, ਲਾਲੀ ਗੌਤਮ, ਸਿੰਦੂ ਚੂਹੜ, ਬਲਜਿੰਦਰ ਉੱਗੀ ਪ੍ਰਧਾਨ ਐਸ ਸੀ ਸੈੱਲ ਰੋਸ਼ਨ ਉਰਫ ਸੋਨੂੰ ਸਿੱਧੂ ਆਦਿ ਹਾਜ਼ਰ ਸਨ।

# ਸਕੂਲ ਪਾਠਕ੍ਰਮ 'ਚੋਂ ਸਾਜ਼ਿਸ ਅਧੀਨ ਹਟਾਇਆ ਜਾ ਰਿਹੈ ਇਤਿਹਾਸ : ਸੰਧਵਾਂ



**ਐਸ.ਏ.ਐਸ. ਨਗਰ, (ਗੁਰਜੀਤ ਬਿੱਲਾ)**-ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਅੱਜ ਖਦਸ਼ਾ ਜਤਾਇਆ ਕਿ ਵਿਦਿਆਰਥੀਆਂ ਨੂੰ ਆਪਣੇ ਸ਼ਾਨਾਮੱਤੇ ਇਤਿਹਾਸ ਤੋਂ ਵਿਰਵੇ ਕਰਨ ਲਈ ਸਕੂਲ ਪਾਠਕ੍ਰਮ 'ਚੋਂ ਸਾਜਿਸ਼ਨ ਇਤਿਹਾਸਕ ਘਟਨਾਵਾਂ, ਖਾਸਕਰ ਧਾਰਮਕ ਇਤਿਹਾਸ ਹਟਾਇਆ ਜਾ ਰਿਹਾ ਹੈ। ਮੋਹਾਲੀ ਦੇ ਫੇਜ਼ 3ਬੀ-1 ਸਥਿਤ ਰਾਮਗੜ੍ਹੀਆ ਭਵਨ ਵਿਖੇ ਸਿੱਖ ਰਾਜ ਦੇ ਉਸਰਈਏ ਅਤੇ 18ਵੀਂ ਸਦੀ ਦੇ ਮਹਾਨ ਜਰਨੈਲ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੇ 300ਵੇਂ ਜਨਮ ਦਿਹਾੜੇ ਸੰਬੰਧੀ ਰਾਮਗੜ੍ਹੀਆ ਸਭਾ ਮੋਹਾਲੀ ਵੱਲੋਂ ਕਰਵਾਏ ਗਏ ਸਮਾਗਮ 'ਚ ਸੰਗਤ ਨੂੰ ਸੰਬੋਧਨ ਕਰਦਿਆਂ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਰਬਾਬ ਤੋਂ ਰਣਜੀਤ ਨਗਾੜੇ ਤੱਕ ਦੇ ਸਿੱਖ ਇਤਿਹਾਸ ਨਾਲ ਵਿਦਿਆਰਥੀਆਂ ਨੂੰ ਜੋੜ ਕੇ ਰੱਖਣਾ ਸਮੇਂ ਦੀ ਮੁੱਖ ਲੋੜ ਹੈ। ਉਨ੍ਹਾ ਕਿਹਾ ਕਿ ਆਪਣੇ ਇਤਿਹਾਸ ਅਤੇ ਗੁਰਬਾਣੀ ਨਾਲ ਜੁੜ ਕੇ ਜੇਕਰ ਬੱਚੇ ਚੰਗੇ ਇਨਸਾਨ ਬਣ ਗਏ ਤਾਂ ਜ਼ਿੰਦਗੀ ਦੇ ਬਾਕੀ ਪੜਾਅ ਵੀ ਉਹ ਸੁਖਾਲੇ ਹੀ ਸਰ ਕਰ ਲੈਣਗੇ। ਉਨ੍ਹਾਂ ਅਜਿਹੇ ਸਮਾਗਮਾਂ ਨੂੰ ਇਸ ਦਿਸ਼ਾ ਵਿੱਚ ਚੰਗੀ ਪਹਿਲ ਕਰਾਰ ਦਿੱਤਾ। ਮਿਸਲਾਂ ਦੇ ਇਤਿਹਾਸ 'ਤੇ ਚਾਨਣਾ ਪਾਉਂਦਿਆਂ ਉਨ੍ਹਾ ਕਿਹਾ ਕਿ ਹਲੀਮੀ ਸਿੱਖ ਰਾਜ ਦਾ ਮੁੱਢ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਤੋਂ ਬੱਝਣਾ ਸ਼ੁਰੂ ਹੋ ਗਿਆ ਸੀ। ਉਨ੍ਹਾ ਕਿਹਾ ਕਿ ਉਦੋਂ ਸਿੱਖਾਂ ਦੀ ਗਿਣਤੀ ਮਹਿਜ਼ 6 ਫੀਸਦੀ ਸੀ ਅਤੇ ਸਿੱਖਾਂ ਨੇ ਵਿਸ਼ਾਲ ਸਿੱਖ ਰਾਜ ਖੜ੍ਹਾ ਕਰ ਲਿਆ ਸੀ। ਉਨ੍ਹਾ ਕਿਹਾ ਕਿ ਗੁਰੂ ਸਾਹਿਬਾਨ ਵੱਲੋਂ ਬਖਸ਼ੀ ਗੁਰਬਾਣੀ ਉਦੋਂ ਹਰ ਘਰ ਵਿੱਚ ਸੀ ਅਤੇ ਸਿੱਖ ਬਾਣੀ-ਬਾਣੇ ਅਤੇ ਸਿਦਕ ਦੇ ਪੱਕੇ ਸਨ ਜਿਸ ਕਾਰਨ ਸਿੱਖਾਂ ਦੀ ਹਰ ਮੈਦਾਨ ਫਤਹਿ ਹੁੰਦੀ ਰਹੀ। ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਗੁਰੂ ਘਰ ਲਈ ਨਿਸ਼ਕਾਮ ਸੇਵਾ ਦਾ ਜ਼ਿਕਰ ਕਰਦਿਆਂ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਲਾਲ ਕਿਲ੍ਹਾ ਫਤਹਿ ਕਰਨ ਉਪਰੰਤ ਉਨ੍ਹਾਂ ਨੇ ਗੁਰੂ ਘਰਾਂ ਨੂੰ ਉਸਾਰਨ ਵੱਲ ਤਰਜੀਹ ਦਿੱਤੀ ਨਾ ਕਿ ਸਿਰਫ ਆਪਣੇ ਲਈ ਪੈਸਾ ਜੋੜਿਆ। ਸੰਧਵਾਂ ਨੇ ਕਿਹਾ ਕਿ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਜਿਹੇ ਸੂਰਬੀਰਾਂ ਦੀ ਬਹਾਦਰੀ ਨੇ ਸਾਨੂੰ ਦੇਸ਼ ਲਈ ਹਮੇਸ਼ਾ ਨਿਰਸਵਾਰਥ ਕੁਰਬਾਨੀਆਂ ਕਰਨ ਲਈ ਪ੍ਰੇਰਿਤ ਕੀਤਾ ਹੈ। ਉਨ੍ਹਾ ਕਿਹਾ ਕਿ ਮਹਾਨ ਸਿੱਖ ਗੁਰੂ ਸਾਹਿਬਾਨ ਨੇ ਸਾਨੂੰ ਜ਼ਬਰ-ਜ਼ੁਲਮ ਅਤੇ ਬੇਇਨਸਾਫੀ ਵਿਰੁੱਧ ਲੜਨ ਦਾ ਸੰਦੇਸ਼ ਦਿੱਤਾ ਹੈ ਅਤੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਵਰਗੇ ਯੋਧਿਆਂ ਨੇ ਮਹਾਨ ਗੁਰੂਆਂ ਦੇ ਪਾਏ ਪੂਰਨਿਆਂ ਉਤੇ ਪਹਿਰਾ ਦਿੱਤਾ। ਇਹ ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਅਸੀਂ ਅਜਿਹੀ ਸ਼ਾਨਦਾਰ ਵਿਰਾਸਤ ਦੇ ਵਾਰਸ ਹਾਂ, ਜਿਸ ਦੀ ਦੁਨੀਆ ਵਿੱਚ ਕੋਈ ਮਿਸਾਲ ਨਹੀਂ ਮਿਲਦੀ। ਵਿਧਾਨ ਸਭਾ ਸਪੀਕਰ ਸੰਧਵਾਂ ਨੇ ਗੁਰਦੁਆਰਾ ਪ੍ਰਬੰਧ ਨੂੰ ਹੋਰ ਵਧੀਆ ਤਰੀਕੇ ਨਾਲ ਚਲਾਉਣ ਲਈ 2 ਲੱਖ ਰੁਪਏ ਦੀ ਸਹਾਇਤਾ ਦੇਣ ਦਾ ਐਲਾਨ ਵੀ ਕੀਤਾ। ਇਸੇ ਤਰ੍ਹਾਂ ਸਮਾਗਮ ਨੂੰ ਸੰਬੋਧਨ ਕਰਦਿਆਂ ਵਿਧਾਇਕ ਕੁਲਵੰਤ ਸਿੰਘ ਨੇ ਜਿੱਥੇ ਮਹਾਨ ਸਿੱਖ ਜਰਨੈਲ ਦੇ ਜੀਵਨ ਦੇ ਵੱਖ-ਵੱਖ ਪਹਿਲੂਆਂ ਬਾਰੇ ਦੱਸਿਆ, ਉਥੇ ਉਨ੍ਹਾਂ ਨੇ ਰਾਮਗੜ੍ਹੀਆ ਭਵਨ ਦੇ ਹਾਲ ਨੂੰ ਨਵਿਆਉਣ ਦੀ ਜ਼ਿੰਮੇਵਾਰੀ ਵੀ ਲਈ। ਇਸ ਮੌਕੇ ਹਲਕਾ ਘਨੌਰ ਤੋਂ ਵਿਧਾਇਕ ਅਤੇ ਐਸ.ਡੀ.ਐਮ ਮੋਹਾਲੀ ਸਰਬਜੀਤ ਕੌਰ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਪੁਰਾਣੀ ਪੈਨਸ਼ਨ ਦੇ ਮੁੱਦੇ ਨੂੰ ਲੈ ਕੇ ਰਾਸ਼ਟਰੀ ਪੱਧਰ 'ਤੇ ਹੋਈ ਮਹੱਤਵਪੂਰਨ ਮੀਟਿੰਗ

**ਜਲੰਧਰ (ਨਵਾਂ ਜ਼ਮਾਨਾ ਸਰਵਿਸ)**-ਪੁਰਾਣੀ ਪੈਨਸ਼ਨ ਯੋਜਨਾ ਬਹਾਲੀ ਸਯੁੰਕਤ ਮੰਚ ਨਵੀਂ ਦਿੱਲੀ ਵਲੋਂ ਰਾਸ਼ਟਰੀ ਪੱਧਰ 'ਤੇ ਪੁਰਾਣੀ ਪੈਨਸ਼ਨ ਦੀ ਬਹਾਲੀ ਲਈ ਵਿੱਢੇ ਗਏ ਸਘੰਰਸ਼ ਦੀ ਭਵਿੱਖ ਵਿੱਚ ਕੀਤੇ ਜਾਣ ਵਾਲੇ ਸੰਘਰਸ਼ ਦੀ ਰੂਪ ਰੇਖਾ ਲਈ ਤੀਜੀ ਮਹੱਤਵਪੂਰਨ ਮੀਟਿੰਗ ਭਾਰਤੀ ਰੇਲਵੇ ਦਫਤਰ ਦੇ ਜੇ ਪੀ ਚੌਬੇ ਮੈਮੋਰੀਅਲ ਲਾਇਬ੍ਰੇਰੀ ਵਿਖੇ ਰਾਸ਼ਟਰੀ ਕਨਵੀਨਰ ਸ਼ਿਵ ਗੋਪਾਲ ਮਿਸ਼ਰਾ ਦੀ ਅਗਵਾਹੀ ਹੇਠ ਹੋਈ ਜਿਸ ਵਿੱਚ ਭਾਰਤ ਭਰ ਤੋਂ ਵੱਖ ਵੱਖ ਸੂਬਿਆਂ ਦੇ ਪ੍ਰਤੀਨਿਧੀਆਂ ਨੇ ਹਿੱਸਾ ਲਿਆ। ਪੰਜਾਬ ਵਲੋਂ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਕਨਵੀਨਰ ਜਸਵੀਰ ਤਲਵਾੜਾ, ਸੂਬਾਈ ਵਿੱਤ ਸਕੱਤਰ ਵਰਿੰਦਰ ਵਿੱਕੀ ਅਤੇ ਸੂਬਾਈ ਆਈ ਟੀ ਸੈੱਲ ਇੰਚਾਰਜ ਸੱਤ ਪ੍ਰਕਾਸ਼ ਨੇ ਸ਼ਿਰਕਤ ਕੀਤੀ। ਮੀਟਿੰਗ ਦੌਰਾਨ ਜਿਨ੍ਹਾਂ ਸਟੇਟਾਂ ਵਿੱਚ ਪੁਰਾਣੀ ਪੈਨਸ਼ਨ ਬਹਾਲ ਹੋ ਗਈ ਹੈ ਜਾਂ ਬਹਾਲ ਦੀ ਘੋਸ਼ਣਾ ਕੀਤੀ ਜਾ ਚੁੱਕੀ ਹੈ ਉਨ੍ਹਾਂ ਦਾ ਪੈਸਾ ਜੋ ਪੀ ਐੱਫ ਆਰ ਡੀ ਏ ਕੋਲ ਪਿਆ ਹੈ ਉਸ ਦੀ ਵਾਪਸੀ ਅਤੇ ਜਿਨ੍ਹਾਂ ਸਟੇਟਾਂ ਵਿੱਚ ਪੁਰਾਣੀ ਪੈਨਸ਼ਨ ਲਈ ਸੰਘਰਸ਼ ਲੜਿਆ ਜਾ ਰਿਹਾ ਹੈ ਉੱਥੇ ਪੈਨਸ਼ਨ ਦੀ ਬਹਾਲੀ ਲਈ ਮਹੱਤਵਪੂਰਨ ਫੈਸਲੇ ਲਏ ਗਏ। ਜ਼ਿਕਰਯੋਗ ਹੈ ਕਿ ਪੰਜਾਬ, ਹਿਮਾਚਲ ਪ੍ਰਦੇਸ਼, ਛੱਤੀਸਗੜ੍ਹ, ਰਾਜਸਥਾਨ ਅਤੇ ਝਾਰਖੰਡ ਵਿੱਚ ਪੁਰਾਣੀ ਪੈਨਸਨ ਸਬੰਧੀ ਘੋਸ਼ਣਾ ਕੀਤੀ ਗਈ ਹੈ ਜਾਂ ਲਾਗੂ ਕੀਤਾ ਗਿਆ ਹੈ ਪਰ ਰਾਜ ਸਰਕਾਰਾਂ ਕੇਂਦਰ ਦੀ ਏਜੰਸੀ ਕੋਲ ਪਏ ਪੈਸੇ ਦਾ ਬਹਾਨਾ ਬਣਾ ਕੇ ਕਰਮਚਾਰੀਆਂ ਨੂੰ ਖੱਜਲ ਖੁਆਰ ਕਰ ਰਹੀਆਂ ਹਨ। 2024 ਲੋਕ ਸਭਾ ਚੋਣਾਂ ਤੋਂ ਪਹਿਲਾਂ ਪਹਿਲਾਂ ਕੇਂਦਰ ਸਰਕਾਰ ਨੂੰ ਪੁਰਾਣੀ ਪੈਨਸ਼ਨ ਦੇ ਮੁੱਦੇ 'ਤੇ ਘੇਰਨ ਅਤੇ ਪੁਰਾਣੀ ਪੈਨਸ਼ਨ ਨੂੰ ਸੰਪੂਰਨ ਰੂਪ ਵਿੱਚ ਲਾਗੂ ਕਰਨ ਲਈ ਪੁਰਾਣੀ ਪੈਨਸ਼ਨ ਯੋਜਨਾ ਬਹਾਲੀ ਸਯੁੰਕਤ ਮੰਚ ਵਲੋਂ ਰਾਸ਼ਟਰੀ ਪੱਧਰ 'ਤੇ ਕੁੱਝ ਪ੍ਰੋਗਰਾਮ ਦਿੱਤੇ ਗਏ ਹਨ ਜੋ ਸਮੁੱਚੇ ਭਾਰਤ ਵਿੱਚ ਲਾਗੂ ਕੀਤੇ ਜਾਣਗੇ ਜੋ ਇਸ ਤਰ੍ਹਾਂ ਹਨ :- 21 ਮਈ 2023 ਨੂੰ ਮਸਾਲ ਜਲੂਸ, 21 ਜੂਨ 2023 ਨੂੰ ਸਟੇਟ ਪੱਧਰ 'ਤੇ ਰੈਲੀ, ਜੁਲਾਈ-ਅਗਸਤ ਵਿੱਚ ਰਾਸ਼ਟਰੀ ਪੱਧਰ ਤੇ ਮੈਗਾ ਰੈਲੀ (ਮਾਨਸੂਨ ਸ਼ੈਸ਼ਨ ਦੌਰਾਨ) ਆਦਿ। ਇਸ ਮੌਕੇ ਪੰਜਾਬ ਤੋਂ ਇਲਾਵਾ ਹਰਿਆਣਾ, ਜੰਮੂ ਕਸ਼ਮੀਰ, ਬਿਹਾਰ, ਉੱਤਰ ਪ੍ਰਦੇਸ਼, ਮਿਜ਼ੋਰਮ, ਦਿੱਲੀ, ਕੇਰਲ, ਰਾਜਸਥਾਨ ਕਰਨਾਟਕ, ਉੜੀਸਾ, ਮੱਧ ਪ੍ਰਦੇਸ਼ ਆਦਿ ਰਾਜਾਂ ਦੀਆਂ ਵੱਖ ਵੱਖ ਜੱਥੇਬੰਦੀਆਂ ਤੋਂ ਪਹਿਲਾਂ ਆਲ ਇੰਡੀਆ ਰੇਲਵੇ, ਇਨਕਮ ਟੈਕਸ ਵਿਭਾਗ ਭਾਰਤ,ਪੈਰਾ ਮਿਲਟਰੀ ਫੋਰਸਿਜ ਇੰਡੀਆ, ਆਲ ਇੰਡੀਆ ਡਾਕ ਵਿਭਾਗ, ਆਲ ਇੰਡੀਆ ਹੈਲਥ ਵਿਭਾਗ ਆਦਿ ਰਾਸ਼ਟਰੀ ਪੱਧਰ ਦੀਆਂ ਜੱਥੇਬੰਦੀਆਂ ਹਾਜ਼ਰ ਸਨ।

# ਡਾ. ਨੂੰ ਐੱਮ ਪੀ ਚੁਣਨਾ ਪ੍ਰਕਾਸ਼ ਸਿੰਘ ਬਾਦਲ ਨੂੰ ਸਭ ਤੋਂ ਢੁਕਵੀਂ ਸ਼ਰਧਾਂਜਲੀ ਹੋਵੇਗੀ : ਸੁਖਬੀਰ

**ਜਲੰਧਰ ( ਇਕਬਾਲ ਸਿੰਘ ਉੱਭੀ,ਸੁਰਿੰਦਰ ਕੁਮਾਰ )**- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਤੇ ਬਸਪਾ ਗੱਠਜੋੜ ਦੇ ਸਾਂਝੇ ਉਮੀਦਵਾਰ ਡਾ. ਸੁਖਵਿੰਦਰ ਕੁਮਾਰ ਸੁੱਖੀ ਨੂੰ ਇਸ ਸੀਟ ਤੋਂ ਲੋਕ ਸਭਾ ਲਈ ਚੁਣ ਕੇ ਗੱਠਜੋੜ ਨੂੰ ਮਜ਼ਬੂਤ ਕਰਨਾ ਹੀ ਪੰਜ ਵਾਰ ਮੁੱਖ ਰਹੇ ਪ੍ਰਕਾਸ਼ ਸਿੰਘ ਬਾਦਲ ਨੂੰ ਸਭ ਤੋਂ ਢੁਕਵੀਂ ਸ਼ਰਧਾਂਜਲੀ ਹੋਵੇਗੀ। ਇਥੇ ਗੁਰਾਇਆ ਵਿਖੇ ਡਾ. ਸੁਖਵਿੰਦਰ ਸੁੱਖੀ ਦੇ ਹੱਕ ਵਿਚ ਵਿਸ਼ਾਲ ਜਨਤਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਬਾਦਲ ਸਾਹਿਬ ਆਪਣੇ ਅਖੀਰਲੇ ਦਿਨਾਂ ਵਿਚ ਸੂਬੇ ਦਾ ਮਾਹੌਲ ਖਰਾਬ ਕਰਨ ਵਾਸਤੇ ਖੇਡੀ ਜਾ ਰਹੀ ਵੰਡ ਪਾਊ ਰਾਜਨੀਤੀ ਪ੍ਰਤੀ ਬਹੁਤ ਚਿੰਤਤ ਸਨ। ਉਹ ਮਹਿਸੂਸ ਕਰਦੇ ਸਨ ਕਿ ਪੰਜਾਬੀਆਂ ਨੂੰ ਵੱਖਵਾਦੀ ਦੱਸ ਕੇ ਅਤੇ ਉਨ੍ਹਾਂ 'ਤੇ ਕੌਮੀ ਸੁਰੱਖਿਆ ਐਕਟ (ਐਨ ਐਸ ਏ) ਲਗਾ ਕੇ ਬਦਨਾਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਅਜਿਹੀਆਂ ਤਾਕਤਾਂ ਨੂੰ ਜ਼ਰੂਰ ਹਰਾਉਣਾ ਚਾਹੀਦਾ ਹੈ ਤੇ ਉਨ੍ਹਾਂ ਨੇ ਆਮ ਆਦਮੀ ਪਾਰਟੀ ਵੱਲੋਂ ਕੇਂਦਰ ਸਰਕਾਰ ਨਾਲ ਰਲ ਕੇ ਪੰਜਾਬੀਆਂ ਨੂੰ ਬਦਨਾਮ ਕਰਨ ਦੀ ਜ਼ੋਰਦਾਰ ਨਿਖੇਧੀ ਕੀਤੀ। ਅਸੀਂ ਬਾਦਲ ਸਾਹਿਬ ਦੀਆਂ ਕਿਸਾਨ ਪੱਖੀ ਤੇ ਗਰੀਬ ਪੱਖੀ ਨੀਤੀਆਂ 'ਤੇ ਚੱਲਾਂਗੇ ਤੇ ਸ਼ਾਂਤੀ ਤੇ ਫਿਰਕੂ ਸਦਭਾਵਨਾ ਦੇ ਸਿਧਾਂਤ 'ਤੇ ਡਟ ਕੇ ਪਹਿਰਾ ਦੇਵਾਂਗੇ। ਅਕਾਲੀ ਦਲ ਤੇ ਬਸਪਾ ਗੱਠਜੋੜ ਦੇ ਉਮੀਦਵਾਰ ਡਾ. ਸੁਖਵਿੰਦਰ ਸੁੱਖੀ ਦੀ ਗੱਲ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਡਾ. ਸੁੱਖੀ ਇਕ ਮੰਨੇ ਪ੍ਰਮੰਨੇ ਡਾਕਟਰ ਹਨ ਤੇ ਨਾਲ ਹੀ ਪ੍ਰਸਿੱਧ ਸਮਾਜ ਸੇਵੀ ਹਨ। ਉਨ੍ਹਾਂ ਦਾ ਵਿਧਾਨ ਸਭਾ ਵਿਚ ਲੋਕਾਂ ਦੇ ਮੁੱਦੇ ਚੁੱਕਣ ਦਾ ਰਿਕਾਰਡ ਰਿਹਾ ਹੈ। ਉਨ੍ਹਾਂ ਕਿਹਾ ਕਿ ਦੂਜੇ ਆਪ ਤੇ ਭਾਜਪਾ ਉਮੀਦਵਾਰ ਤਾਂ ਦੂਜੀਆਂ ਪਾਰਟੀਆਂ ਤੋਂ ਆਏ ਹਨ ਜਦੋਂ ਕਿ ਕਾਂਗਰਸ ਦੇ ਉਮੀਦਵਾਰ ਦੇ ਪਰਵਾਰ ਨੇ ਹਲਕੇ ਦੀ 9 ਸਾਲਾਂ ਤੋਂ ਪ੍ਰਤੀਨਿਧਤਾ ਕਰਨ ਦੇ ਬਾਵਜੂਦ ਹਲਕੇ ਵਾਸਤੇ ਕੱਖ ਨਹੀਂ ਕੀਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਅਕਾਲੀ ਦਲ ਬਸਪਾ ਗੱਠਜੋੜ ਦੇ ਉਮੀਦਵਾਰ ਡਾ. ਸੁਖਵਿੰਦਰ ਸੁੱਖੀ ਨੇ ਵੀ ਇਸ ਮੌਕੇ ਸੰਬੋਧਨ ਕੀਤਾ ਅਤੇ ਦੱਸਿਆ ਕਿ ਕਿਵੇਂ ਚੌਧਰੀ ਪਰਵਾਰ ਜਲੰਧਰ ਵਾਸਤੇ ਇਕ ਵੀ ਪ੍ਰਾਪਤੀ ਨਹੀਂ ਕਰ ਸਕਿਆ ਤੇ ਕਿਵੇਂ ਆਪ ਸਰਕਾਰ ਅਨੁਸੂਚਿਤ ਜਾਤੀ ਭਾਈਚਾਰੇ ਨਾਲ ਵਿਤਕਰਾ ਕਰ ਰਹੀ ਹੈ। ਇਸ ਮੌਕੇ ਆਪ ਦੇ ਇਸ ਹਲਕੇ ਤੋਂ 2017 ਵਿਚ ਉਮੀਦਵਾਰ ਰਹੇ ਸਰੂਪ ਸਿੰਘ ਕੰਧਿਆਣਾ ਜਿਨ੍ਹਾਂ 35000 ਤੋਂ ਵੱਧ ਵੋਟਾਂ ਲਈਆਂ ਸਨ, ਨੇ ਡਾ. ਸੁੱਖੀ ਦੀ ਹਮਾਇਤ ਕਰਨ ਦਾ ਐਲਾਨ ਕੀਤਾ।

9-May-Page-9.qxd 5/8/2023 11:16 PM Page 1



# ਭਾਰਤੀ ਕਮਿਊਨਿਸਟ ਪਾਰਟੀ ਦੀ ਕੌਮੀ ਕੌਂਸਲ ਦੇ ਸੱਦੇ 'ਤੇ ਮੋਦੀ ਭਜਾਓ, ਦੇਸ਼ ਬਚਾਓ ਪ੍ਰੋਗਰਾਮ ਤਹਿਤ ਚੇਤਨਾ ਮਾਰਚ



**ਬਹਿਰਾਮ (ਅਵਤਾਰ ਕਲੇਰ)**- ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਜ਼ਿਲ੍ਹਾ ਸਕੱਤਰ ਕਾਮਰੇਡ ਸੁਤੰਤਰ ਕੁਮਾਰ, ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਕਾਮਰੇਡ ਮੁਕੰਦ ਲਾਲ, ਪੰਜਾਬ ਕਿਸਾਨ ਸਭਾ ਦੇ ਜ਼ਿਲ੍ਹਾ ਜਨਰਲ ਸਕੱਤਰ ਕਾਮਰੇਡ ਜਸਵਿੰਦਰ ਸਿੰਘ ਭੰਗਲ ਅਤੇ ਕਾਮਰੇਡ ਨਰੰਜਣ ਦਾਸ ਮੇਹਲੀ ਦੀ ਅਗਵਾਈ ਹੇਠ ਭਾਰਤੀ ਕਮਿਊਨਿਸਟ ਪਾਰਟੀ ਦੀ ਕੌਮੀ ਕੌਂਸਲ ਦੇ ਸੱਦੇ 'ਤੇ ਮੋਦੀ ਭਜਾਓ, ਦੇਸ਼ ਬਚਾਓ ਪ੍ਰੋਗਰਾਮ ਤਹਿਤ ਪਿੰਡ ਔਲੀਯਾ ਪੁਰ,ਰਤਨਾਣਾ, ਬੈਰਸਾਲ ਗੜ੍ਹੀ ਊਧਨਵਾਲ ਵਿੱਚ ਚੇਤਨਾ ਮਾਰਚ ਕਰਕੇ ਲੋਕਾਂ ਨੂੰ ਉਨ੍ਹਾਂ ਦੇ ਸੰਵਿਧਾਨਕ ਹੱਕਾਂ ਤੇ ਕੇਂਦਰ ਦੀ ਆਰ ਐਸ ਐਸ ਦੀ ਮੋਦੀ ਸਰਕਾਰ, ਪੰਜਾਬ ਦੀ ਮਾਨ ਸਰਕਾਰ ਦੀਆਂ ਸਰਮਾਏਦਾਰੀ ਨੀਤੀਆਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਆਰ ਐਸ ਐਸ ਦੀ ਵਿਚਾਰਧਾਰਾ ਨੂੰ ਲਾਗੂ ਕਰਨ ਲਈ ਭਾਰਤੀ ਸੰਵਿਧਾਨ ਦੀ ਥਾਂ ਮਨੂੰ ਸਮ੍ਰਿਤੀ ਨੂੰ ਅਤੇ ਆਪਣੇ ਸਰਮਾਏਦਾਰ ਮਿੱਤਰਾਂ ਅਡਾਨੀ, ਅੰਬਾਨੀ ਨੂੰ ਪਬਲਿਕ ਸੈਕਟਰ ਦੇ ਅਦਾਰੇ ਕੌਡੀਆਂ ਦੇ ਭਾਅ ਵੇਚ ਰਹੀ ਹੈ। ਉਨ੍ਹਾਂ ਦੇ ਵੱਡੇ ਕਰਜ਼ੇ ਮੁਆਫ ਕਰ ਕੇ ਵੱਟੇ ਖਾਤੇ ਪਾ ਰਹੀ ਹੈ। ਪਿੰਡਾਂ ਦੇ ਮਜ਼ਦੂਰਾਂ ਲਈ ਬਣੇ ਕਾਨੂੰਨ ਮਗਨਰੇਗਾ ਨੂੰ ਖਤਮ ਕਰਨ ਲਈ ਪੱਬਾਂ ਭਾਰ ਹੋਈ ਪਈ ਹੈ। ਨਰੇਗਾ ਸਕੀਮ ਦੇ ਫੰਡਾਂ ਵਿੱਚ 35% ਦਾ ਕੱਟ ਲਾ ਕੇ ਇਸ ਨੂੰ ਬੰਦ ਕਰਨ ਲਈ ਯਤਨਸ਼ੀਲ ਹੈ। ਇਸ ਸਮੇਂ ਭ੍ਰਿਸ਼ਟਾਚਾਰ ਆਪਣੀਆਂ ਸਭ ਹੱਦਾਂ ਪਾਰ ਕਰ ਗਿਆ ਹੈ। ਘੱਟ ਗਿਣਤੀਆਂ, ਦਲਿਤਾਂ ਅਤੇ ਔਰਤਾਂ ਦੀਆਂ ਇੱਜ਼ਤਾਂ 'ਤੇ ਹਮਲੇ ਭਾਜਪਾ ਲੀਡਰਾਂ ਵੱਲੋਂ ਹੋ ਰਹੇ ਹਨ। ਦੇਸ਼ ਦਾ ਮਾਣ ਪਹਿਲਵਾਨ ਬੇਟੀਆਂ ਇਨਸਾਫ ਲੈਣ ਲਈ ਜੰਤਰ ਮੰਤਰ 'ਤੇ ਧਰਨੇ 'ਤੇ ਬੈਠੀਆਂ ਹਨ। ਉਨ੍ਹਾਂ ਦੇ ਵਿੱਚ ਬੋਲਣ ਵਾਲਿਆਂ ਤੇ ਹਮਲੇ ਕਰਕੇ ਪ੍ਰੇਸ਼ਾਨ ਕੀਤਾ ਜਾਂਦਾ ਹੈ। ਬੇਟੀ ਬਚਾਓ ਬੇਟੀ ਪੜ੍ਹਾਓ ਦਾ ਨਾਹਰਾ ਲਾਉਣ ਵਾਲੀ ਭਾਜਪਾ ਦੇ ਆਗੂਆਂ ਤੋਂ ਹੀ ਬੇਟੀ ਸੁਰੱਖਿਅਤ ਨਹੀਂ ਹੈ। ਪਹਿਲਾਂ ਕੇਂਦਰੀ ਮੰਤਰੀ ਅਜੈ ਮਿਸ਼ਰਾ ਦੇ ਬੇਟੇ ਆਸੀਸ ਮਿਸਰਾ ਵਲੋਂ ਹੱਕ ਮੰਗਦੇ ਕਿਸਾਨਾਂ ਦਾ ਕਤਲ ਕੀਤਾ ਗਿਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪਹਿਲਾਂ ਕਾਤਲਾਂ ਨੂੰ ਤੇ ਹੁਣ ਬਲਾਤਕਾਰੀਆਂ ਨੂੰ ਬਚਾਉਣ ਲੱਗਾ ਹੋਇਆ ਹੈ। ਇਨ੍ਹਾਂ ਕਾਰਨਾਮਿਆਂ ਦੀ ਸੀ ਪੀ ਆਈ ਨਿੰਦਾ ਕਰਦੀ ਹੈ ਤੇ ਮੋਦੀ ਭਜਾਓ, ਦੇਸ਼ ਬਚਾਓ, ਪ੍ਰੋਗਰਾਮ ਤਹਿਤ ਭਾਜਪਾ ਦੀ ਫਾਸ਼ੀਵਾਦੀ ਸਰਕਾਰ ਨੂੰ ਚਲਦਾ ਕਰਨ ਦਾ ਸੁਨੇਹਾ ਦਿੰਦੀ ਹੈ। ਉਨ੍ਹਾਂ ਮਜ਼ਦੂਰਾਂ ਦੀਆਂ ਮੰਗਾਂ ਸੰਬੰਧੀ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਨਰੇਗਾ ਸਕੀਮ ਤਹਿਤ ਸਾਲ ਵਿੱਚ ਸੌ ਦਿਨ ਕੰਮ, ਕੰਮ ਦਿਹਾੜੀ ਸੱਤ ਸੌ ਰੁਪਏ ਦਿੱਤੇ ਜਾਣ, ਬੇਘਰ ਮਜ਼ਦੂਰਾਂ ਨੂੰ ਘਰ ਬਣਾਉਣ ਲਈ ਦਸ ਦਸ ਮਰਲੇ ਦੇ ਪਲਾਟ ਤੇ ਮਕਾਨ ਦੀ ਉਸਾਰੀ ਲਈ ਪੰਜ ਲੱਖ ਰੁਪਏ ਬਿਨਾਂ ਵਿਆਜ ਦਿੱਤੇ ਜਾਣ। ਮਾਈਕਰੋ ਫਾਇਨਾਂਸ ਕੰਪਨੀਆਂ ਸਮੇਤ ਮਜ਼ਦੂਰਾਂ ਦੇ ਹਰ ਤਰ੍ਹਾਂ ਦੇ ਕਰਜ਼ੇ ਮੁਆਫ ਕੀਤੇ ਜਾਣ। ਨਰੇਗਾ ਕਾਮਿਆਂ ਦੀ ਹਾਜ਼ਰੀ ਆਨ ਦੇ ਨਾਲ ਨਾਲ ਪਹਿਲਾਂ ਵਾਂਗ ਲਗਾਈ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕਾਮਰੇਡ ਬਲਜਿੰਦਰ ਸਿੰਘ, ਜਸਵਿੰਦਰ ਲਾਲ ਸਰਪੰਚ ਬੈਰਸਾਲ, ਗੁਰਿੰਦਰ ਲਾਲ, ਜਗਤਾਰ ਸਿੰਘ ਤਾਰੀ, ਨਿਰਮਲ ਸਿੰਘ ਆਦਿ ਉਨ੍ਹਾਂ ਦੀ ਟੀਮ ਵਿੱਚ ਹਾਜ਼ਰ ਸਨ।

## ਪੰਚ, ਸਰਪੰਚ ਤੇ ਪਤਵੰਤੇ ਆਪ 'ਚ ਸ਼ਾਮਲ

**ਫਿਲੌਰ (ਨਿਰਮਲ)**- ਲੋਕ ਸਭਾ ਜਲੰਧਰ ਜ਼ਿਮਨੀ ਚੋਣ ਆਪ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਹੱਕ 'ਚ ਚੋਣ ਪ੍ਰਚਾਰ ਨੂੰ ਉਸ ਵੇਲੇ ਭਰਵਾਂ ਹੁੰਗਾਰਾ ਮਿਲਿਆ । ਪ੍ਰਿੰਸੀਪਲ ਪ੍ਰੇਮ ਕੁਮਾਰ ਹਲਕਾ ਇੰਚਾਰਜ ਜੁਆਇੰਟ ਸਕੱਤਰ ਪੰਜਾਬ ਅਗਵਾਈ 'ਚ ਪਿੰਡ ਨਗਰ ਵਿਖੇ ਸੁਰਿੰਦਰਪਾਲ ਲਾਡੀ ਸਰਪੰਚ ਕਤਪਾਲੋ, ਕਸ਼ਮੀਰ ਮਾਹਲ ਸਰਪੰਚ ਪਿੰਡ ਮਾਹਲਾਂ ਕਾਂਗਰਸ ਪਾਰਟੀ ਨੂੰ ਅਲਵਿਦਾ ਕਹਿ ਕੇ ਸਾਥੀਆਂ ਸਮੇਤ ਆਪ 'ਚ ਸ਼ਾਮਲ ਹੋਏ।

ਚੇਤਨ ਸਿੰਘ ਜੌੜਾਮਾਜਰਾ ਕੈਬਨਿਟ ਮੰਤਰੀ ਤੇ ਪ੍ਰਿੰਸੀਪਲ ਪ੍ਰੇਮ ਕੁਮਾਰ ਹਲਕਾ ਇੰਚਾਰਜ ਫਿਲੌਰ ਜੁਆਇੰਟ ਸਕੱਤਰ ਪੰਜਾਬ ਨੇ ਪਾਰਟੀ ਚਿੰਨ੍ਹ ਦੇ ਸਿਰੋਪੇ ਪਾ ਕੇ ਸ਼ਾਮਲ ਕੀਤਾ ਤੇ ਕਿਹਾ ਪਾਰਟੀ 'ਚ ਸ਼ਾਮਲ ਹੋਣ ਵਾਲੇ ਵਰਕਰਾਂ ਨੂੰ ਬਣਦਾ ਮਾਣ ਸਨਮਾਨ ਦਿੱਤਾ ਜਾਵੇਗਾ।

ਤੀਰਥ ਰਾਮ, ਬਿੱਲਾ, ਕੁਲਦੀਪ ਕੁਮਾਰ, ਮਨਜੀਤ ਮਾਹਲ, ਗੁਰਦੀਪ ਰੰਧਾਵਾ, ਰਾਜ ਕੁਮਾਰ, ਰਾਮ ਆਸਰਾ, ਸੰਤੋਖ ਰੰਧਾਵਾ, ਤੇਜਪਾਲ, ਸੰਨੀ ਬਾਵਾ, ਬਿੰਦਾ ਵੱਖ ਵੱਖ ਪਾਰਟੀਆਂ ਨੂੰ ਅਲਵਿਦਾ ਕਹਿ ਕੇ ਸ਼ਾਮਲ ਹੋਏ। ਇਸ ਮੌਕੇ ਸਤਨਾਮ ਸਿੰਘ ਖਹਿਰਾ, ਪਰਮਿੰਦਰ ਸਿੰਘ ਮਾਹਲ, ਹਰਜਿੰਦਰ ਸਿੰਘ ਫੌਜੀ, ਨੀਟਾ ਚੇਅਰਮੈਨ, ਮੋਹਨ ਲਾਲ ਪੰਚ, ਸੁਖਵਿੰਦਰ ਸਿੰਘ ਖਹਿਰਾ, ਵਰਿੰਦਰ ਸੈਣੀ, ਹਰਵਿੰਦਰ ਸੈਣੀ, ਸੱਖਾ ਸਗਨੇਵਾਲ ਆਦਿ ਹਾਜ਼ਰ ਸਨ।

## ਪੰਜਾਬ ਸਰਕਾਰ ਅਪਰਾਧੀਆਂ ਦੀ ਪੁਸ਼ਤ ਪਨਾਹੀ ਕਰ ਰਹੀ : ਚੰਨੀ



**ਸ਼ਾਹਕੋਟ (ਗਿਆਨ ਸੈਦਪੁਰੀ)**- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਵਿਧਾਨ ਸਭਾ ਹਲਕਾ ਸ਼ਾਹਕੋਟ ਦੇ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਦੀ ਰਿਹਾਇਸ਼ 'ਤੇ ਕੀਤੀ ਪ੍ਰੈੱਸ ਕਾਨਫਰੰਸ ਵਿੱਚ ਪੰਜਾਬ ਸਰਕਾਰ 'ਤੇ ਦੋਸ਼ ਲਾਇਆ ਹੈ ਕਿ ਉਹ ਪੁਲਸ ਦੇ ਭਗੌੜੇ ਵਿਅਕਤੀਆਂ ਦੀ ਪੁਸ਼ਤ ਪਨਾਹੀ ਕਰ ਰਹੀ ਹੈ। ਉਨ੍ਹਾ ਕਿਹਾ ਕਿ ਆਪ ਵੱਲੋਂ ਵੱਡੇ ਵੱਡੇ ਦਾਅਵੇ ਕੀਤੇ ਗਏ ਸਨ ਕਿ ਉਹ ਕਿਸੇ ਵੀ ਦਾਗੀ ਵਿਅਕਤੀ ਨੂੰ ਪਾਰਟੀ ਦੇ ਨੇੜੇ ਨਹੀਂ ਲੱਗਣ ਦਿੰਦੇ। ਸਾਬਕਾ ਮੁੱਖ ਮੰਤਰੀ ਨੇ ਦੋਸ਼ ਲਾਇਆ ਸ਼ਾਹਕੋਟ ਹਲਕੇ ਦੇ ਨਵੇਂ ਲਾਏ ਗਏ 'ਆਪ' ਇੰਚਾਰਜ ਰਾਣਾ ਹਰਦੀਪ ਸਿੰਘ ਨੂੰ ਪੁਲਸ ਵੱਲੋਂ ਪੀ. ਓ. ਕਰਾਰ ਦਿੱਤਾ ਹੋਇਆ ਹੈ। ਉਸ ਨੂੰ ਡੀ. ਜੀ. ਪੀ. ਪੰਜਾਬ ਨੇ ਸਰਕਾਰੀ ਗੱਡੀ ਅਤੇ ਗੰਨਮੈਨ ਮੁਹੱਈਆ ਕਰਵਾਏ ਹੋਏ ਹਨ। ਪੰਜਾਬ ਦੇ ਮੁੱਖ ਮੰਤਰੀ ਉਸ ਕਥਿਤ ਭਗੌੜੇ ਵਿਅਕਤੀ ਦਾ ਫੁੱਲਾਂ ਦਾ ਹਾਰ ਪਾ ਕੇ ਸਵਾਗਤ ਕਰ ਰਹੇ ਹਨ। ਚੰਨੀ ਨੇ ਪੱਤਰਕਾਰਾਂ ਨੂੰ ਰਾਣਾ ਹਰਦੀਪ ਸਿੰਘ ਵਿਰੁੱਧ ਹੋਈ ਉਸ ਐਫ. ਆਰ. ਆਈ. ਦੀ ਕਾਪੀ ਵੀ ਵਿਖਾਈ ਜਿਸ ਵਿੱਚ 420 ਅਤੇ ਹੋਰ ਵੱਖ ਵੱਖ ਧਾਰਾਵਾਂ ਲਾਈਆਂ ਗਈਆਂ ਹਨ। ਉਨ੍ਹਾ ਕਿਹਾ ਕਿ ਰਾਣਾ ਹਰਦੀਪ ਸਿੰਘ ਵੱਲੋਂ ਸ਼ਾਹਕੋਟ ਹਲਕੇ ਦੇ ਲੋਕਾਂ ਨੂੰ ਤੇ ਖਾਸ ਕਰਕੇ ਸਰਪੰਚਾਂ ਨੂੰ ਡਰਾ ਧਮਕਾ ਕੇ ਦਹਿਸ਼ਤ ਦਾ ਮਾਹੌਲ ਬਣਾਇਆ ਜਾ ਰਿਹਾ ਹੈ।

ਸਰਪੰਚਾਂ ਨੂੰ ਆਪ ਦੇ ਹੱਕ ਵਿੱਚ ਵੋਟ ਨਾ ਪਾਉਣ ਦੀ ਸੂਰਤ ਵਿੱਚ ਮਾੜਾ ਹਸ਼ਰ ਹੋਣ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾ ਕਿਹਾ ਕਿ ਅਸੀਂ ਭਾਰਤ ਦੇ ਚੋਣ ਕਮਿਸ਼ਨ ਕੋਲੋਂ ਮੰਗ ਕਰਦੇ ਹਾਂ ਕਿ ਉਹ ਰਾਣਾ ਹਰਦੀਪ ਸਿੰਘ ਵਿਰੁੱਧ ਬਣਦੀ ਕਰਵਾਈ ਦੇ ਨਾਲ ਨਾਲ ਉਸ ਨੂੰ ਸੁਰੱਖਿਆ ਮੁਹੱਈਆ ਕਰਵਾਉਣ ਵਾਲੇ ਪੰਜਾਬ ਦੇ ਡੀ. ਜੀ. ਪੀ. ਵਿਰੁੱਧ ਵੀ ਐਕਸ਼ਨ ਲਿਆ ਜਾਵੇ। ਪ੍ਰੈੱਸ ਕਾਨਫਰੰਸ ਵਿੱਸ ਸਾਬਕਾ ਕੇਂਦਰੀ ਮੰਤਰੀ ਮੁਨੀਸ਼ ਤਿਵਾੜੀ, ਸਾਬਕਾ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਹਲਕਾ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਅਤੇ ਸਾਬਕਾ ਵਿਧਾਇਕ ਕੁਲਬੀਰ ਸਿੰਘ ਜ਼ੀਰਾ ਵੀ ਹਾਜ਼ਰ ਸਨ।

## ਰੈਸਲਿੰਗ ਚੈਂਪੀਅਨਸ਼ਿਪ 'ਚ ਜ਼ਿਲ੍ਹਾ ਕਪੂਰਥਲਾ ਨੇ ਹਾਸਲ ਕੀਤੀ ਤੀਸਰੀ ਪੁਜ਼ੀਸ਼ਨ

**ਫਗਵਾੜਾ ( ਡਾ. ਰਮਨ )** ਪੰਜਾਬ ਰੈਸਲਿੰਗ ਐਸੋਸੀਏਸ਼ਨ ਦੇ ਪ੍ਰਧਾਨ ਪਦਮਸ੍ਰੀ ਕਰਤਾਰ ਸਿੰਘ (ਆਈ.ਪੀ.ਐਸ.) ਅਤੇ ਜਨਰਲ ਸਕੱਤਰ ਆਰ.ਐਸ. ਕੁੰਡੂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬਠਿੰਡਾ ਵਿਖੇ ਕਰਵਾਈ ਅੰਡਰ-20 ਜੂਨੀਅਰ ਰੈਸਲਿੰਗ ਚੈਂਪੀਅਨਸ਼ਿਪ ਅਤੇ ਅੰਮ੍ਰਿਤਸਰ ਵਿਖੇ ਆਯੋਜਿਤ ਅੰਡਰ-17 ਸਬ ਜੂਨੀਅਨ ਚੈਂਪੀਅਨਸ਼ਿਪ ਵਿਚ ਜਿਲ੍ਹਾ ਕਪੂਰਥਲਾ ਨੇ ਤੀਸਰੀ ਪੁਜੀਸ਼ਨ ਹਾਸਲ ਕਰਕੇ ਜਿਲ੍ਹੇ ਦਾ ਮਾਣ ਵਧਾਇਆ ਹੈ। ਪੰਜਾਬ ਰੈਸਲਿੰਗ ਐਸੋਸੀਏਸ਼ਨ ਦੇ ਵਿੱਤ ਸਕੱਤਰ ਪੀ. ਆਰ. ਸੌਂਧੀ ਸਾਬਕਾ ਇੰਟਰਨੈਸ਼ਨਲ ਕੋਚ ਨੇ ਦੱਸਿਆ ਕਿ ਜ਼ਿਲ੍ਹਾ ਬਠਿੰਡਾ ਐਸੋਸੀਏਸ਼ਨ ਦੇ ਪ੍ਰਧਾਨ ਸ਼ਾਹਬਾਜ ਸਿੰਘ ਦੀ ਦੇਖ ਰੇਖ ਹੇਠ ਬਠਿੰਡਾ ਵਿਖੇ ਹੋਈ ਰੈਸਲਿੰਗ ਚੈਂਪੀਅਨਸ਼ਿਪ 'ਚ ਰਾਏਪੁਰ ਡੱਬਾ ਓਲੰਪਿਕ ਰੈਸਲਿੰਗ ਅਕੈਡਮੀ ਦੇ ਪਹਿਲਾਨ ਵਿਸ਼ਾਲ ਕੁਮਾਰ ਨੇ 70 ਕਿੱਲੋ ਭਾਰ ਵਰਗ ਵਿਚ ਗੋਲਡ ਮੈਡਲ, ਨਿਸ਼ਾਂਤ ਕੁਮਾਰ ਨੇ 92 ਕਿਲੋ ਭਾਰ ਵਰਗ ਵਿਚ ਸਿਲਵਰ ਮੈਡਲ, ਪਰਵਿੰਦਰ ਨੇ 86 ਕਿਲੋ ਭਾਰ ਵਰਗ ਕਰਨਵੀਰ ਨੇ 65 ਕਿਲੋ ਭਾਰ ਵਰਗ ਤੇ ਸਹਿਜਪਾਲ (ਆਰ.ਸੀ.ਐਫ.) ਨੇ ਬ੍ਰਾਉਂਜ ਮੈਡਲ ਹਾਸਿਲ ਕੀਤਾ ਹੈ। ਇਸੇ ਤਰ੍ਹਾਂ ਅੰਮ੍ਰਿਤਸਰ ਵਿਚ ਹੋਈ ਰੈਸਲਿੰਗ ਚੈਂਪੀਅਨਸ਼ਿਪ 'ਚ ਜ਼ਿਲ੍ਹਾ ਕਪੂਰਥਲਾ ਦੇ ਹਰਜੋਤ ਪਹਿਲਵਾਨ ਨੇ 65 ਕਿਲੋ ਭਾਰ ਵਰਗ ਵਿਚ ਗੋਲਡ ਮੈਡਲ ਜਿੱਤ ਕੇ ਜ਼ਿਲ੍ਹੇ ਦਾ ਨਾਂਅ ਚਮਕਾਇਆ ਹੈ। ਇਹਨਾਂ ਸਾਰੇ ਜੇਤੂ ਪਹਿਲਵਾਨਾਂ ਦਾ ਫਗਵਾੜਾ ਦੇ ਆਰ.ਪੀ.ਡੀ. ਓਲੰਪਿਕ ਰੈਸਲਿੰਗ ਅਕੈਡਮੀ ਪਰਮ ਨਗਰ ਖੋਥੜਾ ਰੋਡ ਫਗਵਾੜਾ ਵਿਖੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਅੰਤਰਰਾਸ਼ਟਰੀ ਪਹਿਲਵਾਨ ਅਮਰੀਕ ਸਿੰਘ ਮੇਹਲੀ ਅਤੇ ਰਵਿੰਦਰ ਨਾਥ ਕੋਚ ਨੇ ਜੇਤੂ ਪਹਿਲਵਾਨਾਂ ਨੂੰ ਅਸ਼ੀਰਵਾਦ ਦਿੰਦਿਆਂ ਭਵਿੱਖ ਵਿਚ ਹੋਰ ਵੀ ਤਨਦੇਹੀ ਨਾਲ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਰਬਜੀਤ ਸਿੰਘ ਸੱਬਾ ਸੰਘਾ, ਬਲਵੀਰ ਕੁਮਾਰ, ਵਿਸ਼ਾਲ ਨੰਨ੍ਹਾ ਡਡਵਾਲ, ਜਤਿਨ ਸ਼ੁਕਲਾ ਕੋਚ, ਗੀਤ ਪ੍ਰੀਤ ਪਾਲ ਸਿੰਘ ਪੀ.ਆਰ.ਓ. ਪੰਜਾਬ ਰੈਸਲਿੰਗ ਐਸੋਸੀਏਸ਼ਨ ਆਦਿ ਹਾਜ਼ਰ ਸਨ।

## ਕਸ਼ਯਪ ਰਾਜਪੂਤ ਸਮਾਜ ਨੇ 'ਆਪ' ਨੂੰ ਦਿੱਤਾ ਸਮਰਥਨ



**ਜਲੰਧਰ** : 10 ਮਈ ਨੂੰ ਹੋਣ ਵਾਲੀ ਜਲੰਧਰ ਜ਼ਿਮਨੀ ਚੋਣ ਤੋਂ ਪਹਿਲਾਂ ਆਮ ਆਦਮੀ ਪਾਰਟੀ (ਆਪ) ਨੂੰ ਵੱਡਾ ਹੁਲਾਰਾ ਮਿਲਿਆ ਹੈ। ਐਤਵਾਰ ਨੂੰ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਅਤੇ 'ਆਪ' ਆਗੂ ਬਲਤੇਜ ਸਿੰਘ ਪੰਨੂ ਦੀ ਮੌਜੂਦਗੀ 'ਚ ਕਸ਼ਯਪ ਰਾਜਪੂਤ ਸਮਾਜ ਨੇ 'ਆਪ' ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਨੂੰ ਸਮਰਥਨ ਦਿੱਤਾ ਅਤੇ ਘਰ-ਘਰ ਜਾ ਕੇ ਆਮ ਆਦਮੀ ਪਾਰਟੀ ਦੇ ਹੱਕ 'ਚ ਪ੍ਰਚਾਰ ਕਰਨ ਦਾ ਵਾਅਦਾ ਕੀਤਾ। ਇਸ ਮੌਕੇ ਕਸ਼ਯਪ ਰਾਜਪੂਤ ਸਮਾਜ ਦੇ ਪ੍ਰਧਾਨ ਜਥੇਦਾਰ ਸੁਖਬੀਰ ਸਿੰਘ ਸ਼ਾਲੀਮਾਰ ਨੇ ਕਿਹਾ ਕਿ ਅਕਾਲੀ-ਕਾਂਗਰਸ ਨੇ 70 ਸਾਲ ਪੰਜਾਬ ਨੂੰ ਲੁੱਟਿਆ, ਇਹ ਆਮ ਆਦਮੀ ਪਾਰਟੀ ਹੀ ਹੈ ਜਿਸ ਨੇ ਆਪਣੇ ਵਿਕਾਸ ਕਾਰਜਾਂ ਰਾਹੀਂ ਦਿਖਾ ਦਿੱਤਾ ਕਿ ਕੰਮ 'ਖਾਲੀ ਖਜ਼ਾਨੇ' ਕਰਕੇ ਨਹੀਂ, ਬਲਕਿ ਪਿਛਲੀਆਂ ਸਰਕਾਰਾਂ ਦੇ ਮਾੜੇ ਇਰਾਦਿਆਂ ਕਰਕੇ ਨਹੀਂ ਸੀ ਹੋ ਰਹੇ। ਉਨ੍ਹਾਂ ਕਿਹਾ ਕਿ ਕਸ਼ਯਪ ਸਮਾਜ ਇੱਕ ਗਰੀਬ ਸਮਾਜ ਹੈ ਅਤੇ ਇਸ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਚੋਣਾਂ ਤੋਂ ਬਾਅਦ ਉਹ 'ਆਪ' ਸਰਕਾਰ ਨਾਲ ਮਿਲ ਕੇ ਆਪਣੇ ਸਮਾਜ ਦੇ ਵਿਕਾਸ ਲਈ ਕੰਮ ਕਰਨਗੇ। ਉਨ੍ਹਾਂ ਕਿਹਾ ਕਿ ਕਾਂਗਰਸ ਅਤੇ ਅਕਾਲੀ ਆਗੂਆਂ ਨੇ ਹਮੇਸ਼ਾ ਹੀ ਸਮਾਜ ਦੇ ਹਾਸ਼ੀਏ 'ਤੇ ਪਏ ਵਰਗਾਂ ਨੂੰ ਨਜ਼ਰਅੰਦਾਜ਼ ਕੀਤਾ ਹੈ ਪਰ ਸਿਰਫ ਆਮ ਆਦਮੀ ਪਾਰਟੀ ਹੀ ਸਿੱਖਿਆ ਅਤੇ ਬਰਾਬਰ ਮੌਕੇ ਦੇ ਕੇ ਸਮਾਜ ਦੇ ਹਰ ਵਰਗ ਦਾ ਵਿਕਾਸ ਕਰਨਾ ਚਾਹੁੰਦੀ ਹੈ। ਇਸ ਮੌਕੇ ਸੰਬੋਧਨ ਕਰਦਿਆਂ ਪ੍ਰਭਾਵਸ਼ਾਲੀ ਆਗੂ ਰਛਪਾਲ ਸਿੰਘ ਰਾਜੂ ਨੇ ਕਿਹਾ ਕਿ ਬਸਪਾ ਵਰਗੀਆਂ ਪਾਰਟੀਆਂ ਨੇ ਵੀ ਡਾ. ਭੀਮ ਰਾਓ ਅੰਬੇਡਕਰ ਦੇ ਮਿਸ਼ਨ ਨੂੰ ਭੁੱਲ ਕੇ ਭ੍ਰਿਸ਼ਟਾਚਾਰ ਅਤੇ ਨਸ਼ਿਆਂ ਦੇ ਸੌਦਾਗਰਾਂ ਦੀ ਸਰਪ੍ਰਸਤੀ ਕਰਨ ਵਾਲੇ ਅਕਾਲੀ ਦਲ ਨਾਲ ਹੱਥ ਮਿਲਾ ਲਿਆ ਹੈ। ਉਨ੍ਹਾਂ ਕਿਹਾ ਕਿ ਅਸੀਂ ਅਜਿਹੀ ਪਾਰਟੀ ਦਾ ਸਮਰਥਨ ਕਰ ਰਹੇ ਹਾਂ ਜੋ ਬਾਬਾ ਸਾਹਿਬ ਦੀ ਵਿਚਾਰਧਾਰਾ 'ਤੇ ਕੰਮ ਕਰ ਰਹੀ ਹੈ ਅਤੇ ਆਪਣੀਆਂ ਗਾਰੰਟੀਆਂ ਨੂੰ ਪੂਰਾ ਕਰ ਰਹੀ ਹੈ। ਇੱਥੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਬ੍ਰਹਮ ਸ਼ੰਕਰ ਜਿੰਪਾ ਨੇ ਕਿਹਾ ਕਿ ਇਹ ਅਰਵਿੰਦ ਕੇਜਰੀਵਾਲ ਦੇ ਰਾਜਨੀਤੀ ਦੇ ਸਕੂਲ ਦੀ ਸਫਲਤਾ ਹੈ ਅਤੇ ਸਾਡੀ 'ਕੰਮ ਦੀ ਰਾਜਨੀਤੀ' ਦੀ ਜਿੱਤ ਹੈ। ਕਸ਼ਯਪ ਰਾਜਪੂਤ ਸਮਾਜ ਦੇ ਸਹਿਯੋਗ ਨਾਲ ਅਸੀਂ ਹੋਰ ਮਜ਼ਬੂਤ ਹੋਏ ਹਾਂ। ਹੁਣ ਸੁਸ਼ੀਲ ਕੁਮਾਰ ਰਿੰਕੂ ਸਮਾਜ ਦੇ ਹਰ ਵਰਗ ਦੇ ਸਮਰਥਨ ਨਾਲ ਇਹ ਸੀਟ ਜਿੱਤਣਗੇ ਅਤੇ ਸੰਸਦ ਵਿੱਚ ਵੀ ਹਰ ਵਰਗ ਦੀ ਨੁਮਾਇੰਦਗੀ ਕਰਨਗੇ। ਇਸ ਮੌਕੇ ਪ੍ਰਮੁੱਖ ਆਗੂ ਜਥੇਦਾਰ ਸੁਖਬੀਰ ਸਿੰਘ ਸ਼ਾਲੀਮਾਰ ਪ੍ਰਧਾਨ, ਠੇਕੇਦਾਰ ਰਣਜੀਤ ਸਿੰਘ ਮੀਤ ਪ੍ਰਧਾਨ, ਕਰਮਜੀਤ ਸਿੰਘ ਤਾਜਪੁਰੀ ਪ੍ਰਧਾਨ ਬੀ.ਸੀ. ਫੈਡਰੇਸ਼ਨ, ਦਰਸ਼ਨ ਸਿੰਘ, ਰਾਕੇਸ਼ ਕਸ਼ਯਪ ਜਨਰਲ ਸਕੱਤਰ, ਡਾ. ਦਲਜੀਤ ਸਿੰਘ ਸੈਲਾ ਖੁਰਦ ਅਤੇ ਕਸ਼ਯਪ ਰਾਜਪੂਤ ਮਹਾਂਸਭਾ ਜਲੰਧਰ ਤੋਂ ਚੇਅਰਮੈਨ ਪਰਮਜੀਤ ਸਿੰਘ ਠੇਕੇਦਾਰ, ਚਰਨਜੀਤ ਸਿੰਘ ਅਤੇ ਦਵਿੰਦਰ ਸਿੰਘ ਫੌਜੀ, ਕਰਤਾਰਪੁਰ ਤੋਂ ਸੁਰਿੰਦਰ ਬੱਬੂ, ਜਗਜੀਤ ਸਿੰਘ, ਰਮਨ ਕੁਮਾਰ ਅਤੇ ਨਰਿੰਦਰ ਸਿੰਘ ਅਤੇ ਸਾਥੀ ਹਾਜ਼ਰ ਸਨ। ਉਨ੍ਹਾਂ ਤੋਂ ਇਲਾਵਾ ਪਰਵਿੰਦਰ ਸਿੰਘ, ਰੋਹਿਤ ਕੁਮਾਰ, ਸੌਰਵ ਕੁਮਾਰ, ਅਮਰਿੰਦਰ ਸਿੰਘ, ਜਸਵੀਰ ਸਿੰਘ, ਰਣਬੀਰ ਸਿੰਘ ਰਾਣਾ, ਹਰੀਸ਼ ਕਸ਼ਯਪ ਅਤੇ ਕਰਮਜੀਤ ਸਿੰਘ ਨੇ ਵੀ 'ਆਪ' ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ।

## ਸ਼ਿਵਾ ਪਬਲਿਕ ਸਕੂਲ ਦਾ ਅੱਠਵੀਂ ਜਮਾਤ ਦਾ ਨਤੀਜਾ ਸੌ ਫੀਸਦੀ

**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**- ਸ਼ਿਵਾ ਪਬਲਿਕ ਹਾਈ ਸਕੂਲ ਨੂਰਮਹਿਲ ਦੀ ਪ੍ਰਿੰਸੀਪਲ ਸੁਮਨ ਪਾਠਕ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼ਿਵਾ ਪਬਲਿਕ ਸਕੂਲ ਨੂਰਮਹਿਲ ਅੱਠਵੀਂ ਜਮਾਤ ਦਾ ਨਤੀਜਾ ਸੋ ਫੀਸਦੀ ਰਿਹਾ।

ਜਿਸ ਵਿੱਚ ਸੋਨਮ ਨੇ 600 'ਚੋਂ 576 ਅੰਕ ਹਾਸਲ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਅਭਿਜੋਤ ਸਿੰਘ ਸਿੱਧੂ 600 ਵਿੱਚੋਂ 573 ਅੰਕ ਹਾਸਲ ਕਰਕੇ ਦੂਜਾ ਸਥਾਨ ਹਾਸਲ ਕੀਤਾ ਅਤੇ ਸਰੁਤੀ ਨੇ 600 ਵਿੱਚੋਂ 558 ਅੰਕ ਹਾਸਲ ਕਰਕੇ ਤੀਜਾ ਸਥਾਨ ਪ੍ਰਾਪਤ ਕਰਕੇ ਇਨ੍ਹਾਂ ਬੱਚਿਆਂ ਨੇ ਸਕੂਲ ਅਤੇ ਆਪਣੇ ਮਾਪਿਆਂ ਦਾ ਨਾਂਅ ਰੋਸ਼ਨ ਕੀਤਾ। ਸੁਮਨ ਪਾਠਕ ਤੇ ਅਮਨਦੀਪ ਪਾਠਕ ਨੇ ਸਕੂਲ ਦੇ ਸਟਾਫ ਤੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਮੁਬਾਰਕਾਂ ਦਿੱਤੀਆਂ। ਇਸ ਮੌਕੇ ਪੂਰਾ ਸਟਾਫ ਹਾਜ਼ਰ ਸੀ।

## ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਸਨੌਰਾ ਵਿਖੇ ਅੰਗਰੇਜ਼ੀ ਕਵਿਤਾ ਉਚਾਰਨ ਮੁਕਾਬਲੇ



**ਭੋਗਪੁਰ (ਕੁਲਵੀਰ ਸਿੰਘ ਕਾਹਲੋਂ)**- ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਸਨੌਰਾ ਵਿਖੇ ਅੰਗਰੇਜ਼ੀ ਕਵਿਤਾ ਉਚਾਰਨ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਜਮਾਤ ਪਹਿਲੀ ਤੇ ਦੂਜੀ ਦੇ ਕਵਿਤਾ ਉਚਾਰਨ ਮੁਕਾਬਲੇ ਕਰਵਾਏ ਗਏ। ਬੱਚਿਆਂ ਨੇ ਇਨ੍ਹਾਂ ਮੁਕਾਬਲਿਆਂ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ। ਇਸ ਮੁਕਾਬਲੇ ਵਿੱਚ ਪਹਿਲੇ ਨੰਬਰ 'ਤੇ ਚਰਨਜੋਤ ਕੌਰ, ਦੂਜਾ ਸਥਾਨ ਪ੍ਰਭਲੀਨ ਕੌਰ ਅਤੇ ਤੀਜਾ ਸਥਾਨ ਅਗਮਵੀਰ ਸਿੰਘ ਨੇ ਹਾਸਲ ਕੀਤਾ। ਉਪਰੰਤ ਬੱਚਿਆਂ ਵੱਲੋਂ ਮਜ਼ਦੂਰ ਦਿਵਸ ਨੂੰ ਦਰਸਾਉਂਦਾ ਹਿੰਦੀ ਨਾਟਕ ਪੇਸ਼ ਕੀਤਾ ਗਿਆ। ਮੁਕਾਬਲਿਆਂ ਦੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਸਕੂਲ ਪ੍ਰਿੰਸੀਪਲ ਨਵਦੀਪ ਕੌਰ ਨੇ ਪ੍ਰੋਗਰਾਮ ਦੀ ਸਮਾਪਤੀ ਕੀਤੀ।

## ਭੋਗਪੁਰ ਸ਼ੂਗਰ ਮਿੱਲ 'ਚ ਗੰਨਾ ਵੇਚਣ ਵਾਲੇ ਕਿਸਾਨਾਂ ਨੂੰ ਲੱਗੀ ਪੈਨਲਟੀ ਮਾਫ

**ਭੋਗਪੁਰ,(ਕੁਲਵੀਰ ਸਿੰਘ ਕਾਹਲੋਂ)**-ਦੋਆਬਾ ਕਿਸਾਨ ਸੰਘਰਸ਼ ਕਮੇਟੀ ਦੇ ਲੰਬੇ ਸੰਘਰਸ਼ ਤੋਂ ਬਾਅਦ ਕਿਸਾਨਾਂ ਹੱਥ ਵੱਡੀ ਕਾਮਯਾਬੀ ਲੱਗੀ ਹੈ। ਭੋਗਪੁਰ ਸ਼ੂਗਰ ਮਿੱਲ ਵਿਖੇ ਗੰਨਾ ਵੇਚਣ ਵਾਲੇ ਕਿਸਾਨਾਂ ਉਪਰ ਜੋ ਪੈਨਲਟੀ ਲੱਗੀ ਸੀ ਉਹ ਮਾਫ ਕਰ ਦਿੱਤੀ ਗਈ ਹੈ ਤੇ ਪੈਨਲਟੀ ਹੁਣ ਮਿੱਲ ਦੇ ਖਾਤੇ 'ਚ ਆ ਗਈ ਹੈ ਅਤੇ ਸੋਮਵਾਰ ਤੱਕ ਕਿਸਾਨਾਂ ਦੇ ਬੈਂਕ ਖਾਤਿਆਂ 'ਚ ਆ ਜਾਵੇਗੀ। ਜੇਕਰ ਕਿਸੇ ਵੀ ਕਿਸਾਨ ਦੇ ਬੈਂਕ ਖਾਤੇ 'ਚ ਪੈਨਲਟੀ ਦੀ ਪੇਮੈਂਟ ਨਹੀਂ ਆਉਂਦੀ ਤਾਂ ਉਹ ਕਮੇਟੀ ਨਾਲ ਸੰਪਰਕ ਕਰ ਸਕਦਾ ਹੈ। ਸਾਰੇ ਕਿਸਾਨ ਵੀਰਾਂ ਨੂੰ ਇਹ ਬੇਨਤੀ ਹੈ ਕਿ ਜੋ ਅੱਗੇ ਤੋਂ ਵੀ ਇਸੇ ਤਰ੍ਹਾਂ ਇਕੱਠ ਬਣਾ ਕੇ ਰੱਖਾਂਗੇ ਤਾਂ ਹੋਰ ਵੀ ਕਈ ਵੱਡੇ ਮਸਲੇ ਸੁਲਝਾ ਸਕਦੇ ਹਾਂ ਅਤੇ ਸ਼ੂਗਰ ਮਿੱਲ ਦੀ ਮਾੜੀ ਕਾਰਗੁਜ਼ਾਰੀ ਨੂੰ ਸੋਧਿਆ ਜਾ ਸਕਦਾ ਹੈ।

## ਪ੍ਰਿੰਸੀਪਲ ਜਗਰੂਪ ਸਿੰਘ ਦੀ ਹਿੰਦੀ ਪੁਸਤਕ 'ਸੋਨਧਾਰਾ' ਰਿਲੀਜ਼



**ਜਲੰਧਰ (ਸ਼ੈਲੀ ਐਲਬਰਟ)**-ਮੇਹਰਚੰਦ ਪੋਲੀਟੈਕਨਿਕ ਕਾਲਜ ਜਲੰਧਰ ਦੇ ਪ੍ਰਿੰਸੀਪਲ ਡਾ. ਜਗਰੂਪ ਦੀ ਵਿਕਲਪਕ ਇਲਾਜ ਪ੍ਰਣਾਲੀ ਦੇ ਵਿਸ਼ੇ ਉਪਰ ਲਿਖੀ ਹਿੰਦੀ ਪੁਸਤਕ ਸੋਨਧਾਰਾ ਨੂੰ ਦਯਾਨੰਦ ਆਯੁਰਵੈਦਿਕ ਕਾਲਜ ਜਲੰਧਰ ਦੇ ਖਚਾਖਚ ਭਰੇ ਕਾਨਫਰੰਸ ਹਾਲ ਵਿੱਚ ਰਿਲੀਜ਼ ਕੀਤਾ ਗਿਆ । ਇਸ ਤੋਂ ਪਹਿਲਾਂ ਇਸੇ ਵਿਸ਼ੇ 'ਤੇ ਪੰਜਾਬੀ ਪੁਸਤਕ ਸੋਨਧਾਰਾ ਵੀ ਆ ਚੁੱਕੀ ਹੈ, ਜਿਸ ਨੂੰ ਪਾਠਕਾਂ ਵੱਲੋਂ ਬੇਹੱਦ ਭਰਵਾਂ ਹੁੰਗਾਰਾ ਮਿਲਿਆ ਸੀ । ਇਸ ਸਮਾਗਮ ਦੀ ਪ੍ਰਧਾਨਗੀ ਜੁਆਇੰਟ ਡਾਇਰੈਕਟਰ ਆਯੁਰਵੈਦਾ, ਚੰਡੀਗੜ੍ਹ, ਪੰਜਾਬ, ਡਾ. ਰਵੀ ਡੂਮਰਾ ਨੇ ਕੀਤੀ । ਕਾਲਜ ਪ੍ਰਿੰਸੀਪਲ ਡਾ. ਸੰਜੀਵ ਸੂਦ ਨੇ ਮੁੱਖ ਮਹਿਮਾਨ ਨੂੰ ਜੀ ਆਇਆਂ ਕਿਹਾ ਤੇ ਪੁਸਤਕ ਸੋਨਧਾਰਾ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾ ਕਿਹਾ ਕਿ ਇਹ ਪੁਸਤਕ ਸ਼ਿਵਾਂਬੂ ਕਲਪ ਵਿਧੀ ਨਾਲ ਸੰਬੰਧਤ ਹੈ, ਜਿਸ ਦਾ ਆਯੁਰਵੈਦ ਵਿੱਚ ਵਰਨਣ ਹੈ । ਮੁੱਖ ਮਹਿਮਾਨ ਡਾ. ਰਵੀ ਡੂਮਰਾ ਨੇ ਪ੍ਰਧਾਨਗੀ ਭਾਸ਼ਨ ਵਿੱਚ ਕਿਹਾ ਕਿ ਉਨ੍ਹਾ ਨੇ ਇਸ ਪੁਸਤਕ ਨੂੰ ਕਈ ਵਾਰ ਪੜ੍ਹਿਆ ਹੈ ਤੇ ਡਾ. ਜਗਰੂਪ ਸਿੰਘ ਦੀ ਕਲਮ ਨੇ ਉਨ੍ਹਾ ਨੂੰ ਪ੍ਰਭਾਵਿਤ ਕੀਤਾ ਹੈ। ਇਕ ਬੇਹੱਦ ਗੰਭੀਰ ਅਤੇ ਘਟ ਜਾਣੇ ਜਾਂਦੇ ਵਿਸ਼ੇ ਨੂੰ ਬਹੁਤ ਹੀ ਸਰਲ ਭਾਸ਼ਾ ਵਿਚ ਪਰੋ ਕੇ ਇਕ ਪ੍ਰੇਰਨਾਦਾਇਕ ਕਹਾਣੀ ਦੇ ਰੂਪ ਵਿੱਚ ਲਿਖਣਾ ਇਸ ਪੁਸਤਕ ਦੀ ਪ੍ਰਾਪਤੀ ਹੈ । ਮੁੱਖ ਮਹਿਮਾਨ , ਪ੍ਰਿੰਸੀਪਲ ਸੰਜੀਵ ਸੂਦ ਅਤੇ ਹੋਰ ਮਹਿਮਾਨਾਂ ਨੇ ਡਾ. ਜਗਰੂਪ ਸਿੰਘ ਦੀ ਹਿੰਦੀ ਭਾਸ਼ਾ ਪੁਸਤਕ ਸੋਨਧਾਰਾ ਨੂੰ ਰਿਲੀਜ਼ ਕੀਤਾ । ਇਸ ਉਪਰੰਤ ਡਾ. ਜਗਰੂਪ ਸਿੰਘ ਨੇ ਪਾਵਰ ਪੁਆਇੰਟ ਸਲਾਈਡਾਂ ਦੀ ਮਦਦ ਨਾਲ ਪੁਸਤਕ ਸੋਨਧਾਰਾ ਵਿਚਲੇ ਤੱਥਾਂ ਦੀ ਵਿਗਿਆਨਕ ਢੰਗ ਨਾਲ ਵਿਆਖਿਆ ਕੀਤੀ। ਇਸ ਸਮਾਗਮ ਨੂੰ ਪ੍ਰੋ. ਪ੍ਰਭੂ ਦਯਾਲ ਅਤੇ ਨੀਮਾ ਪ੍ਰਧਾਨ ਡਾ. ਪਰਵਿੰਦਰ ਬਜਾਜ ਨੇ ਵੀ ਸੰਬੋਧਨ ਕੀਤਾ । ਇਸ ਮੌਕੇ ਪ੍ਰਿੰਸੀਪਲ ਵਿਜੇ ਕੁਮਾਰ, ਡਾ. ਅਨਿਲ ਨਾਗਰਥ, ਡਾ. ਅਸ਼ਵਨੀ, ਡਾ. ਵਿਕਾਸ ਸ਼ਰਮਾ, ਡਾ. ਸੰਜੇ ਬਾਂਸਲ, ਡਾ. ਸੁਮਨ ਏਰੀ ਹਾਜ਼ਰ ਸਨ । ਇਸ ਸਮੁੱਚੇ ਸਮਾਗਮ ਦਾ ਮੰਚ ਸੰਚਾਲਨ ਡਾ. ਗਗਨ ਠਾਕੁਰ ਨੇ ਕੀਤਾ । ਇਸ ਪੁਸਤਕ ਨੂੰ ਈਗਲ ਪ੍ਰਕਾਸ਼ਨ ਜਲੰਧਰ ਨੇ ਛਾਪਿਆ ਹੈ ਤੇ ਇਸ ਦੀ ਕੀਮਤ 160 ਰੁਪਏ ਹੈ ।

## ਮੂਸੇਵਾਲਾ ਦੇ ਮਾਤਾ-ਪਿਤਾ ਵੱਲੋਂ 'ਆਪ' ਦਾ ਵਿਰੋਧ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**-ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਆਪਣੇ ਪੁੱਤਰ ਦੇ ਕਤਲ ਦੇ ਦਰਦ ਨੂੰ ਲੈ ਕੇ ਜਲੰਧਰ ਲੋਕ ਸਭਾ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਖਿਲਾਫ ਮੋਰਚਾ ਖੋਲ੍ਹ ਦਿੱਤਾ ਹੈ। ਉਹ ਆਪਣੇ ਕਾਫਲੇ ਨਾਲ ਭੋਗਪੁਰ ਪੁੱਜੇ ਤਾਂ ਉਹਨਾਂ ਭੋਗਪੁਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਮ ਆਦਮੀ ਪਾਰਟੀ ਨੂੰ ਵੋਟ ਦੇਣ ਦੀ ਬਜਾਏ ਕਿਸੇ ਹੋਰ ਪਾਰਟੀ ਨੂੰ ਵੋਟ ਪਾਉਣ। ਮੂਸੇਵਾਲਾ ਦੇ ਪਿਤਾ ਸਿਰਫ 'ਆਪ' ਦਾ ਵਿਰੋਧ ਕਰ ਰਹੇ ਹਨ, ਉਨ੍ਹਾਂ ਨੇ ਕਿਸੇ ਵਿਸ਼ੇਸ਼ ਸਿਆਸੀ ਪਾਰਟੀ ਨੂੰ ਵੋਟ ਪਾਉਣ ਲਈ ਪ੍ਰਚਾਰ ਨਹੀਂ ਕੀਤਾ। ਉਹਨਾਂ ਕਿਹਾ ਕਿ ਜੇਕਰ ਤੁਹਾਨੂੰ ਕੋਈ ਵੀ ਪਾਰਟੀ ਪਸੰਦ ਨਹੀਂ ਤਾਂ ਨੋਟਾ ਦਾ ਬਟਨ ਦਬਾ ਦਿੱਤਾ ਜਾਵੇ। ਪਰ ਆਮ ਆਦਮੀ ਪਾਰਟੀ ਨੂੰ ਵੋਟ ਨਾ ਪਾਈ ਜਾਵੇ। ਮੂਸੇਵਾਲਾ ਦੇ ਮਾਤਾ ਨੇ ਆਪਣੇ ਸਾਢੇ ਛੇ ਫੁੱਟ ਦੇ ਪੁੱਤ ਦਾ ਵਾਸਤਾ ਦਿੰਦੇ ਕਿਹਾ ਕਿ ਸਿੱਧੂ ਮੂਸੇਵਾਲਾ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ ਜੇ ਤੁਸੀਂ ਆਮ ਪਾਰਟੀ ਨੂੰ ਚਲਦਾ ਕਰੋਗੇ। ਸਿੱਧੂ ਮੂਸੇਵਾਲਾ ਦੇ ਮਾਤਾ ਪਿਤਾ ਨੇ ਭੋਗਪੁਰ ਵਾਸੀਆਂ ਤੋਂ ਇਹ ਉਮੀਦ ਰੱਖੀ ਕਿ ਸਾਡੀ ਝੋਲੀ ਤੁਸੀਂ ਖੈਰ ਪਾਉਗੇ ਅਤੇ ਇਹਨਾਂ ਨੂੰ ਵੀ ਪਤਾ ਲੱਗ ਜਾਊ ਕਿ ਸਰਕਾਰਾਂ ਕਿਵੇਂ ਚਲਾਈ ਦੀਆਂ। ਮੂਸੇਵਾਲਾ ਦੇ ਮਾਤਾ ਪਿਤਾ ਅਤੇ ਸਮੂਹ ਕਾਫਲੇ ਦਾ ਬੋਲੀਨਾ ਪੰਪ ਬਿਨਪਾਲਕੇ, ਲਾਧੜੇ, ਗੁਰਦੀਪ ਸਿੰਘ ਸਿੱਧੂ ਪਿੰਡ ਚੱਕ ਝੰਡੂ, ਦਰਾਵਾਂ, ਮਨਸੂਰਪੁਰ ਬਡਾਲਾ, ਡੀਂਗਰੀਆਂ, ਆਦਮਪੁਰ, ਜੰਡੂ ਸਿੰਘਾ, ਰਾਮਾਂ ਮੰਡੀ ਨੇ ਭਰਵਾਂ ਸਵਾਗਤ ਕਰਦੇ ਹੋਏ ਕਿਹਾ ਕਿ ਅਸੀਂ ਸਾਰੇ ਆਪ ਜੀ ਦਾ ਸਹਿਯੋਗ ਦੇਵਾਂਗੇ।

## ਚਾਹੜਕੇ 'ਚ ਕਰਮਜੀਤ ਕੌਰ ਚੌਧਰੀ ਦੇ ਹੱਕ 'ਚ ਭਰਵੀਂ ਚੋਣ ਮੀਟਿੰਗ



**ਭੋਗਪੁਰ, (ਗੁਰਪ੍ਰੀਤ ਸਿੰਘ ਭੋਗਲ)**- ਵਿਧਾਨ ਸਭਾ ਹਲਕਾ ਕਰਤਾਰਪੁਰ ਦੇ ਪਿੰਡ ਚਾਹੜਕੇ ਵਿਖੇ ਕਾਂਗਰਸ ਪਾਰਟੀ ਦੀ ਉਮੀਦਵਾਰ ਬੀਬੀ ਕਰਮਜੀਤ ਕੌਰ ਚੌਧਰੀ ਦੇ ਹੱਕ ਵਿੱਚ ਬੀਬੀ ਪ੍ਰਿਤਪਾਲ ਕੌਰ ਮਝੈਲ ਅਤੇ ਯੂਥ ਆਗੂ ਮਨਦੀਪ ਸਿੰਘ ਮੰਨਾ ਚਾਹੜਕੇ ਦੀ ਅਗਵਾਈ 'ਚ ਇਕ ਭਰਵੀਂ ਚੋਣ ਮੀਟਿੰਗ ਕੀਤੀ ਗਈ। ਮੀਟਿੰਗ ਨੂੰ ਸਾਬਕਾ ਵਿਧਾਇਕ ਕਮਲਜੀਤ ਲਾਲੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਤੁਹਾਡੀਆਂ ਵੋਟਾਂ ਦੀ ਅਸਲੀ ਹੱਕਦਾਰ ਬੀਬੀ ਕਰਮਜੀਤ ਕੌਰ ਚੌਧਰੀ ਹੀ ਹਨ ਕਿਉਂਕਿ ਇਸ ਸੀਟ ਤੋਂ ਬੀਬੀ ਚੌਧਰੀ ਦੇ ਸਤਿਕਾਰਯੋਗ ਪਤੀ ਸਵਰਗੀ ਸੰਤੋਖ ਸਿੰਘ ਚੌਧਰੀ ਹੀ ਕਾਂਗਰਸ ਪਾਰਟੀ ਦੇ ਮੌਜੂਦਾ ਲੋਕ ਸਭਾ ਮੈਂਬਰ ਸਨ, ਜਿਨ੍ਹਾਂ ਦਾ ਅਚਾਨਕ ਦੇਹਾਂਤ ਹੋਣ 'ਤੇ ਇਹ ਉਪ ਚੋਣ ਕਰਵਾਈ ਜਾ ਰਹੀ ਹੈ। ਇਸ ਮੌਕੇ ਯੂਥ ਆਗੂ ਮਨਦੀਪ ਸਿੰਘ ਮੰਨਾ ਚਾਹੜਕੇ ਨੇ ਯਕੀਨ ਦਿਵਾਇਆ ਕਿ ਬੀਬੀ ਕਰਮਜੀਤ ਕੌਰ ਨੂੰ ਵੱਧ ਤੋਂ ਵੱਧ ਵੋਟਾਂ ਪਾ ਕੇ ਸ਼ਾਨਦਾਰ ਜਿੱਤ ਦਿਵਾਈ ਜਾਵੇਗੀ। ਇਸ ਮੌਕੇ ਇੰਦਰਜੀਤ ਸਿੰਘ ਰੰਧਾਵਾ, ਅਮਰਜੀਤ ਸਿੰਘ ਕੰਗ, ਸੁਰਿੰਦਰ ਸ਼ਿੰਦਾ, ਕਾਲਾ ਜਲੋਵਾਲ, ਬੰਤ ਸਿੰਘ, ਰਾਮ ਲੁਭਾਇਆ, ਹਰਦੇਵ ਸਿੰਘ, ਮਹਿੰਗਾ ਸਿੰਘ, ਮੁਖਤਿਆਰ ਸਿੰਘ, ਦਲਜੀਤ ਸਿੰਘ, ਚਰਨਜੀਤ ਕੌਰ, ਸਤਨਾਮ ਸਿੰਘ, ਗੁਰਨਾਮ ਸਿੰਘ, ਚਰਨਜੀਤ ਸਿੰਘ, ਪਰਮਜੀਤ ਸਿੰਘ ਆਦਿ ਮੌਜੂਦ ਸਨ।

## ਰਾਮਪੁਰ ਸੁੰਨੜਾ ਦਾ ਸਾਲਾਨਾ ਜੋੜ ਮੇਲਾ 20 ਨੂੰ

**ਫਗਵਾੜਾ ( ਡਾ. ਰਮਨ )** ਦਾਤਾ ਅਲੀ ਅਕਬਰ ਸ਼ਾਹ ਜੀ ਕਾਦਰੀ ਦੇ ਦਰਬਾਰ ਪਿੰਡ ਰਾਮਪੁਰ ਸੁੰਨੜਾ ਤਹਿਸੀਲ ਫਗਵਾੜਾ ਵਿਖੇ ਸਾਲਾਨਾ ਜੋੜ ਮੇਲਾ 20 ਮਈ ਨੂੰ ਕਰਵਾਇਆ ਜਾ ਰਿਹਾ ਹੈ। ਮੁੱਖ ਸੇਵਾਦਾਰ ਸੁਰਿੰਦਰ ਸਿੰਘ ਮਾਣਾ ਨੇ ਦੱਸਿਆ ਕਿ ਸਵੇਰੇ ਝੰਡੇ, ਚਾਦਰ ਤੇ ਚਰਾਗ਼ ਦੀ ਰਸਮ ਉਪਰੰਤ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਜਾਵੇਗੀ। ਜਿਸ ਤੋਂ ਬਾਅਦ ਪ੍ਰਸਿੱਧ ਕਵਾਲ ਤੇ ਨੱਕਾਲ ਪਾਰਟੀਆਂ ਆਪਣੇ ਫਨ ਦਾ ਮੁਜਾਹਰਾ ਕਰਨਗੀਆਂ। ਚਾਹ, ਪਕੌੜੇ, ਠੰਡੇ ਮਿੱਠੇ ਜਲ ਅਤੇ ਲੰਗਰ ਦੀ ਸੇਵਾ ਅਤੁੱਟ ਵਰਤਾਈ ਜਾਵੇਗੀ। ਇਸ ਮੌਕੇ ਪਰਮਜੀਤ ਸਿੰਘ ਚਾਹਲ, ਮੋਹਨ ਸਿੰਘ ਧੁੱਗਾ, ਸੁਖਦੇਵ ਰਾਮ ਗੋਸ਼ਾ, ਹਰਨੇਕ ਸਿੰਘ, ਤਜਿੰਦਰ ਸਿੰਘ, ਰਵੀ, ਗੱਗੀ, ਗੁਰਦੀਪ ਸਿੰਘ, ਹਰਪ੍ਰੀਤ ਹੈਪੀ, ਪਰਮਜੀਤ ਕਰਮੂ, ਰਵੀ ਧੁੱਗਾ, ਕੁਲਵਿੰਦਰ ਸਿੰਘ ਪੱਪੀ, ਹਰਜਿੰਦਰ ਸਿੰਘ ਬੱਬੂ, ਕਸ਼ਮੀਰ ਸਿੰਘ ਭਮਰਾ, ਬੂਟਾ ਸਿੰਘ ਧੁੱਗਾ, ਸੋਨੂੰ ਧੁੱਗਾ, ਗੁਰਵਿੰਦਰ ਧੁੱਗਾ, ਰਾਜੂ, ਸੁਖਦੇਵ ਸਿੰਘ ਦੇਬੀ, ਗੁਰਮੀਤ ਸਿੰਘ, ਤਰਸੇਮ ਸਿੰਘ ਧੁੱਗਾ, ਜਸਪਾਲ ਕਾਲਾ, ਅਮਰਜੀਤ ਸਿੰਘ ਧੁੱਗਾ, ਬਿੱਲਾ ਸਕੱਤਰ, ਮਨਜਿੰਦਰ ਸਿੰਘ ਕਾਲਾ, ਸੁਖਵਿੰਦਰ ਸਿੰਘ ਕਾਡੂ, ਸੁਰਜੀਤ ਸਿੰਘ ਚਾਹਲ, ਫਕੀਰ ਸਿੰਘ ਕਾਲਾ, ਜਸਬੀਰ ਸਿੰਘ ਡਾਰੀ ਆਦਿ ਹਾਜ਼ਰ ਸਨ।

## ਹੁਸ਼ਿਆਰਪੁਰ ਦੇ ਖਿਡਾਰੀਆਂ ਨੇ ਏਸ਼ੀਅਨ ਜੁੱਡੋ/ਕੁਰਸ਼ ਚੈਂਪੀਅਨਸ਼ਿਪ ਜਿੱਤੀ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਹੁਸ਼ਿਆਰਪੁਰ ਲਈ ਇਹ ਬਹੁਤ ਖੁਸ਼ਕਿਸਮਤੀ ਵਾਲੀ ਗੱਲ ਹੈ ਕਿ ਹੁਸ਼ਿਆਰਪੁਰ ਦੇ ਦੋ ਖਿਡਾਰੀਆਂ ਨੇ ਚੀਨ ਵਿੱਚ ਹੋਈ ਸੀਨੀਅਰ ਏਸ਼ੀਅਨ ਕੁਰਸ਼ ਚੈਂਪੀਅਨਸ਼ਿਪ ਜਿੱਤੀ ਹੈ। ਜਿਸ ਵਿੱਚ ਸਾਡੇ ਸ਼ਹਿਰ ਦੇ ਖਿਡਾਰੀਆਂ ਨੇ ਮੈਡਲ ਜਿੱਤੇ। ਜਿਸ ਵਿੱਚ ਓਮ ਰਤਨਾ ਨੇ 60 ਕਿਲੋ ਵਰਗ ਵਿੱਚ ਅਤੇ ਅਕਸ਼ਿਤਾ ਸ਼ਰਮਾ ਨੇ 63 ਕਿਲੋ ਵਰਗ ਵਿੱਚ ਦੋ ਕਾਂਸੀ ਦੇ ਤਗਮੇ ਜਿੱਤੇ। ਉਨ੍ਹਾਂ ਨਾਲ ਜੁੱਡੋ/ਕੁਰਸ਼ ਕੋਚ ਵਿਸ਼ਾਲ ਸ਼ਰਮਾ ਅਤੇ ਜੂਨੀਅਰ ਰਾਸ਼ਟਰੀ ਤਗਮਾ ਜੇਤੂ ਅਜੈ ਸ਼ਰਮਾ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

## ਫਰੀਡਮ ਫਾਈਟਰ ਪਾਰਟੀ ਦਾ ਵਫ਼ਦ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਨੂੰ ਮਿਲਿਆ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਫਰੀਡਮ ਫਾਈਟਰ ਪਾਰਟੀ ਜ਼ਿਲ੍ਹਾ ਹੁਸ਼ਿਆਰਪੁਰ ਦੇ ਵਫ਼ਦ ਨੇ ਜ਼ਿਲ੍ਹਾ ਪ੍ਰਧਾਨ ਹੀਰਾ ਪੁਰੀ ਦੀ ਅਗਵਾਈ ਹੇਠ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਕੋਮਲ ਮਿੱਤਲ ਨਾਲ ਮੁਲਾਕਾਤ ਕੀਤੀ। ਇਸ ਵਫਦ ਵਿੱਚ ਬਲਾਕ ਪ੍ਰਧਾਨ ਹਰਪਾਲ ਸਿੰਘ ਭਿੰਡਰ, ਜ਼ਿਲ੍ਹਾ ਸਕੱਤਰ ਬਲਦੇਵ ਸਿੰਘ, ਸਕੱਤਰ ਪ੍ਰਦੀਪ ਕੁਮਾਰ ਪਾਠਕ ਵੀ ਮੌਜੂਦ ਸਨ। ਇਸ ਮੌਕੇ ਫ਼ਰੀਡਮ ਫ਼ਾਈਟਰ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਹੀਰਾ ਪੁਰੀ ਨੇ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੂੰ ਆਪਣੀ ਪਾਰਟੀ ਦੀਆਂ ਸਰਗਰਮੀਆਂ ਅਤੇ ਪਾਰਟੀ ਦੀ ਕਾਰਜਸ਼ੈਲੀ ਬਾਰੇ ਜਾਣੂੰ ਕਰਵਾਉਂਦਿਆਂ ਦੱਸਿਆ ਕਿ ਆਜ਼ਾਦੀ ਘੁਲਾਟੀਆਂ ਨੇ ਦੇਸ਼ ਨੂੰ ਨਾ ਸਿਰਫ਼ ਆਜ਼ਾਦ ਕਰਵਾਉਣ ਸਗੋਂ ਇਸ ਆਜ਼ਾਦੀ ਨੂੰ ਬਰਕਰਾਰ ਰੱਖਣ ਵਿੱਚ ਭਰਪੂਰ ਯੋਗਦਾਨ ਦਿੱਤਾ ਹੈ ਪਰ ਇਸ ਦੇ ਬਾਵਜੂਦ ਆਜ਼ਾਦੀ ਘੁਲਾਟੀਆਂ ਨੂੰ ਬਣਦਾ ਮਾਣ ਸਨਮਾਨ ਨਹੀਂ ਦਿੱਤਾ ਜਾ ਰਿਹਾ। ਉਨ੍ਹਾਂ ਨੈਸ਼ਨਲ ਹਾਈਵੇਅ ਉੱਪਰ ਮਾਨਸਰ ਅਤੇ ਚੌਲਾਂਗ ਟੋਲ ਪਲਾਜ਼ਾ ਉੱਪਰ ਹੁੰਦੀ ਖੱਜਲ ਖੁਆਰੀ ਬਾਰੇ ਵੀ ਦੱਸਿਆ। ਡਿਪਟੀ ਕਮਿਸ਼ਨਰ ਨੇ ਯਕੀਨ ਦਿਵਾਇਆ ਕਿ ਆਜ਼ਾਦੀ ਘੁਲਾਟੀਆਂ ਦੀਆਂ ਮਸ਼ਕਲਾਂ ਦਾ ਹਰ ਸੰਭਵ ਹੱਲ ਕੀਤਾ ਜਾਵੇਗਾ ।

## ਆਮ ਆਦਮੀ ਪਾਰਟੀ ਨੂੰ ਸਬਕ ਸਿਖਾਉਣਗੇ ਜਲੰਧਰ ਦੇ ਸੂਝਵਾਨ ਵੋਟਰ : ਖੇੜੀ

**ਬਿਲਗਾ (ਵਿਜੇ ਕੁਮਾਰ)**-ਨਗਰ ਬਿਲਗਾ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਦੁਰਾਨ ਐਡਵੋਕੇਟ ਜਸਵੀਰ ਸਿੰਘ ਖੇੜੀ ਨੇ ਕਿਹਾ ਕਿ ਝੂਠੇ ਵਾਅਦੇ ਕਰਨ ਵਾਲੇ ਆਮ ਆਦਮੀ ਪਾਰਟੀ ਅਤੇ ਭਾਰਤੀ ਜਨਤਾ ਪਾਰਟੀ ਨੂੰ ਸਬਕ ਸਿਖਾਉਣ ਲਈ ਜਲੰਧਰ ਦੇ ਸੂਝਵਾਨ ਵੋਟਰ ਜਲੰਧਰ ਦੀ ਜ਼ਿਮਨੀ ਚੋਣ ਕਾਂਗਰਸ ਪਾਰਟੀ ਦੀ ਝੋਲੀ ਪਾਉਣਗੇ। ਉਨ੍ਹਾ ਕਿਹਾ ਕਿ ਆਮ ਆਦਮੀ ਪਾਰਟੀ ਭਾਰਤੀ ਜਨਤਾ ਪਾਰਟੀ ਦੀ ਬੀ ਟੀਮ ਸਾਬਤ ਹੋਈ ਹੈ ਕਿਉਂਕਿ ਭਾਰਤੀ ਜਨਤਾ ਪਾਰਟੀ ਨੇ ਵੀ ਪਿਛਲੇ ਨੌਂ ਸਾਲਾਂ ਵਿੱਚ ਝੂਠੇ ਵਾਅਦਿਆਂ ਤੋਂ ਬਿਨਾਂ ਕੁਝ ਨਹੀਂ ਕੀਤਾ ਅਤੇ ਆਪ ਪਾਰਟੀ ਵੀ ਉਨ੍ਹਾਂ ਦੇ ਪਾਏ ਕਦਮਾਂ 'ਤੇ ਚੱਲ ਰਹੀ ਹੈ। ਨਰਿੰਦਰ ਮੋਦੀ ਦੀ ਹਰ ਗੱਲ ਵਿੱਚ ਹਾਂ ਵਿੱਚ ਹਾਂ ਭਰਦੀ ਆ ਰਹੀ ਹੈ। ਉਨ੍ਹਾਂ ਕਿਹਾ ਕਿ ਸਿੱਧੂ ਮੂਸੇ ਵਾਲੇ ਦਾ ਕਤਲ, ਸੰਦੀਪ ਅੰਬੀਆਂ ਦਾ ਭਰੇ ਖੇਡ ਗਰਾਊਂਡ ਵਿੱਚ ਗੈਂਗਸਟਰਾਂ ਵੱਲੋਂ ਕਤਲ ਅਤੇ ਦਿਨ ਦਿਹਾੜੇ ਦੁਕਾਨਾਂ ਲੁੱਟਣਾ, ਮਾਵਾਂ ਭੈਣਾਂ ਦੇ ਗਲੇ ਦੀਆਂ ਚੈਨੀਆਂ ਅਤੇ ਕੰਨਾਂ ਵਿੱਚੋਂ ਵਾਲੀਆਂ ਲਾਹ ਕੇ ਲੈ ਜਾਣੀਆਂ ਜੰਗਲ ਰਾਜ ਤੋਂ ਘੱਟ ਸਾਬਤ ਨਹੀਂ ਹੋ ਰਿਹਾ। ਉਨ੍ਹਾ ਕਿਹਾ ਕਿ ਇਨ੍ਹਾਂ ਦੇ ਮੰਤਰੀ ਜਿੱਥੇ ਭ੍ਰਿਸ਼ਟਾਚਾਰ ਦੀ ਭੇਟ ਚੜ੍ਹ ਰਹੇ ਹਨ ਓਥੇ ਅਸ਼ਲੀਲ ਹਰਕਤਾਂ ਵਿੱਚ ਵੀ ਪੰਜਾਬ ਦਾ ਨਾਂਅ ਬਦਨਾਮ ਕਰ ਰਹੇ ਹਨ। ਇਨ੍ਹਾਂ ਸਾਰੀਆਂ ਘਟਨਾਵਾਂ ਨੂੰ ਦੇਖਦੇ ਹੋਏ ਲੋਕ ਜਲੰਧਰ ਦੀ ਹੋ ਰਹੀ ਜ਼ਿਮਨੀ ਚੋਣ ਵਿੱਚ ਪੰਜੇ 'ਤੇ ਮੋਹਰਾਂ ਲਗਾ ਕੇ ਜਿੱਤ ਕਾਂਗਰਸ ਪਾਰਟੀ ਦੀ ਝੋਲੀ ਪਾਉਣਗੇ।

## ਵਡਾਲਾ ਤੇ ਗੜ੍ਹੀ ਵੱਲੋਂ ਡਾਕਟਰ ਸੁੱਖੀ ਦੇ ਹੱਕ 'ਚ ਮੀਟਿੰਗਾਂ

**ਨੂਰਮਹਿਲ ( ਬਾਲ ਕ੍ਰਿਸ਼ਨ ਬਾਲੀ )**- ਹਲਕਾ ਨਕੋਦਰ ਦੇ ਵੱਖ ਵੱਖ ਪਿੰਡਾਂ ਅਤੇ ਸ਼ਹਿਰਾਂ ਦੇ ਦੌਰੇ ਤਹਿਤ ਸਾਬਕਾ ਵਿਧਾਇਕ, ਜ਼ਿਲ੍ਹਾ ਪ੍ਰਧਾਨ ਗੁਰਪ੍ਰਤਾਪ ਸਿੰਘ ਵਡਾਲਾ ਦੀ ਅਗਵਾਈ ਹੇਠ ਜ਼ਿਮਨੀ ਚੋਣ 'ਚ ਸ਼੍ਰੋਮਣੀ ਅਕਾਲੀ ਦਲ ਤੇ ਬਹੁਜਨ ਸਮਾਜ ਪਾਰਟੀ ਦੇ ਸਾਂਝੇ ਉਮੀਦਵਾਰ ਡਾ. ਸੁਖਵਿੰਦਰ ਕੁਮਾਰ ਸੁੱਖੀ ਦੇ ਹੱਕ ਵਿੱਚ ਵੱਖ-ਵੱਖ ਪਿੰਡਾਂ ਅਤੇ ਸ਼ਹਿਰਾਂ ਤਹਿਤ ਭਰਵੀਆਂ ਮੀਟਿੰਗਾਂ ਕੀਤੀਆਂ ਗਈਆਂ, ਜਿਸ ਵਿਚ ਮੁੱਖ ਤੌਰ 'ਤੇ ਜਸਵੀਰ ਸਿੰਘ ਗੜ੍ਹੀ ਪੰਜਾਬ ਪ੍ਰਧਾਨ ਬਹੁਜਨ ਸਮਾਜ ਪਾਰਟੀ, ਸਾਬਕਾ ਵਿਧਾਇਕ ਇਕਬਾਲ ਸਿੰਘ ਝੂੰਦਾ ਅਤੇ ਸਾਬਕਾ ਵਿਧਾਇਕ ਦਿਲਰਾਜ ਸਿੰਘ ਭੂੰਦੜ, ਗੁਰਮੇਲ ਚੁੰਬਰ ਜਨਰਲ ਸੈਕਟਰੀ ਪੰਜਾਬ ਬਹੁਜਨ ਸਮਾਜ ਪਾਰਟੀ, ਜਗਦੀਸ਼ ਸ਼ੇਰਪੁਰੀ ਜ਼ਿਲ੍ਹਾ ਪ੍ਰਧਾਨ ਬਹੁਜਨ ਸਮਾਜ ਪਾਰਟੀ, ਕਸ਼ਮੀਰੀ ਲਾਲ ਸਰਪੰਚ ਸੰਘੇ ਜਗੀਰ, ਦੇਵਰਾਜ ਸੁਮਨ ਪ੍ਰਧਾਨ ਵਿਧਾਨ ਸਭਾ, ਸੰਜੂ ਸ਼ਰਮਾ ਯੂਥ ਅਕਾਲੀ ਦਲ ਕੋਰ ਕਮੇਟੀ ਪੰਜਾਬ ਅਤੇ ਸੁਰਿੰਦਰ ਸ਼ਰਮਾ ਸਾਬਕਾ ਐਮ ਸੀ ਨੂਰਮਹਿਲ ਅਤੇ ਅਨਿਸ਼ ਪਾਸੀ ਆਈ ਟੀ ਵਿੰਗ ਪ੍ਰਧਾਨ ਨੂਰਮਹਿਲ, ਵਲੈਤੀ ਰਾਮ ਐਮ ਸੀ ਨੂਰਮਹਿਲ, ਦੀਪਾ ਸ਼ਹਿਰੀ ਪ੍ਰਧਾਨ, ਦਲਵੀਰ ਕੱਦੋ ਐਮ ਸੀ ਬਿਲਗਾ, ਜਗਦੀਸ਼ ਕਲੇਰ ਪ੍ਰਧਾਨ ਵਿਧਾਨ ਸਭਾ, ਡਾ. ਦਵਿੰਦਰ ਜੱਖੂ, ਮੰਗਤ ਸਿੰਘ ਇੰਚਾਰਜ ਵਿਧਾਨ ਸਭਾ, ਸੁਰਤੇਜ ਸਿੰਘ ਬਾਸੀ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ, ਗੁਰਨਾਮ ਸਿੰਘ ਕੰਧੋਲਾ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ, ਸੁਖਦੇਵ ਸਿੰਘ ਗੋਹੀਰ ਸਰਕਲ ਪ੍ਰਧਾਨ, ਬਲਵੀਰ ਬਾਲੀ ਐਮ ਸੀ ਨੂਰਮਹਿਲ, ਵਿਨੋਦ ਜੱਸਲ ਐਮ ਸੀ ਨੂਰਮਹਿਲ, ਰਾਜਾ ਮਿਸਰ ਐਮ ਸੀ ਨੂਰਮਹਿਲ, ਨੰਦ ਕਿਸ਼ੋਰ ਗਿੱਲ ਐਮ ਸੀ ਨੂਰਮਹਿਲ, ਅਵਤਾਰ ਸਿੰਘ ਲਾਲ ਕੋਠੀ ਨੂਰਮਹਿਲ, ਕਾਲੀ ਨੂਰਮਹਿਲ, ਰਾਮ ਮੂਰਤੀ, ਜਸਵੀਰ ਸਿੰਘ, ਪ੍ਰਭ ਯੂਥ ਆਗੂ ਆਦਿ ਅਹੁਦੇਦਾਰ ਸਹਿਬਾਨ ਅਤੇ ਵਰਕਰ ਸਹਿਬਾਨ ਹਾਜ਼ਰ ਸਨ ਅਤੇ ਹੋਰ ਸੀਨੀਅਰ ਆਗੂ ਇਸ ਮੁਹਿੰਮ ਵਿਚ ਕੁੱਦੇ ਹੋਏ ਹਨ। ਨੂਰਮਹਿਲ ਸ਼ਹਿਰ, ਹਲਕਾ ਨਕੋਦਰ ਕੁਝ ਇਨ੍ਹਾਂ ਵੱਖ ਵੱਖ ਪਿੰਡਾਂ ਅਤੇ ਸ਼ਹਿਰਾਂ ਦੇ ਅਹੁਦੇਦਾਰ ਸਹਿਬਾਨਾਂ ਅਤੇ ਵਰਕਰ ਸਹਿਬਾਨਾਂ ਨਾਲ ਜਲੰਧਰ ਦੀ ਉਪ ਚੋਣ ਦੇ ਸੰਬੰਧ ਵਿਚ ਵਿਚਾਰ ਵਟਾਂਦਰਾ ਕੀਤਾ ਗਿਆ। ਸ਼੍ਰੋਮਣੀ ਅਕਾਲੀ ਦਲ ਅਤੇ ਬਹੁਜਨ ਸਮਾਜ ਪਾਰਟੀ ਵੱਲੋਂ ਚੋਣ ਪ੍ਰਚਾਰ ਬੜੇ ਜ਼ੋਰਾਂ-ਸ਼ੋਰਾਂ ਨਾਲ ਸ਼ੁਰੂ ਹੋ ਚੁੱਕਾ ਹੈ। ਪਿੰਡਾਂ ਅਤੇ ਸ਼ਹਿਰਾਂ ਦੇ ਲੋਕਾਂ ਵੱਲੋਂ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਜਾ ਰਿਹਾ ਹੈ ।

## ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਨੇ ਮੁੱਖ ਮੰਤਰੀ ਦੇ ਓ ਐੱਸ ਡੀ ਨੂੰ ਮੰਗ ਪੱਤਰ ਸੌਂਪਿਆ

**ਤਲਵੜਾ, ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ, ਇਕਾਈ ਮੁਕੇਰੀਆਂ ਵੱਲੋਂ ਹਲਕਾ ਮੁਕੇਰੀਆਂ ਦੇ ਇਤਿਹਾਸਕ ਪਿੰਡ ਸਿੰਘਪੁਰ ਬਰਨਾਲਾ ਵਿਖੇ ਮੁੱਖ ਮੰਤਰੀ ਭਗਵੰਤ ਮਾਨ ਦੀ ਆਮਦ 'ਤੇ ਸੰਪੂਰਨ ਨੋਟੀਫਿਕੇਸ਼ਨ ਜ਼ਾਰੀ ਕਰਨ ਸਬੰਧੀ ਮੰਗ ਪੱਤਰ ਦਿੱਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੰਘਰਸ਼ ਕਮੇਟੀ ਦੇ ਬਲਾਕ ਪ੍ਰਧਾਨ ਰਜਤ ਮਹਾਜਨ ਅਤੇ ਜਨਰਲ ਸਕੱਤਰ ਸਤੀਸ਼ ਕੁਮਾਰ ਨੇ ਦੱਸਿਆ ਕਿ ਜਥੇਬੰਦੀ ਸਰਕਾਰ ਤੋਂ ਪੁਰਾਣੀ ਪੈਨਸ਼ਨ ਬਹਾਲੀ ਦਾ ਸੰਪੂਰਨ ਨੋਟੀਫਿਕੇਸ਼ਨ 1972 ਦੇ ਨਿਯਮਾਂ ਮੁਤਾਬਕ ਜ਼ਾਰੀ ਕਰਨ ਦੀ ਮੰਗ ਕਰ ਰਹੀ ਹੈ। ਉਨ੍ਹਾਂ ਦਾ ਮੰਗ ਪੱਤਰ ਮੁੱਖ ਮੰਤਰੀ ਸਾਹਿਬ ਦੇ ਓਐਸਡੀ ਸੁਖਬੀਰ ਸਿੰਘ ਨੇ ਪ੍ਰਾਪਤ ਕੀਤਾ, ਅਤੇ ਵਫ਼ਦ ਨੂੰ ਭਰੋਸਾ ਦਿਵਾਇਆ ਕਿ ਸਰਕਾਰ ਬਹੁਤ ਜ਼ਲਦ ਸੰਪੂਰਨ ਨੋਟੀਫਿਕੇਸ਼ਨ ਜ਼ਾਰੀ ਕਰਨ ਜਾ ਰਹੀ ਹੈ। ਮੁੱਖ ਮੰਤਰੀ ਭਗਵੰਤ ਮਾਨ ਇਸ ਮਸਲੇ 'ਤੇ ਗੰਭੀਰ ਹਨ ਅਤੇ ਜ਼ਲਦ ਹੀ ਮੁਲਾਜ਼ਮਾਂ ਦੀ ਚਿਰੌਕਣੀ ਮੰਗ ਨੂੰ ਪੂਰਾ ਕਰਨ ਲਈ ਯਤਨਸ਼ੀਲ ਹਨ। ਹੋਰਨਾਂ ਤੋਂ ਇਲਾਵਾ ਇਸ ਮੌਕੇ ਬਲਵਿੰਦਰ ਟਾਕ, ਬ੍ਰਿਜ ਮੋਹਨ, ਪਰਮਜੀਤ ਸਿੰਘ, ਰਾਜਦੀਪ ਸਿੰਘ, ਸਤਿੰਦਰ ਮੋਹਨ, ਵੈਸ਼ਨਵ ਕੁਮਾਰ ਆਦਿ ਹਾਜ਼ਰ ਸਨ। ਕੰਢੀ ਏਰੀਆ ਰੇਲਵੇ ਸੰਘਰਸ਼ ਕਮੇਟੀ ਬਲਾਕ ਤਲਵਾੜਾਵੱਲੋਂ ਜ਼ਮੀਨਾਂਦੇ ਵਾਜਬ ਰੇਟ ਦੇਣ ਦੀ ਮੰਗ ਨੂੰ ਲੈ ਕੇ ਓ ਐਸ ਡੀ ਸੁਖਬੀਰ ਸਿੰਘ ਰਾਹੀਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਮੰਗ ਪੱਤਰ ਸੌਂਪਿਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਰਪੰਚ ਦੀਪਕ ਕੁਮਾਰ, ਅਸ਼ਵਨੀ ਕੁਮਾਰ ਰਾਮਗੜਸੀਕਰੀ ਅਤੇ ਲੰਬੜਸੰਜੀਵ ਕੁਮਾਰ ਉਰਫ਼ ਬੱਲੂ ਨੇ ਦੱਸਿਆ ਕਿ ਸੰਘਰਸ਼ ਕਮੇਟੀ ਦੀਆਂ ਮੰਗਾਂ 'ਤੇ ਵਿਚਾਰ ਕਰਨ ਲਈ ਓਐਸਡੀ ਸੁਖਬੀਰ ਸਿੰਘ ਨੇ ਜ਼ਲਦ ਹੀ ਮੁੱਖ ਮੰਤਰੀ ਨਾਲ ਮੀਟਿੰਗ ਕਰਵਾਉਣ ਦਾ ਭਰੋਸਾ ਦਿੱਤਾ ਹੈ। ਹੋਰਨਾਂ ਤੋਂ ਇਲਾਵਾ ਇਸ ਮੌਕੇ ਸੁਸ਼ੀਲ ਕੌਸ਼ਲ, ਰਾਕੇਸ਼ ਸ਼ਰਮਾ, ਸਰਪੰਚ ਸੁਰੇਸ਼ ਠਾਕੁਰ ਆਦਿ ਹਾਜ਼ਰ ਸਨ।

## ਪਟਵਾਰੀ ਨੇ ਸੜਕਾਂ ਦੇ ਕੰਮਾਂ ਦੀ ਕੀਤੀ ਸ਼ੁਰੂਆਤ

**ਮੋਹਾਲੀ (ਗੁਰਜੀਤ ਬਿੱਲਾ)**-ਨਗਰ ਨਿਗਮ ਮੋਹਾਲੀ ਵੱਲੋਂ ਵਾਰਡ ਨੰਬਰ 34 ਸੈਕਟਰ 70 ਦੇ ਐਲ ਆਈ ਜੀ ਬਲਾਕ ਦੀਆਂ ਸੜਕਾਂ ਦਾ ਕੰਮ ਸ਼ੁਰੂ ਕੀਤਾ ਗਿਆ। ਵਾਰਡ ਦੇ ਕੌਂਸਲਰ ਸੁਖਦੇਵ ਸਿੰਘ ਪਟਵਾਰੀ ਨੇ ਦੱਸਿਆ ਕਿ ਇਸ ਵਾਰਡ ਦੀਆਂ ਸਾਰੀਆਂ ਅੰਦਰੂਨੀ ਸੜਕਾਂ 'ਤੇ ਪ੍ਰੀਮਿਕਸ ਪਾਉਣ ਦਾ ਕੰਮ ਸ਼ੁਰੂ ਹੋ ਗਿਆ ਹੈ। ਲਗਭਗ 50 ਲੱਖ ਰੁਪਏ ਨਾਲ ਅੰਦਰੂਨੀ ਸੜਕਾਂ ਅਤੇ 50 ਲੱਖ ਨਾਲ ਬੀ ਟਾਈਪ ਸੜਕਾਂ 'ਤੇ ਪ੍ਰੀਮਿਕਸ ਪਾਇਆ ਜਾਵੇਗੀ। ਉਨ੍ਹਾ ਕਿਹਾ ਕਿ ਮੰਡੀ ਕੰਪਲੈਕਸ ਦੇ ਨਾਲ ਬਣੀ ਮਾਰਕੀਟ ਵਿੱਚ ਵੀ ਪ੍ਰੀਮਿਕਸ ਪਾਇਆ ਜਾਵੇਗਾ। ਇਸ ਮੌਕੇ ਐਲ ਆਈ ਜੀ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਸੰਤੋਖ ਸਿੰਘ, ਸੀਨੀਅਰ ਮੀਤ ਪ੍ਰਧਾਨ ਦਲੀਪ ਸਿੰਘ, ਮਨਜੀਤ ਸਿੰਘ, ਡਾ. ਸੋਨੂ ਕੋਛੜ,ਅਸ਼ੋਕ ਕੁਮਾਰ ਨਗਰ ਨਿਗਮ ਦੇ ਜੇ ਈ ਤੇ ਬੀਬੀ ਅੰਮ੍ਰਿਤ ਕੌਰ ਸੰਮਤ ਹਰ ਸੱਜਣ ਵੀ ਸ਼ਾਮਲ ਸਨ। ਬੀਬੀ ਅੰਮ੍ਰਿਤ ਕੌਰ ਨੇ ਲੱਡੂ ਵੰਡ ਕੇ ਕੰਮ ਦੀ ਸ਼ੁਰੂਆਤ ਕਰਵਾਈ।

## ਸ਼ਹੀਦ ਹੋਏ ਫੌਜੀ ਜਵਾਨਾਂ ਨੂੰ ਕੀਤੀ ਸ਼ਰਧਾਂਜਲੀ ਭੇਟ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਡਿਫੈਂਸ ਵੈਟਰਨਜ਼ ਆਰਗੇਨਾਈਜ਼ੇਸ਼ਨ ਦੇ ਮੀਤ ਪ੍ਰਧਾਨ ਜਤਿੰਦਰ ਸਿੰਘ ਰਾਣਾ ਹੁਸ਼ਿਆਰਪੁਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਜੌਰੀ ਜੰਮੂ-ਕਸ਼ਮੀਰ ਦੇ ਇਲਾਕੇ ਦੀ ਘਟਨਾ ਬਾਰੇ ਦੱਸਿਆ ਕਿ ਰਜੌਰੀ ਜੰਮੂ-ਕਸ਼ਮੀਰ ਵਿਖੇ ਖਾੜਕੂ ਕਾਰਵਾਈ ਦੌਰਾਨ 5 ਅਸਲੀ ਨਾਇਕਾਂ ਦੀ ਸ਼ਹਾਦਤ ਦੀ ਘਟਨਾ ਬੇਹੱਦ ਦੁਖਦ ਅਤੇ ਮੰਦਭਾਗੀ ਹੈ। ਸਾਡੇ ਦੇਸ਼ ਦੇ 5 ਸਪੂਤ ਆਪਣੇ ਦੇਸ਼ ਦੀ ਚੌਕਸੀ ਕਰਦਿਆਂ ਸ਼ਹੀਦ ਹੋਏ ਹਨ। ਇਨ੍ਹਾਂ ਨੂੰ ਮੈਂ ਅਤੇ ਮੇਰੀ ਸਮੁੱਚੀ ਜਥੇਬੰਦੀ ਡਿਫੈਂਸ ਵੈਟਰਨਜ਼ ਆਰਗੇਨਾਈਜੇਸ਼ਨ ਪੰਜਾਬ ਦੇ ਅਹੁਦੇਦਾਰਾਂ ਵੱਲੋਂ ਸ਼ਰਧਾ ਦੇ ਫੁੱਲ ਭੇਟ ਕਰਦਾ ਹਾਂ।

## ਗੋਰਾ ਗੇਟ ਚੌਕ 'ਚ ਟੁੱਟੀ ਸੜਕ ਕਾਰਨ ਦੁਕਾਨਦਾਰ ਤੇ ਰਾਹਗੀਰ ਪ੍ਰੇਸ਼ਾਨ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਹੁਸ਼ਿਆਰਪੁਰ ਦੇ ਗੋਰਾ ਗੇਟ ਚੌਕ 'ਚ ਟੁੱਟੀ ਸੜਕ ਕਾਰਨ ਸੜਕ ਤੋਂ ਲੰਘਣ ਵਾਲੇ ਲੋਕਾਂ ਅਤੇ ਦੁਕਾਨਦਾਰਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਾਣਕਾਰੀ ਦਿੰਦਿਆਂ ਦੁਕਾਨਦਾਰ ਰਾਜੀਵ ਸ਼ਰਮਾ ਨੇ ਦੱਸਿਆ ਕਿ ਪਿਛਲੇ ਤਿੰਨ ਦਿਨਾਂ ਤੋਂ ਉਨ੍ਹਾਂ ਦੀ ਦੁਕਾਨ ਦੇ ਬਿਲਕੁਲ ਸਾਹਮਣੇ ਟੁੱਟੀ ਸੜਕ ਜੋ ਕਿ ਹੁਣ ਵੱਡੇ ਟੋਏ ਬਣ ਚੁੱਕੀ ਹੈ, ਜਿਸ ਕਾਰਨ ਉਨ੍ਹਾਂ ਦੀ ਦੁਕਾਨ ਦੇ ਅੰਦਰ ਚੱਲ ਰਿਹਾ ਉਸਾਰੀ ਦਾ ਕੰਮ ਵੀ ਪ੍ਰਭਾਵਿਤ ਹੋ ਰਿਹਾ ਹੈ। ਰਾਜੀਵ ਨੇ ਕਿਹਾ ਕਿ ਟੁੱਟੀ ਸੜਕ ਕਾਰਨ ਕੋਈ ਵੀ ਵੱਡਾ ਹਾਦਸਾ ਵਾਪਰ ਸਕਦਾ ਹੈ ਅਤੇ ਜੇਕਰ ਸੀਵਰੇਜ ਵੀ ਖਰਾਬ ਹੋ ਗਿਆ ਤਾਂ ਗੰਦੇ ਪਾਣੀ ਦੀ ਲੀਕੇਜ ਵੀ ਸ਼ੁਰੂ ਹੋ ਜਾਵੇਗੀ। ਇਸ ਮੌਕੇ ਸੁਦਰਸ਼ਨ ਸਿੰਘ ਬੇਦੀ, ਰਾਜੀਵ ਸ਼ਰਮਾ, ਸੁਸ਼ੀਲ ਕੈਂਥ, ਤਰੁਣ ਅਤੇ ਪ੍ਰਵੀਨ ਜੈਨ ਨੇ ਵੀ ਨਗਰ ਨਿਗਮ ਨੂੰ ਇਸ ਸਮੱਸਿਆ ਦਾ ਜਲਦੀ ਤੋਂ ਜਲਦੀ ਹੱਲ ਕਰਨ ਦੀ ਅਪੀਲ ਕੀਤੀ ਤਾਂ ਜੋ ਰਾਹਗੀਰਾਂ ਅਤੇ ਦੁਕਾਨਦਾਰਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

## ਸਰਕਾਰ ਪੱਤਰਕਾਰ ਭਾਵਨਾ ਕੁਮਾਰੀ ਵਿਰੁੱਧ ਦਰਜ ਕੇਸ ਵਾਪਸ ਲਵੇ : ਜੰਮੂ



**ਬਹਿਰਾਮ (ਅਵਤਾਰ ਕਲੇਰ)**-ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਨੇ 5 ਮਈ ਨੂੰ ਲੁਧਿਆਣਾ ਵਿਖੇ ਕਵਰੇਜ 'ਤੇ ਆਈ 'ਟਾਈਮਜ਼ ਨਾਓ' ਦੀ ਪੱਤਰਕਾਰ ਭਾਵਨਾ ਕੁਮਾਰੀ ਤੇ ਹੋਰਨਾਂ ਵਿਰੁੱਧ ਕੇਸ ਦਰਜ ਕਰਕੇ ਗ੍ਰਿਫ਼ਤਾਰ ਕੀਤੇ ਜਾਣ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਭਾਵਨਾ ਕੁਮਾਰੀ ਅਤੇ ਹੋਰਨਾਂ 'ਤੇ ਦਰਜ ਕੀਤਾ ਕੇਸ ਵਾਪਸ ਲਿਆ ਜਾਵੇ। ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੇ ਚੇਅਰਮੈਨ ਬਲਵਿੰਦਰ ਸਿੰਘ ਜੰਮੂ ਨੇ ਅੱਜ ਬੰਗਾ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿਹਾ ਕਿ ਭਾਵਨਾ ਕੁਮਾਰੀ 'ਆਪ' ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਲੁਧਿਆਣਾ ਵਿੱਚ ਮੁਹੱਲਾ ਕਲੀਨਿਕਾਂ ਦੇ ਉਦਘਾਟਨ ਨੂੰ ਕਵਰ ਕਰਨ ਲਈ ਲੁਧਿਆਣਾ ਆਈ ਸੀ। ਭਾਵਨਾ ਕੁਮਾਰੀ ਲੁਧਿਆਣਾ ਵਿੱਚ ਕਵਰੇਜ ਲਈ ਕਾਰ ਵਿੱਚ ਸਵਾਰ ਹੋ ਕੇ ਗਈ ਸੀ, ਜੇਕਰ ਇਸ ਦੌਰਾਨ ਉਨ੍ਹਾਂ ਦੀ ਕਾਰ ਦੀ ਟੱਕਰ ਹੋ ਗਈ ਤਾਂ ਇਸ ਵਿੱਚ ਪਿਛਲੇ ਬੈਠੇ ਵਿਅਕਤੀ ਦਾ ਕੋਈ ਦੋਸ਼ ਨਹੀਂ ਹੈ। ਉਸ ਉਪਰ ਕੀਤਾ ਨਜਾਇਜ਼ ਕੇਸ ਸਰਕਾਰ ਵਾਪਸ ਲਵੇ ਜੋ ਕਿ ਲੁਧਿਆਣਾ ਵਿਖੇ ਦਰਜ ਕੀਤਾ ਗਿਆ ਹੈ। ਉਧਰ ਪੁਲਸ ਕਮਿਸ਼ਨਰੇਟ ਵੱਲੋਂ ਜਾਰੀ ਕੀਤੇ ਪ੍ਰੈਸ ਰਿਲੀਜ਼ ਅਨੁਸਾਰ, ਉਕਤ ਵਿਅਕਤੀ ਨੇ ਸ਼ਿਕਾਇਤਕਰਤਾ ਦੀ ਜਾਤੀ ਵਿਰੁੱਧ ਕਥਿਤ ਤੌਰ 'ਤੇ ਅਪਮਾਨਜਨਕ ਭਾਸ਼ਾ ਦੀ ਵਰਤੋਂ ਕੀਤੀ ਸੀ, ਜਿਸ ਕਾਰਨ ਉਨ੍ਹਾਂ ਵਿਰੁੱਧ ਐਸ ਸੀ/ਐਸ ਟੀ ਐਕਟ ਵੀ ਲਗਾਇਆ ਗਿਆ ਹੈ। ਇਸ ਸੰਬੰਧੀ ਚੇਅਰਮੈਨ ਬਲਵਿੰਦਰ ਸਿੰਘ ਜੰਮੂ ਨੇ ਕਿਹਾ ਕਿ ਇਹ ਪ੍ਰੈੱਸ ਦੀ ਆਜ਼ਾਦੀ 'ਤੇ ਸ਼ਰੇਆਮ ਹਮਲਾ ਹੈ ਅਤੇ ਯੂਨੀਅਨ ਇਸ ਮੁੱਦੇ ਨੂੰ ਪੰਜਾਬ ਦੇ ਰਾਜਪਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਕੋਲ ਉਠਾਏਗੀ ਤਾਂ ਜੋ ਪੱਤਰਕਾਰ ਭਾਵਨਾ ਕੁਮਾਰੀ ਨੂੰ ਇਨਸਾਫ਼ ਦਿਵਾਇਆ ਜਾਵੇ। ਉਨ੍ਹਾਂ ਮੰਗ ਕੀਤੀ ਕਿ ਪ੍ਰੈੱਸ ਕੌਂਸਲ ਆਫ਼ ਇੰਡੀਆ ਦੇ ਚੇਅਰਪਰਸਨ ਇਸ ਘਟਨਾ ਦਾ ਖ਼ੁਦ ਨੋਟਿਸ ਲਵੇ। ਇਸ ਮੌਕੇ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਜੈ ਸਿੰਘ ਛਿੱਬਰ ਨੇ ਕਿਹਾ ਕਿ ਲੁਧਿਆਣਾ ਪੁਲਸ ਦੀ ਗ੍ਰਿਫਤਾਰੀ ਵੇਲੇ ਲੇਡੀ ਪੁਲਸ ਵੀ ਹਾਜ਼ਰ ਨਹੀਂ ਸੀ ਜੋ ਕਿ ਇਹ ਵੀ ਕਾਨੂੰਨ ਦੀ ਉਲੰਘਣਾ ਹੈ। ਇਸ ਮੌਕੇ ਬੰਗਾ ਸਬ ਡਵੀਜ਼ਨ ਦੇ ਚੇਅਰਮੈਨ ਹਰਮੇਸ਼ ਵਿਰਦੀ, ਸਕੱਤਰ ਜਨਰਲ ਨਵਕਾਂਤ ਭਰੋਮਜਾਰਾ ਅਤੇ ਕੁਲਦੀਪ ਸਿੰਘ ਪਾਬਲਾ ਵੀ ਹਾਜ਼ਰ ਸਨ।

## ਡੀ ਸੀ ਨੇ ਈ ਵੀ ਐਮਜ਼ ਸਟਰਾਂਗ ਰੂਮਜ਼ ਤੇ ਗਿਣਤੀ ਕੇਂਦਰਾਂ ਦੇ ਪ੍ਰਬੰਧਾਂ ਦਾ ਲਿਆ ਜਾਇਜ਼ਾ

**ਜਲੰਧਰ (ਸ਼ੈਲੀ ਐਲਬਰਟ)**- ਲੋਕ ਸਭਾ ਹਲਕੇ ਦੀ 10 ਮਈ ਨੂੰ ਹੋਣ ਜਾ ਰਹੀ ਜ਼ਿਮਨੀ ਚੋਣ ਉਪਰੰਤ ਈ.ਵੀ.ਐਮਜ਼ ਦੀ ਸਟੋਰੇਜ ਅਤੇ ਵੋਟਾਂ ਦੀ ਗਿਣਤੀ ਲਈ ਕੀਤੇ ਜਾ ਰਹੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਜਸਪ੍ਰੀਤ ਸਿੰਘ ਵੱਲੋਂ ਅੱਜ ਦਫ਼ਤਰ ਡਾਇਰੈਕਟਰ ਲੈਂਡ ਰਿਕਾਰਡ ਅਤੇ ਸਰਕਾਰੀ ਆਰਟਸ ਅਤੇ ਸਪੋਰਟਸ ਕਾਲਜ ਵਿਖੇ ਸਥਾਪਤ ਕੀਤੇ ਜਾ ਰਹੇ ਸਟਰਾਂਗ ਰੂਮਜ਼ ਅਤੇ ਗਿਣਤੀ ਕੇਂਦਰਾਂ ਦਾ ਦੌਰਾ ਕੀਤਾ ਗਿਆ । ਸਟਰਾਂਗ ਰੂਮਜ਼ ਅਤੇ ਗਿਣਤੀ ਕੇਂਦਰਾਂ ਲਈ ਕੀਤੇ ਜਾ ਰਹੇ ਪ੍ਰਬੰਧਾਂ ਦੀ ਸਮੀਖਿਆ ਕਰਦਿਆਂ ਜ਼ਿਲ੍ਹਾ ਚੋਣ ਅਫ਼ਸਰ ਨੇ ਮੌਕੇ 'ਤੇ ਮੌਜੂਦ ਸਹਾਇਕ ਰਿਟਰਨਿੰਗ ਅਫ਼ਸਰਾਂ, ਪੁਲਸ ਅਧਿਕਾਰੀਆਂ ਅਤੇ ਨੋਡਲ ਏਜੰਸੀਆਂ ਦੇ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ। ਉਨ੍ਹਾਂ ਦੱਸਿਆ ਕਿ ਵਿਧਾਨ ਸਭਾ ਹਲਕਾ 31-ਨਕੋਦਰ ਅਤੇ 35-ਜਲੰਧਰ ਕੇਂਦਰੀ ਲਈ ਈ.ਵੀ.ਐਮਜ਼. ਸਟਰਾਂਗ ਰੂਮ ਅਤੇ ਗਿਣਤੀ ਕੇਂਦਰ ਸਟੇਟ ਪਟਵਾਰ ਸਕੂਲ ਵਿਖੇ ਕ੍ਰਮਵਾਰ ਹਾਲ ਨੰ. 2 ਅਤੇ ਹਾਲ ਨੰ. 1 ਵਿੱਚ ਸਥਾਪਤ ਕੀਤੇ ਜਾਣਗੇ। 32-ਸ਼ਾਹਕੋਟ ਲਈ ਦਫ਼ਤਰ ਲੈਂਡ ਰਿਕਾਰਡਜ਼ ਦੇ ਗਰਾਊਂਡ ਫਲੋਰ ਵਿਖੇ ਹਾਲ ਵਿੱਚ ਅਤੇ 36-ਜਲੰਧਰ ਉੱਤਰੀ ਲਈ ਸਰਕਾਰੀ ਸਪੋਰਟਸ ਸਕੂਲ ਹੋਸਟਲ ਦੇ ਡਾਈਨਿੰਗ ਹਾਲ ਵਿਖੇ ਸਟਰਾਂਗ ਰੂਮ ਅਤੇ ਗਿਣਤੀ ਕੇਂਦਰ ਬਣਾਏ ਜਾਣਗੇ।ਇਸੇ ਤਰ੍ਹਾਂ 34-ਜਲੰਧਰ ਪੱਛਮੀ ਲਈ ਸਰਕਾਰੀ ਆਰਟਸ ਤੇ ਸਪੋਰਟਸ ਕਾਲਜ (ਪੁਰਾਣੀ ਬਿਲਡਿੰਗ), 30-ਫਿਲੌਰ ਲਈ ਸਰਕਾਰੀ ਆਰਟਸ ਤੇ ਸਪੋਰਟਸ ਕਾਲਜ ਦੇ ਮੈਸ ਹਾਲ ਅਤੇ 33-ਕਰਤਾਰਪੁਰ ਲਈ ਇਸੇ ਕਾਲਜ ਦੇ ਇਨਡੋਰ ਸਟੇਡੀਅਮ ਦੇ ਸੱਜੇ ਪਾਸੇ ਵਾਲੇ ਹਾਲ ਵਿਖੇ ਸਟਰਾਂਗ ਰੂਮ ਅਤੇ ਗਿਣਤੀ ਕੇਂਦਰ ਬਣਾਏ ਜਾਣਗੇ। ਇਸ ਤੋਂ ਇਲਾਵਾ 37-ਜਲੰਧਰ ਛਾਉਣੀ ਲਈ ਸਰਕਾਰੀ ਆਰਟਸ ਤੇ ਸਪੋਰਟਸ ਕਾਲਜ ਦੇ ਪੈਵੀਲੀਅਨ ਹਾਲ ਅਤੇ 38-ਆਦਮਪੁਰ ਇਸੇ ਕਾਲਜ ਦੇ ਇਨਡੋਰ ਸਟੇਡੀਅਮ ਦੇ ਖੱਬੇ ਪਾਸੇ ਵਾਲੇ ਹਾਲ ਵਿਖੇ ਸਟਰਾਂਗ ਰੂਮ ਤੇ ਗਿਣਤੀ ਕੇਂਦਰ ਸਥਾਪਤ ਕੀਤੇ ਜਾਣਗੇ । ਉਨ੍ਹਾਂ ਅਧਿਕਾਰੀਆਂ ਨੂੰ ਵੋਟਿੰਗ ਉਪਰੰਤ ਸਟਰਾਂਗ ਰੂਮਾਂ ਵਿਖੇ ਰੱਖੀਆਂ ਈ.ਵੀ.ਐਮਜ਼ ਦੀ ਚੌਵੀ ਘੰਟੇ ਈ-ਨਿਗਰਾਨੀ ਲਈ ਲੋੜੀਂਦੀ ਗਿਣਤੀ ਵਿੱਚ ਸੀ.ਸੀ.ਟੀ.ਵੀ. ਕੈਮਰੇ ਲਗਾਉਣ ਦੇ ਨਾਲ-ਨਾਲ ਰਿਕਾਰਡਿੰਗ ਬੈਕਅਪ ਰੱਖਣ ਅਤੇ ਇਨ੍ਹਾਂ ਕੈਮਰਿਆਂ ਨੂੰ ਨਿਰਵਿਘਨ ਬਿਜਲੀ ਸਪਲਾਈ ਨੂੰ ਯਕੀਨੀ ਬਣਾਉਣ ਲਈ ਵੀ ਕਿਹਾ। ਜ਼ਿਲ੍ਹਾ ਚੋਣ ਅਫ਼ਸਰ ਨੇ ਆਜ਼ਾਦ, ਨਿਰਪੱਖ ਅਤੇ ਪਾਰਦਰਸ਼ੀ ਚੋਣਾਂ ਕਰਵਾਉਣ ਦੀ ਵਚਨਬੱਧਤਾ ਦੁਹਰਾਉਂਦਿਆਂ ਕਿਹਾ ਕਿ ਸਮੁੱਚੇ ਚੋਣ ਅਮਲ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਿਆ ਜਾਵੇਗਾ । ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਮੇਜਰ ਅਮਿਤ ਮਹਾਜਨ, ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਜਸਬੀਰ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਵਰਿੰਦਰਪਾਲ ਸਿੰਘ ਬਾਜਵਾ ਅਤੇ ਸਮੂਹ ਸਹਾਇਕ ਰਿਟਰਨਿੰਗ ਅਫ਼ਸਰ ਵੀ ਮੌਜੂਦ ਸਨ।

## ਬਿਜਲੀ ਬੰਦ ਰਹੇਗੀ

**ਮੋਰਿੰਡਾ ( ਜੈਜੀ ਸਰਦਾਰ )** ਬਿਜਲੀ ਦੀ ਸਪਲਾਈ 66 ਗਰਿੱਡ ਮੋਰਿੰਡਾ ਕਜੋਲੀ ਤੇ ਘੰਡੂਆਂ ਤੋਂ ਚਲਦੇ ਸਾਰੇ ਸਿਟੀ ਅਤੇ ਸਬ ਅਰਬਨ ਮੋਰਿੰਡਾ ਅਧੀਨ ਪੈਂਦੇ ਪੇਂਡੂ ਅਤੇ ਸ਼ਹਿਰੀ ਏਰੀਏ ਦੇ ਖਪਤਕਾਰਾਂ ਦੀ ਸਪਲਾਈ 66 ਕੇ ਵੀ ਗਰਿੱਡਾਂ ਦੀ ਜ਼ਰੂਰੀ ਮੈਂਟੇਨੈਂਸ ਕਾਰਨ ਮਿਤੀ 09/05/2023 ਨੂੰ ਸਵੇਰੇ 9 ਵਜੇ ਤੋਂ ਸ਼ਾਮ ਦੇ 5 ਵਜੇ ਤੱਕ ਬਿਜਲੀ ਬੰਦ ਰਹੇਗੀ। ਇਹ ਜਾਣਕਾਰੀ ਇੰਜੀਨੀਅਰ ਜਸਨੂਰ ਸਿੰਘ ਬਰਾੜ ਐਸ ਡੀ ਓ ਮੋਰਿੰਡਾ ਵੱਲੋਂ ਦਿੱਤੀ ਗਈ।

## ਅੰਗਰੇਜ਼ੀ ਕਹਾਣੀ ਉਚਾਰਨ ਮੁਕਾਬਲੇ ਕਰਵਾਏ

**ਭੋਗਪੁਰ (ਕੁਲਵੀਰ ਸਿੰਘ ਕਾਹਲੋਂ)** ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਸਨੌਰਾ ਵਿਖੇ ਅੰਗਰੇਜੀ ਕਹਾਣੀ ਉਚਾਰਨ ਮੁਕਾਬਲੇ ਕਰਵਾਏ ਗਏ। ਜਿਸ ਵਿੱਚ ਜਮਾਤ ਤੀਜੀ ਤੇ ਚੌਥੀ ਤੇ ਪੰਜਵੀਂ ਦੇ ਬੱਚਿਆਂ ਨੇ ਭਾਗ ਲਿਆ। ਇਸ ਮੁਕਾਬਲੇ ਵਿੱਚ ਪਹਿਲੇ ਨੰਬਰ 'ਤੇ ਮੰਨਤ ਜਮਾਤ- ਪੰਜਵੀਂ ਦੂਜਾ ਸਥਾਨ ਜੰਨਤਪ੍ਰੀਤ ਕੌਰ ਜਮਾਤ- ਪੰਜਵੀਂ ਤੀਜਾ ਸਥਾਨ ਇਸਦੀਪ ਸਿੰਘ ਜਮਾਤ- ਤੀਜੀ ਨੇ ਹਾਸਲ ਕੀਤਾ। ਇਹਨਾਂ ਮੁਕਾਬਲਿਆਂ ਦੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਸਕੂਲ ਪ੍ਰਿੰਸੀਪਲ ਸ੍ਰੀਮਤੀ ਨਵਦੀਪ ਕੌਰ ਨੇ ਪ੍ਰੋਗਰਾਮ ਦੀ ਸਮਾਪਤੀ ਕੀਤੀ।

# ਠੇਕਾ ਮੁਲਾਜ਼ਮਾਂ ਵੱਲੋਂ ਪਹਿਲਵਾਨਾਂ ਦੀ ਹਮਾਇਤ 'ਚ ਪ੍ਰਦਰਸ਼ਨ



ਪਹਿਲਵਾਨ ਲੜਕੀਆਂ ਦੇ ਸੰਘਰਸ਼ ਦੀ ਹਮਾਇਤ 'ਚ ਰੋਸ ਪ੍ਰਦਰਸ਼ਨ ਕਰਦੇ ਹੋਏ ਥਰਮਲ ਪਲਾਂਟ ਲਹਿਰਾ ਮੁਹੱਬਤ ਦੇ ਠੇਕਾ ਮੁਲਾਜ਼ਮ।

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਜੀ. ਐੱਚ. ਟੀ. ਪੀ. ਠੇਕਾ ਮੁਲਾਜ਼ਮ ਯੂਨੀਅਨ (ਆਜ਼ਾਦ) ਦੀ ਅਗਵਾਈ ਹੇਠ ਥਰਮਲ ਪਲਾਂਟ ਲਹਿਰਾ ਮੁਹੱਬਤ ਦੇ ਠੇਕਾ ਮੁਲਾਜ਼ਮਾਂ ਨੇ ਜਿਨਸੀ ਸ਼ੋਸ਼ਣ ਪੀੜਤ ਪਹਿਲਵਾਨ ਲੜਕੀਆਂ ਵੱਲੋਂ ਜੰਤਰ ਮੰਤਰ ਦਿੱਲੀ ਵਿਖੇ ਭਾਜਪਾ ਦੇ ਸੰਸਦ ਮੈਂਬਰ ਬ੍ਰਿਜਭੂਸ਼ਣ ਸ਼ਰਨ ਸਿੰਘ ਖ਼ਿਲਾਫ਼ ਕੀਤੇ ਜਾ ਰਹੇ ਸੰਘਰਸ਼ ਦੀ ਹਮਾਇਤ 'ਚ ਥਰਮਲ ਗੇਟ ਤੋਂ ਰੋਸ ਮਾਰਚ ਕਰਨ ਉਪਰੰਤ ਬਠਿੰਡਾ-ਜ਼ੀਰਕਪੁਰ ਨੈਸ਼ਨਲ ਹਾਈਵੇ-7 ਦੀ ਸਰਵਿਸ ਰੋਡ 'ਤੇ ਰੋਸ ਰੈਲੀ ਕੀਤੀ। ਇਸ ਮੌਕੇ ਜਥੇਬੰਦੀ ਦੇ ਜਰਨਲ ਸਕੱਤਰ ਜਗਸੀਰ ਸਿੰਘ ਭੰਗੂ, ਸੀਨੀਅਰ ਮੀਤ ਪ੍ਰਧਾਨ ਬਾਦਲ ਸਿੰਘ ਭੁੱਲਰ ਤੇ ਮੀਤ ਪ੍ਰਧਾਨ ਬਲਜਿੰਦਰ ਸਿੰਘ ਮਾਨ ਆਦਿ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਦੀ ਫਾਸ਼ੀਵਾਦੀ ਮੋਦੀ ਹਕੂਮਤ ਇੱਕ ਪਾਸੇ 'ਬੇਟੀ ਬਚਾਓ, ਬੇਟੀ ਪੜ੍ਹਾਓ' ਦਾ ਨਾਅਰਾ ਲਾ ਕੇ ਆਪਣੇ ਆਪ ਨੂੰ ਔਰਤ ਹਿੱਤਾਂ ਦੀ ਪਹਿਰੇਦਾਰ ਹੋਣ ਦਾ ਦੰਭੀ ਪ੍ਰਚਾਰ ਕਰ ਰਹੀ ਹੈ, ਪ੍ਰੰਤੂ ਦੂਜੇ ਪਾਸੇ ਅੰਤਰਰਾਸ਼ਟਰੀ ਸਨਮਾਨ ਪ੍ਰਾਪਤ ਰੈਸਲਰ ਲੜਕੀਆਂ ਦੇ ਜਿਨਸੀ ਸ਼ੋਸ਼ਣ ਲਈ ਪੂਰਨ ਤੌਰ 'ਤੇ ਜ਼ਿੰਮੇਵਾਰ ਕੇਂਦਰ ਸਰਕਾਰ ਦੇ ਮੰਤਰੀ ਬ੍ਰਿਜਭੂਸ਼ਣ ਸ਼ਰਨ ਸਿੰਘ ਨੂੰ ਬਚਾ ਰਹੀ ਹੈ। ਕੇਂਦਰ ਸਰਕਾਰ ਦਾ ਦੋਸ਼ੀ ਮੰਤਰੀ ਆਪਣੇ ਅਹੁਦੇ ਦੇ ਪ੍ਰਭਾਵ ਰਾਹੀਂ ਰੈਸਲਰ ਲੜਕੀਆਂ ਨੂੰ ਇਨਸਾਫ਼ ਦਿਵਾਉਣ ਲਈ ਚੱਲ ਰਹੇ ਸੰਘਰਸ਼ ਨੂੰ ਕੁਚਲਣ ਦੀਆਂ ਨਿੰਦਣਯੋਗ ਕਾਰਵਾਈਆਂ ਕਰ ਰਿਹਾ ਹੈ, ਪਰ ਫ਼ਿਰ ਵੀ ਮੋਦੀ ਹਕੂਮਤ ਆਪਣੇ ਦੋਸ਼ੀ ਕੇਂਦਰੀ ਮੰਤਰੀ ਉੱਪਰ ਕੋਈ ਵੀ ਕਾਰਵਾਈ ਕਰਨ ਲਈ ਤਿਆਰ ਨਹੀਂ ਹੈ, ਸਗੋਂ ਇਸ ਤੋਂ ਉਲਟ ਕੇਂਦਰੀ ਹਕੂਮਤ ਵੱਲੋਂ ਹੱਕੀ ਸੰਘਰਸ਼ ਨੂੰ ਕੁਚਲਣ ਲਈ ਸੰਘਰਸ਼ ਦੇ ਰਾਹ ਤੁਰੀਆਂ ਪਹਿਲਵਾਨ ਲੜਕੀਆਂ 'ਤੇ ਕਾਨੂੰਨੀ ਉਲੰਘਣਾ ਦਾ ਦੋਸ਼ ਲਾ ਕੇ ਭਵਿੱਖ ਦੇ ਅੰਤਰਰਾਸ਼ਟਰੀ ਮੁਕਾਬਲਿਆਂ ਤੇ ਇਸ ਦੀ ਤਿਆਰੀ ਲਈ ਪ੍ਰੈਕਟਿਸ ਦੇ ਅਖਾੜਿਆਂ ਤੋਂ ਵੀ ਬਾਹਰ ਕਰਨ ਦੇ ਨਾਦਰਸ਼ਾਹੀ ਫੁਰਮਾਨ ਜਾਰੀ ਕਰਕੇ ਪਹਿਲਵਾਨ ਲੜਕੀਆਂ ਨਾਲ਼ ਸ਼ਰੇਆਮ ਧੱਕਾ ਕੀਤਾ ਜਾ ਰਿਹਾ ਹੈ। ਆਗੂਆਂ ਨੇ ਸਮੂਹ ਇਨਸਾਫ਼-ਪਸੰਦ ਲੋਕਾਂ ਨੂੰ ਪਹਿਲਵਾਨ ਲੜਕੀਆਂ ਦੇ ਸੰਘਰਸ਼ ਦੀ ਹਮਾਇਤ ਕਰਨ ਦਾ ਸੱਦਾ ਦਿੰਦਿਆਂ ਮੰਗ ਕੀਤੀ ਕਿ ਪਹਿਲਵਾਨ ਲੜਕੀਆਂ ਦੇ ਜਿਨਸੀ ਸ਼ੋਸ਼ਣ ਦੇ ਜ਼ਿੰਮੇਵਾਰ ਕੇਂਦਰੀ ਮੰਤਰੀ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੂੰ ਸਮੂਹ ਪ੍ਰਬੰਧਕੀ ਅਹੁਦਿਆਂ ਤੋਂ ਬਰਖ਼ਾਸਤ ਕੀਤਾ ਜਾਵੇ ਤੇ ਉਸ ਖ਼ਿਲਾਫ ਕੇਸ ਦਰਜ ਕਰਕੇ ਜੇਲ੍ਹ ਵਿੱਚ ਡੱਕਿਆ ਜਾਵੇ।

# ਕੁਲਰੀਆਂ ਦੇ ਸਰਪੰਚ 'ਤੇ ਅਣਪਛਾਤਿਆਂ ਵੱਲੋਂ ਹਮਲਾ



ਹਮਲੇ ਦੌਰਾਨ ਨੁਕਸਾਨੀ ਕਾਰ।

**ਬਰੇਟਾ (ਰੀਤਵਾਲ)**
ਇਥੋਂ ਥੋੜ੍ਹੀ ਦੂਰ ਪਿੰਡ ਕੁਲਰੀਆਂ ਦੇ ਮੌਜੂਦਾ ਸਰਪੰਚ 'ਤੇ ਕੁਝ ਅਣਪਛਾਤੇ ਵਿਅਕਤੀਆਂ ਵੱਲੋਂ ਹਮਲਾ ਕਰਨ ਦਾ ਸਮਾਚਾਰ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਰਪੰਚ ਰਾਜਵੀਰ ਸਿੰਘ ਨੇ ਦੱਸਿਆ ਕਿ ਬੀਤੀ ਸ਼ਨੀਵਾਰ ਦੀ ਰਾਤ 9.30 ਵਜੇ ਦੇ ਕਰੀਬ ਮੈਂ ਆਪਣੇ ਦੋਸਤਾਂ ਨਾਲ ਹਰਿਆਣਾ ਵਾਲੀ ਸਾਇਡ ਤੋਂ ਆਪਣੇ ਪਿੰਡ ਆ ਰਿਹਾ ਸੀ ਤਾਂ ਪਿੰਡ ਦੇ ਮਨਰੇਗਾ ਭਵਨ ਨਜ਼ਦੀਕ ਇੱਕ ਮੂੰਹ ਢੱਕਿਆ ਵਿਅਕਤੀ ਸਾਡੀ ਗੱਡੀ ਨਜ਼ਦੀਕ ਆਇਆ ਤੇ ਜਿਸ ਨੇ ਆਪਣੇ ਹਥਿਆਰ ਨਾਲ ਮੇਰੀ ਗੱਡੀ ਦੇ ਮੂਹਰਲੇ ਸ਼ੀਸ਼ੇ 'ਤੇ ਵਾਰ ਕਰਕੇ ਉਸ ਨੂੰ ਭੰਨ ਦਿੱਤਾ। ਸਾਡੇ ਵੱਲੋਂ ਗੱਡੀ 'ਚੋਂ ਬਾਹਰ ਨਿੱਕਲਣ 'ਤੇ ਹਮਲਾਵਰ ਤੇ ਉਸ ਦੇ ਸਾਥੀ ਭੱਜ ਗਏ। ਹਮਲਾ ਕਰਨ ਦੇ ਕਾਰਨ ਬਾਰੇ ਪੁੱਛਣ 'ਤੇ ਸਰਪੰਚ ਨੇ ਦੱਸਿਆ ਕਿ ਮੈਂ ਦੋ-ਚਾਰ ਦਿਨ ਪਹਿਲਾਂ ਹੀ ਕੁਝ ਧਨਾਢ ਲੋਕਾਂ ਵੱਲੋਂ ਪਿੰਡ ਦੀ ਪੰਚਾਇਤੀ ਜ਼ਮੀਨ 'ਤੇ ਕੀਤੇ ਨਜਾਇਜ਼ ਕਬਜ਼ੇ ਛਡਵਾਏ ਸੀ, ਜਿਸ ਨੂੰ ਦੇਖ ਕੇ ਜਾਪਦਾ ਹੈ ਕਿ ਇਹ ਲੋਕ ਮੇਰੇ ਨਾਲ ਰੰਜਿਸ਼ ਕਾਰਨ ਮੇਰੇ ਉੱਪਰ ਹਮਲਾ ਕਰਕੇ ਮੈਨੂੰ ਨੁਕਸਾਨ ਪਹੁੰਚਾਉਣਾ ਚਾਹੰਦੇ ਸਨ, ਜਿਸ ਬਾਰੇ ਮੈਂ ਪੁਲਸ ਨੂੰ ਸੂਚਿਤ ਕਰ ਦਿੱਤਾ ਹੈ। ਜਦ ਇਸ ਮਾਮਲੇ ਨੂੰ ਲੈ ਕੇ ਕੁਲਰੀਆਂ ਪੁਲਸ ਚੌਕੀ ਦੇ ਇੰਚਾਰਜ ਦਰਸ਼ਨ ਸਿੰਘ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾ ਕਿਹਾ ਕਿ ਪੁਲਸ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ।

# ਕੀ ਭਾਜਪਾਈ ਸੰਸਦ ਮੈਂਬਰਾਂ ਲਈ ਕਾਨੂੰਨ ਵੱਖਰਾ ਹੈ?

■ ਦੇਸ਼ ਦੀ ਏਕਤਾ, ਧਰਮ-ਨਿਰਪੱਖਤਾ, ਸੰਵਿਧਾਨ ਤੇ ਲੋਕਤੰਤਰ ਨੂੰ ਬਚਾਉਣ ਲਈ ਭਾਜਪਾ ਨੂੰ ਕੇਂਦਰੀ ਸੱਤਾ ਤੋਂ ਚੱਲਦਾ ਕਰਨਾ ਜ਼ਰੂਰੀ : ਸੀ ਪੀ ਆਈ ਆਗੂ




**ਫਰੀਦਕੋਟ (ਐਲਿਗਜ਼ੈਂਡਰ ਡਿਸੂਜਾ)**-ਨਾਬਾਲਿਗ ਲੜਕੀਆਂ ਨੂੰ ਯੌਨ ਸ਼ੋਸ਼ਣ ਤੋਂ ਬਚਾਉਣ ਲਈ ਦੇਸ਼ ਵਿੱਚ 'ਪੋਕਸੋ' ਕਾਨੂੰਨ ਹੈ, ਜਿਸ ਦੇ ਅਨੁਸਾਰ ਮੁਕੱਦਮਾ ਦਰਜ ਹੋਣ ਦੇ ਤੁਰੰਤ ਬਾਅਦ ਦੋਸ਼ੀ ਦੀ ਗ੍ਰਿਫ਼ਤਾਰੀ ਹੋਣੀ ਚਾਹੀਦੀ ਹੈ, ਪਰ ਪਿਛਲੇ 15 ਦਿਨਾਂ ਤੋਂ ਦਿੱਲੀ ਦੇ ਜੰਤਰ-ਮੰਤਰ 'ਤੇ ਦਿਨ-ਰਾਤ ਦੇ ਧਰਨੇ 'ਤੇ ਬੈਠੀਆਂ ਮਹਿਲਾ ਪਹਿਲਵਾਨਾਂ ਦੇ ਮਾਮਲੇ ਵਿੱਚ ਅਜਿਹਾ ਨਹੀਂ ਹੈ। 'ਭਾਰਤੀ ਕੁਸ਼ਤੀ ਸੰਘ' ਦੇ ਪ੍ਰਧਾਨ ਬ੍ਰਿਜਭੂਸ਼ਣ ਸ਼ਰਨ ਸਿੰਘ, ਜੋ ਭਾਜਪਾ ਦਾ ਸੰਸਦ ਮੈਂਬਰ ਵੀ ਹੈ, ਦੇ ਖਿਲਾਫ ਸੁਪਰੀਮ ਕੋਰਟ ਦੇ ਦਖ਼ਲ ਕਾਰਨ 'ਪੋਕਸੋ' ਸਮੇਤ ਯੌਨ ਸ਼ੋਸ਼ਣ ਦੇ ਦੋ ਮੁਕੱਦਮੇ ਦਰਜ ਹੋ ਜਾਣ ਦੇ ਬਾਵਜੂਦ ਉਸ ਦੀ ਗ੍ਰਿਫ਼ਤਾਰੀ ਨਹੀਂ ਕੀਤੀ ਜਾ ਰਹੀ। ਇਹ ਸ਼ਬਦ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਅਸ਼ੋਕ ਕੌਸ਼ਲ, ਮੀਤ ਸਕੱਤਰ ਗੁਰਨਾਮ ਸਿੰਘ, ਕਿਸਾਨ ਆਗੂ ਸੁਖਜਿੰਦਰ ਸਿੰਘ ਤੂੰਬੜਭੰਨ, ਨਰੇਗਾ ਮਜ਼ਦੂਰ ਆਗੂ ਵੀਰ ਸਿੰਘ ਕੰਮੇਆਣਾ ਨੇ ਚਹਿਲ, ਭਾਣਾ, ਚੰਮੇਲੀ, ਨੱਥੂਵਾਲਾ ਆਦਿ ਪਿੰਡਾਂ ਵਿੱਚ ਆਮ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਕਹੇ। ਕਮਿਊਨਿਸਟ ਆਗੂਆਂ ਨੇ ਕਿਹਾ ਕਿ ਗੌਤਮ ਅਡਾਨੀ ਬਨਾਮ ਹਿੰਡਨਬਰਗ ਰਿਪੋਰਟ, ਪੁਲਵਾਮਾ ਦੇ ਸ਼ਹੀਦਾਂ ਸਬੰਧੀ ਤਤਕਾਲੀਨ ਗਵਰਨਰ ਦੇ ਖੁਲਾਸੇ ਅਤੇ ਹੁਣ ਮਹਿਲਾ ਪਹਿਲਵਾਨਾਂ ਦੇ ਮਾਮਲੇ ਵਿੱਚ ਮੋਦੀ ਸਰਕਾਰ ਦੀ ਖਾਮੋਸ਼ੀ ਨੇ ਗਵਰਨਰ ਸੱਤਿਆਪਾਲ ਮਲਿਕ ਦੇ ਉਸ ਬਿਆਨ 'ਤੇ ਮੂਹਰ ਲਗਾ ਦਿੱਤੀ ਹੈ ਕਿ ਦੇਸ਼ ਬਹੁਤ ਗਲਤ ਹੱਥਾਂ ਵਿੱਚ ਹੈ। ਇਸ ਮੌਕੇ ਸਾਬਕਾ ਸਰਪੰਚ ਕਾਮਰੇਡ ਜਗਤਾਰ ਸਿੰਘ ਭਾਣਾ, ਸੁਖਦਰਸ਼ਨ ਸ਼ਰਮਾ, ਗੁਰਚਰਨ ਸਿੰਘ ਮਾਨ, ਚਰਨਜੀਤ ਚੰਮੇਲੀ ਤੇ ਬੀਬੀ ਮਨਜੀਤ ਕੌਰ ਨੇ ਕਿਹਾ ਕਿ ਦੇਸ਼ ਦੀ ਏਕਤਾ, ਧਰਮ ਨਿਰਪੱਖਤਾ, ਸੰਵਿਧਾਨ ਤੇ ਲੋਕਤੰਤਰ ਨੂੰ ਬਚਾਉਣ ਲਈ ਭਾਜਪਾ ਨੂੰ ਕੇਂਦਰੀ ਸੱਤਾ ਤੋਂ ਚੱਲਦਾ ਕਰਨਾ ਜ਼ਰੂਰੀ ਹੈ।

ਇਸ ਤੋਂ ਇਲਾਵਾ ਅਨਾਜ ਮੰਡੀ ਸਾਦਿਕ ਦਾ ਦੌਰਾ ਕਰਨ ਸਮੇਂ ਉੱਥੇ ਕੰਮ ਕਰਦੀ ਲੇਬਰ ਨੇ ਦੱਸਿਆ ਕਿ ਲਿਫਟਿੰਗ ਸੁਸਤ ਹੋਣ ਕਾਰਨ ਆੜ੍ਹਤੀਏ ਮਜ਼ਦੂਰਾਂ ਦਾ ਹਿਸਾਬ ਨਹੀਂ ਨਿਬੇੜ ਰਹੇ, ਦੂਜਾ ਸੁੱਰਖਿਆ ਦਾ ਪ੍ਰਬੰਧ ਨਾ ਹੋਣ ਕਾਰਨ ਉਨ੍ਹਾਂ ਨੂੰ ਕਣਕ ਚੋਰਾਂ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ। ਉਨ੍ਹਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਲਿਫਟਿੰਗ ਵਿੱਚ ਤੇਜ਼ੀ ਲਿਆਂਦੀ ਜਾਵੇ ਤੇ ਅਨਾਜ ਮੰਡੀਆਂ ਵਿੱਚ ਸੁੱਰਖਿਆ ਦਾ ਪੁਖਤਾ ਪ੍ਰਬੰਧ ਕੀਤਾ ਜਾਵੇ।

## ਕਾਤਰਾਂ

### ਵਿਦਿਆਰਥੀਆਂ ਦਾ ਇਕ ਰੋਜ਼ਾ ਧਾਰਮਿਕ ਟੂਰ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**
ਪੈਰਾਡਾਈਜ਼ ਅਕੈਡਮੀ ਵਜੀਦਕੇ ਖੁਰਦ (ਹਮੀਦੀ-ਅਮਲਾ ਸਿੰਘ ਵਾਲਾ ਰੋਡ) ਦੇ ਪ੍ਰਿੰਸੀਪਲ ਜਸਵਿੰਦਰ ਸਿੰਘ ਚਾਹਲ ਦੀ ਅਗਵਾਈ ਹੇਠ ਸਮੂਹ ਸਟਾਫ ਦੇ ਸਹਿਯੋਗ ਨਾਲ ਦੂਜੀ ਤੋਂ ਪੰਜਵੀ ਸ਼੍ਰੇਣੀ ਦੇ ਬੱਚਿਆਂ ਦਾ ਇਕਰੋਜ਼ਾ ਧਾਰਮਿਕ ਟੂਰ ਗੁਰਦੁਆਰਾ ਮਹਿਦੇਆਣਾ ਸਾਹਿਬ ਵਿਖੇ ਲਾਇਆ ਗਿਆ। ਪ੍ਰਿੰਸੀਪਲ ਜਸਵਿੰਦਰ ਸਿੰਘ ਚਾਹਲ ਨੇ ਦੱਸਿਆ ਕਿ ਸਕੂਲ ਵੱਲੋਂ ਬੱਚਿਆਂ ਨੂੰ ਹਰ ਤਰ੍ਹਾਂ ਦੀ ਜਾਣਕਾਰੀ ਹਾਸਲ ਕਰਾਉਣ ਨੂੰ ਲੈ ਸਮੇਂ ਸਮੇਂ ਤੇ ਅਜਿਹੇ ਟੂਰ ਲਾਏ ਜਾਂਦੇ ਹਨ। ਉਨ੍ਹਾਂ ਕਿਹਾ ਕਿ ਸਕੂਲ ਵੱਲੋਂ ਬੱਚਿਆਂ ਦੇ ਟੂਰ ਲਗਾਉਣ ਦਾ ਮੁੱਖ ਮਕਸਦ ਬੱਚਿਆਂ ਨੂੰ ਸ਼ਾਨਾਮੱਤੇ ਇਤਿਹਾਸ ਸਬੰਧੀ ਜਾਗਰੂਕ ਕਰਨਾ ਹੈ। ਇਸ ਮੌਕੇ ਸੰਸਥਾ ਦੇ ਚੇਅਰਮੈਨ ਸੁਰਿੰਦਰ ਬਾਵਾ, ਮੈਨੇਜਮੈਂਟ ਕਮੇਟੀ ਦੇ ਮੈਂਬਰ ਸੇਵਾਮੁਕਤ ਅਧਿਆਪਕ ਰਣਜੀਤ ਸਿੰਘ ਟੱਲੇਵਾਲ, ਅਲੋਕ ਸਿੰਗਲਾ, ਸੰਜੀਵ ਬਾਂਸਲ, ਮਨੀਸ਼ ਸਿੰਗਲਾ, ਵਿਕਾਸ ਗਰਗ ਤੇ ਬਲਵਿੰਦਰ ਕੁਮਾਰ ਆਦਿ ਵੀ ਹਾਜ਼ਰ ਸਨ।

### ਪੁਲਸ ਸਾਂਝ ਕੇਂਦਰਾਂ 'ਚ ਮਨੋਨੀਤ ਕੀਤੇ ਜਾਣਗੇ ਸਹਿਯੋਗੀ



**ਧੂਰੀ (ਸੁਖਦੇਵ ਧੂਰੀ)**-ਸਾਂਝ ਕੇਂਦਰ ਦੇ ਮੁਖੀ ਅਸ਼ਵਨੀ ਕੁਮਾਰ ਸਰਮਾ ਨੇ ਪ੍ਰੈੱਸ ਦੱਸਿਆ ਕਿ ਜ਼ਿਲ੍ਹਾ ਪੁਲਿਸ ਮੁਖੀ ਸੁਰੇਂਦਰ ਲਾਂਬਾ ਦੀ ਅਗਵਾਈ ਹੇਠ ਜ਼ਿਲ੍ਹਾ ਸੰਗਰੂਰ ਵਿੱਚ ਪੰਜਾਬ ਪੁਲਸ ਵੱਲੋਂ ਘਰੇਲੂ ਝਗੜਿਆਂ ਸੰਬੰਧੀ ਸ਼ਿਕਾਇਤਾਂ ਦੇ ਹੱਲ, ਲਿੰਗ ਸਮਾਨਤਾ, ਨਸ਼ਾ ਛੁਡਾਊ, ਸਾਇਬਰ ਅਪਰਾਧ ਦੀ ਰੋਕਥਾਮ ਬਾਰੇ ਸਮਾਜਿਕ ਜਾਗਰੂਕਤਾ ਪ੍ਰੋਗਰਾਮ ਚਲਾਉਣ ਲਈ ਪੁਲਿਸ ਵਿਭਾਗ ਦੇ ਕਮਿਊਨਟੀ ਅਫੇਅਰਜ ਵਿੰਗ ਵੱਲੋਂ ਸਾਂਝ ਸਮਾਜਿਕ ਹਿੱਸੇਦਾਰੀ ਪ੍ਰੋਗਰਾਮ ਲਾਗੂ ਕੀਤਾ ਜਾਵੇਗਾ। ਪ੍ਰੋਗਰਾਮ ਵਿੱਚ ਪੰਜਾਬ ਦੇ ਹਰ ਖੇਤਰ ਦੇ ਮਾਹਿਰਾਂ ਨੂੰ ਸਵੈ-ਇੱਛੁਕ ਤੌਰ 'ਤੇ 'ਸਾਂਝ ਸਹਿਯੋਗੀ ਨਾਗਰਿਕ' ਵਜੋਂ ਸਾਂਝ ਟੀਮ ਦਾ ਹਿੱਸਾ ਬਣਾਇਆ ਜਾਵੇਗਾ। ਇਸ ਸਬੰਧੀ ਲੋੜੀਂਦੀ ਵਿੱਦਿਅਕ ਯੋਗਤਾ ਗ੍ਰੈਜੂਏਸ਼ਨ ਦੀ ਡਿਗਰੀ ਰੱਖੀ ਗਈ ਹੈ।

### ਚੈੱਕ ਬਾਊਂਸ ਮਾਮਲੇ 'ਚ ਪੰਜਾਂ ਨੂੰ ਇੱਕ-ਇੱਕ ਸਾਲ ਦੀ ਸਜ਼ਾ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)**-ਸਬ ਡਵੀਜ਼ਨ ਜ਼ੀਰਾ ਦੀ ਅਦਾਲਤ ਵੱਲੋਂ ਚੈੱਕ ਬਾਊਂਸ ਮਾਮਲੇ ਵਿੱਚ ਪੰਜ ਵਿਅਕਤੀਆਂ ਨੂੰ ਭੁਗਤੀਆਂ ਗਵਾਹੀਆਂ ਦੇ ਆਧਾਰ 'ਤੇ ਇੱਕ-ਇੱਕ ਸਾਲ ਦੀ ਸਜ਼ਾ ਦਾ ਹੁਕਮ ਸੁਣਾਇਆ ਹੈ। ਮੁੱਦਈ ਦੀਪਕ ਅਰੋੜਾ ਪੁੱਤਰ ਓਮ ਪ੍ਰਕਾਸ਼ ਵਾਸੀ ਜ਼ੀਰਾ ਮਾਲਕ ਮੈਸ. ਜੈ ਅੰਬੇ ਟ੍ਰੇਡਿੰਗ ਕੰਪਨੀ ਨੇ ਮੈਸ. ਸਾਧੂ ਰਾਮ ਤਾਰਾ ਸਿੰਘ ਬੀਕੇਓ ਦੇ ਭਾਈਵਾਲ ਜਸਕਰਨ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਪਿੰਡ ਠੱਠਾ, ਜਸਵੀਰ ਸਿੰਘ ਪੁੱਤਰ ਬਲਦੇਵ ਸਿੰਘ, ਗੁਰਬਚਨ ਸਿੰਘ ਪੁੱਤਰ ਤਾਰਾ ਸਿੰਘ, ਨਰਿੰਦਰ ਸਿੰਘ ਪੁੱਤਰ ਰਤਨ ਸਿੰਘ ਤੇ ਅਮਰਜੀਤ ਸਿੰਘ ਪੁੱਤਰ ਤਾਰਾ ਸਿੰਘ ਵਾਸੀ ਪਿੰਡ ਬਸਤੀ ਤਾਰਾ ਸਿੰਘ ਵਾਲੀ ਵਿਰੁੱਧ ਦਾਇਰ ਮਾਮਲੇ ਵਿੱਚ ਦੱਸਿਆ ਕਿ ਉਹ ਚੌਲ਼ਾਂ ਦੀ ਖ਼ਰੀਦੋ-ਫ਼ਰੋਖ਼ਤ ਦਾ ਵਪਾਰ ਕਰਦੇ ਹਨ ਤੇ ਦੂਜੀ ਧਿਰ ਇੱਟਾਂ ਦਾ ਭੱਠਾ ਚਲਾਉਂਦੀ ਹੈ। ਮੁਲਜ਼ਮ ਧਿਰ ਵੱਲੋਂ ਵੱਖ-ਵੱਖ ਤਰੀਕਾਂ 'ਤੇ ਮੁਦਈ ਪਾਸੋਂ ਰਕਮ ਲਈ ਗਈ, ਜਿਸ ਦੇ ਬਦਲੇ ਵਿੱਚ 13 ਅਕਤੂਬਰ 2016 ਨੂੰ 2 ਲੱਖ 62 ਹਜ਼ਾਰ ਰੁਪਏ ਦਾ ਚੈੱਕ ਮੁਦਈ ਦੇ ਹੱਕ ਵਿਚ ਜਾਰੀ ਕੀਤਾ ਗਿਆ। ਚੈੱਕ ਬਾਊਂਸ ਹੋਣ ਉਪਰੰਤ ਚੱਲੇ ਮਾਮਲੇ ਵਿੱਚ ਦੋਵਾਂ ਧਿਰਾਂ ਵਲੋਂ ਪੇਸ਼ ਸਬੂਤਾਂ ਤੇ ਦਸਤਾਵੇਜ਼ਾਂ ਨੂੰ ਵੇਖਦੇ ਹੋਏ ਸਬ ਡਵੀਜ਼ਨਲ ਜੁਡੀਸ਼ੀਅਲ ਮੈਜਿਸਟ੍ਰੇਟ ਜ਼ੀਰਾ ਨੇ ਮੁਦਈ ਧਿਰ ਦੇ ਵਕੀਲ ਜੀਐੱਸ ਵਿਰਕ ਦੀਆਂ ਦਲੀਲਾਂ ਨਾਲ ਸਹਿਮਤ ਹੁੰਦੇ ਹੋਏ ਜਸਕਰਨ ਸਿੰਘ, ਜਸਵੀਰ ਸਿੰਘ, ਗੁਰਬਚਨ ਸਿੰਘ, ਨਰਿੰਦਰ ਸਿੰਘ ਤੇ ਅਮਰਜੀਤ ਸਿੰਘ ਨੂੰ ਇੱਕ-ਇੱਕ ਸਾਲ ਸਜ਼ਾ ਦਾ ਹੁਕਮ ਅਤੇ ਦੋ-ਦੋ ਹਜ਼ਾਰ ਰੁਪਏ ਨਕਦ ਜੁਰਮਾਨਾ ਤਾਰਨ ਦਾ ਹੁਕਮ ਦਿੱਤਾ। ਅਦਾਲਤ ਵੱਲੋਂ ਮੁਲਜ਼ਮਾਂ ਨੂੰ ਫ਼ੈਸਲੇ ਵਿਰੁੱਧ ਅਪੀਲ ਦਾਇਰ ਕਰਨ ਦਾ ਸਮਾਂ ਦਿੰਦੇ ਹੋਏ ਮੌਕੇ 'ਤੇ ਮੁਚੱਲਕੇ ਭਰਾ ਕੇ ਰਿਹਾਅ ਕਰ ਦਿੱਤਾ ਗਿਆ।

### ਨੀਟ ਦਾ ਪੇਪਰ ਸਫਲਤਾਪੂਰਵਕ ਸੰਪੰਨ : ਡਾ. ਕਟਾਰੀਆ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਨੈਸ਼ਨਲ ਟੈਸਟਿੰਗ ਏਜੰਸੀ ਵੱਲੋਂ ਬੀਤੀ 07 ਮਈ ਨੂੰ ਨੀਟ ਅੰਡਰ ਗ੍ਰੈਜੂਏਟ (ਐੱਮ.ਬੀ.ਬੀ.ਐੱਸ. ਤੇ ਬੀ.ਡੀ.ਐੱਸ. ਦੇ ਦਾਖਲੇ ਲਈ) ਦਾ ਪੇਪਰ ਲਿਆ ਗਿਆ, ਜਿਸ ਵਿੱਚ ਨੈਸ਼ਨਲ ਟੈਸਟਿੰਗ ਏਜੰਸੀ ਵੱਲੋਂ ਡਾ. ਸੰਦੀਪ ਕਟਾਰੀਆ, ਪ੍ਰਿੰਸੀਪਲ ਸੇਂਟ ਸਹਾਰਾ ਕਾਲਜ ਆਫ ਐਜੂਕੇਸ਼ਨ ਸ੍ਰੀ ਮੁਕਤਸਰ ਸਾਹਿਬ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਸੀਨੇਟ ਮੈਂਬਰ ਨੇ ਸਿਟੀ ਕੋਆਰਡੀਨੇਟਰ ਦੀ ਭੂਮਿਕਾ ਨਿਭਾਈ ਤੇ ਉਨ੍ਹਾਂ ਨੇ ਦੱਸਿਆ ਕਿ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਕੁੱਲ 494 ਵਿਦਿਆਰਥੀ ਰਜਿਸਟਰ ਸਨ, ਜਿਨ੍ਹਾਂ ਵਿੱਚੋਂ 476 ਵਿਦਿਆਰਥੀ ਹਾਜ਼ਰ ਰਹੇ। ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ ਵਿੱਚ ਇਹ ਪੇਪਰ ਦੂਜੀ ਵਾਰ ਲਿਆ ਗਿਆ। ਜ਼ਿਲ੍ਹੇ ਵਿੱਚ ਰਾਸ਼ਟਰੀ ਪੱਧਰ ਦੇ ਇਸ ਪੇਪਰ ਲਈ ਸੈਂਟਰ ਬਣਨ 'ਤੇ ਵਿਦਿਆਰਥੀਆਂ ਨੂੰ ਪੇਪਰ ਦੇਣ ਵਿੱਚ ਬਹੁਤ ਆਸਾਨੀ ਰਹੀ। ਇਹ ਪੇਪਰ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਡੀ. ਏ. ਵੀ. ਪਬਲਿਕ ਸਕੂਲ ਵਿਖੇ ਕਰਵਾਇਆ ਗਿਆ ਤੇ ਇਸ ਪੇਪਰ ਨੂੰ ਸਫਲਤਾਪੂਰਵਕ ਸੰਪੰਨ ਕਰਵਾਇਆ। ਡਾ. ਕਟਾਰੀਆ ਨੇ ਇਸ ਉਪਰਾਲੇ ਲਈ ਨੈਸ਼ਨਲ ਟੈਸਟਿੰਗ ਏਜੰਸੀ ਦਾ ਧੰਨਵਾਦ ਕੀਤਾ।

### ਹੱਕੀ ਮੰਗਾਂ ਨੂੰ ਲੈ ਕੇ ਮੁੱਖ ਮੰਤਰੀ ਨੂੰ ਮਿਲਣਗੇ ਨੰਬਰਦਾਰ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਨੰਬਰਦਾਰਾਂ ਦੀ ਵਿਸ਼ੇਸ਼ ਮੀਟਿੰਗ ਜ਼ਿਲ੍ਹਾ ਪ੍ਰਧਾਨ ਹਰਫੂਲ ਸਿੰਘ ਦੀ ਪ੍ਰਧਾਨਗੀ ਹੇਠ ਸਿਰਸਾ ਦੇ ਟਾਊਨ ਪਾਰਕ ਵਿਖੇ ਹੋਈ, ਜਿਸ ਦੌਰਾਨ ਤਹਿਸੀਲ ਪ੍ਰਧਾਨ ਰਾਜਿੰਦਰ ਕੁਮਾਰ ਜਾਡੇਲਾ ਨੇ ਦੱਸਿਆ ਕਿ ਉਹ ਨੰਬਰਦਾਰਾਂ ਦੀਆਂ ਮੰਗਾਂ ਨੂੰ ਲੈ ਕੇ ਜਲਦ ਹੀ ਉਹ ਵਫ਼ਦ ਲੈ ਕੇ ਹਰਿਆਣਾ ਦੇ ਮੁੱਖ ਮੰਤਰੀ ਨੂੰ ਮਿਲਣਗੇ। ਉਨ੍ਹਾਂ ਕਿਹਾ ਕਿ ਸਿਰਸਾ ਦੇ ਤਹਿਸੀਲ ਦਫ਼ਤਰ ਵਿੱਚ ਨੰਬਰਦਾਰਾਂ ਲਈ ਕਮਰੇ ਦਿਵਾਉਣ ਲਈ ਡੀ.ਸੀ ਨੂੰ ਮਿਲਣਗੇ ਤਾਂ ਜੋ ਨੰਬਰਦਾਰਾਂ ਨੂੰ ਬੈਠਣ ਦੀ ਸਹੂਲਤ ਮਿਲ ਸਕੇ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਡੀਸੀ ਨੂੰ ਮੰਗ ਪੱਤਰ ਵੀ ਦਿੱਤਾ ਗਿਆ ਹੈ।ਇਸ ਤੋਂ ਇਲਾਵਾ ਨੰਬਰਦਾਰਾਂ ਦਾ ਵਫ਼ਦ ਸਿਰਸਾ ਦੌਰੇ ਦੌਰਾਨ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਵੀ ਮਿਲ ਕੇ ਨਵੀਂ ਭਰਤੀ ਸ਼ੁਰੂ ਕਰਾਉਣ, ਤਹਿਸੀਲ ਦਫ਼ਤਰ 'ਚ ਕਮਰੇ ਅਲਾਟ ਕਰਾਉਣ, ਆਯੁਸ਼ਮਾਨ ਕਾਰਡ ਬਣਾਉਣ ਸਮੇਤ ਹੋਰ ਮੰਗਾਂ ਰੱਖਣਗੇ। ਮੀਟਿੰਗ ਵਿੱਚ ਸਾਬਕਾ ਪ੍ਰਧਾਨ ਬ੍ਰਹਮ ਪ੍ਰਕਾਸ਼ ਡੱਬਵਾਲੀ, ਪ੍ਰਧਾਨ ਜੈ ਦਿਆਲ, ਸਰਦਾਰਾ ਸਿੰਘ ਸਿਕੰਦਰਪੁਰ, ਓਮ ਪ੍ਰਕਾਸ਼ ਸਕੱਤਰ, ਬਾਗ ਚੰਦ, ਰਣਵੀਰ ਸਿੰਘ,ਤਿਲਕਰਾਜ ਬੱਧਾ, ਜੰਗੀਰ ਸਿੰਘ, ਬਲਦੇਵ ਸਿੰਘ ਵੀ ਹਾਜ਼ਰ ਸਨ।

# ਪਹਿਲਵਾਨਾਂ ਦੇ ਸੰਘਰਸ਼ 'ਚ ਮਹਿਲ ਕਲਾਂ ਤੋਂ 12 ਨੂੰ ਕਾਫਲੇ ਸ਼ਾਮਲ ਹੋਣਗੇ : ਹਰਦਾਸਪੁਰਾ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਭਾਕਿਯੂ ਡਕੌਂਦਾ ਬਲਾਕ ਮਹਿਲ ਕਲਾਂ ਵੱਲੋਂ ਦਿੱਲੀ ਦੇ ਜੰਤਰ ਮੰਤਰ ਵਿਖੇ ਓਲੰਪੀਅਨ ਪਹਿਲਵਾਨਾਂ ਵਿਨੇਸ਼ ਫੋਗਾਟ, ਬਜਰੰਗ ਪੂਨੀਆ ਤੇ ਸਾਕਸ਼ੀ ਮਲਿਕ ਦੀ ਅਗਵਾਈ ਹੇਠ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਹੋਏ ਪਹਿਲਵਾਨਾਂ ਵੱਲੋਂ ਦਿੱਤੇ ਜਾ ਰਹੇ ਧਰਨੇ ਵਿੱਚ 12 ਮਈ ਨੂੰ ਸ਼ਮੂਲੀਅਤ ਲਈ ਬਲਾਕ ਮਹਿਲ ਕਲਾਂ ਦੀ ਇਕੱਤਰਤਾ ਇਥੇ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਵਿਖੇ ਹੋਈ। ਇਸ ਮੌਕੇ ਜ਼ਿਲ੍ਹਾ ਮੀਤ ਪ੍ਰਧਾਨ ਜਗਰਾਜ ਸਿੰਘ ਹਰਦਾਸਪੁਰਾ, ਜਗਰੂਪ ਸਿੰਘ ਗਹਿਲ, ਅਮਰਜੀਤ ਸਿੰਘ ਠੁੱਲੀਵਾਲ ਨੇ ਕਿਹਾ ਕਿ ਮੋਦੀ ਹਕੂਮਤ ਵੱਲੋਂ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ, ਭਾਜਪਾ ਦੇ ਮੈਂਬਰ ਪਾਰਲੀਮੈਂਟ ਬ੍ਰਿਜਭੂਸ਼ਨ ਸ਼ਰਨ ਸਿੰਘ ਖਿਲਾਫ ਸੁਪਰੀਮ ਕੋਰਟ ਦੀਆਂ ਹਦਾਇਤਾਂ 'ਤੇ ਦੋ ਐੱਫ.ਆਈ.ਆਰ. ਦਰਜ ਹੋਣ ਦੇ ਬਾਵਜੂਦ ਗ੍ਰਿਫਤਾਰ ਨਹੀਂ ਕੀਤਾ ਜਾ ਰਿਹਾ। ਹਾਲਾਂ ਕਿ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਹੋਏ ਪਹਿਲਵਾਨਾਂ ਨੇ ਕਈ ਮਹੀਨੇ ਪਹਿਲਾਂ ਬ੍ਰਿਜਭੂਸ਼ਨ ਖਿਲਾਫ ਸ਼ਿਕਾਇਤ ਦਿੱਤੀ ਸੀ, ਪਰ ਪੁਲਸ ਨੇ ਉਨ੍ਹਾਂ ਦੀ ਸ਼ਿਕਾਇਤ 'ਤੇ ਕੋਈ ਕਾਰਵਾਈ ਨਹੀਂ ਕੀਤੀ। ਬ੍ਰਿਜਭੂਸ਼ਨ ਸ਼ਰਨ ਸਿੰਘ ਨੂੰ ਗੋਦੀ ਮੀਡੀਏ ਰਾਹੀਂ ਪਹਿਲਵਾਨਾਂ ਦੇ ਸੰਘਰਸ਼ ਨੂੰ ਫੇਲ੍ਹ ਕਰਨ ਦੀਆਂ ਸਾਜ਼ਿਸ਼ਾਂ ਰਚਣ ਦੀ ਖੁੱਲ੍ਹ ਦਿੱਤੀ ਹੋਈ ਹੈ। ਆਗੂਆਂ ਨੇ ਕਿਹਾ ਕਿ 12 ਮਈ ਨੂੰ ਇਨ੍ਹਾਂ ਪਹਿਲਵਾਨਾਂ ਦੇ ਘੋਲ ਵਿੱਚ ਬਲਾਕ ਮਹਿਲ ਕਲਾਂ ਵਿੱਚੋਂ ਕਿਸਾਨ ਮਰਦ-ਔਰਤਾਂ ਦੇ ਕਾਫਲੇ ਜੰਤਰ ਮੰਤਰ ਦਿੱਲੀ ਵਿਖੇ ਚੱਲ ਰਹੇ ਸੰਘਰਸ਼ ਵਿੱਚ ਸ਼ਾਮਲ ਹੋਣਗੇ। ਇਸ ਸਮੇਂ ਭਾਗ ਸਿੰਘ ਕੁਰੜ, ਅਮਰਜੀਤ ਸਿੰਘ ਠੁੱਲੀਵਾਲ, ਸੁਖਦੇਵ ਸਿੰਘ ਕੁਰੜ, ਬਹਾਦਰ ਸਿੰਘ ਸਹਿਜੜਾ, ਜੱਗਾ ਸਿੰਘ, ਪ੍ਰੀਤਮ ਸਿੰਘ ਮਹਿਲ ਕਲਾਂ, ਮੁਕੰਦ ਸਿੰਘ ਹਰਦਾਸਪੁਰਾ, ਨਾਨਕ ਸਿੰਘ, ਲਾਲ ਸਿੰਘ ਅਮਲਾ ਸਿੰਘ, ਸੁਖਮੰਦਰ ਸਿੰਘ ਕਲਾਲ ਮਾਜਰਾ, ਜਗਰੂਪ ਸਿੰਘ ਨਿਹਾਲੂਵਾਲ ਆਗੂਆਂ ਕਿਹਾ ਕਿ ਦਿੱਲੀ ਜੰਤਰ ਮੰਤਰ ਵਿਖੇ ਪਹਿਲਵਾਨ ਖਿਡਾਰਨਾਂ ਦੇ ਘੋਲ ਵਿੱਚ ਸ਼ਾਮਲ ਹੋਣ ਲਈ ਪੂਰਾ ਉਤਸ਼ਾਹ ਹੈ।

# ਆਈ ਪੀ ਐੱਲ ਮੈਚ 'ਤੇ ਸੱਟਾ ਲਵਾ ਰਹੇ ਦੋ ਵਿਅਕਤੀ ਕਾਬੂ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸਰਹਿੰਦ ਮੰਡੀ ਚੌਕੀ ਦੀ ਪੁਲਸ ਵੱਲੋਂ ਆਈ.ਪੀ.ਐਲ. ਮੈਚ 'ਤੇ ਸੱਟਾ ਲਵਾ ਰਹੇ ਦੋ ਵਿਅਕਤੀਆਂ ਨੂੰ ਸੱਟੇ ਦੀ ਰਕਮ ਸਮੇਤ ਕਾਬੂ ਕੀਤੇ ਜਾਣ ਦਾ ਸਮਾਚਾਰ ਹੈ। ਸਬ-ਇੰਸਪੈਕਟਰ ਅਰਸ਼ਦੀਪ ਸ਼ਰਮਾ ਨੇ ਦੱਸਿਆ ਕਿ ਮੁਖਬਰੀ ਮਿਲੀ ਸੀ ਕਿ ਸਰਹਿੰਦ ਮੰਡੀ ਦੇ ਰਾਣਾ ਹਸਪਤਾਲ ਨਜ਼ਦੀਕ ਸਥਿਤ ਇੱਕ ਘਰ 'ਚ ਬੈਠੇ ਕੁਝ ਵਿਅਕਤੀ ਆਰ.ਸੀ.ਬੀ. ਤੇ ਡੀ.ਸੀ. ਦਰਮਿਆਨ ਖੇਡੇ ਜਾ ਰਹੇ ਆਈ.ਪੀ.ਐਲ. ਮੈਚ 'ਤੇ ਸੱਟਾ ਲਵਾ ਰਹੇ ਹਨ, ਜਿਸ 'ਤੇ ਸਰਹਿੰਦ ਮੰਡੀ ਚੌਕੀ ਦੇ ਸਹਾਇਕ ਥਾਣੇਦਾਰ ਮਨਜੀਤ ਸਿੰਘ ਵੱਲੋਂ ਪੁਲਸ ਪਾਰਟੀ ਸਮੇਤ ਦੱਸੀ ਗਈ ਜਗ੍ਹਾ 'ਤੇ ਛਾਪੇਮਾਰੀ ਕਰਦਿਆਂ ਬਲਜੀਤ ਸਿੰਘ ਤੇ ਸੰਜੀਵ ਕੁਮਾਰ ਨਾਮਕ ਵਿਅਕਤੀਆਂ ਨੂੰ 24 ਹਜ਼ਾਰ ਰੁਪਏ ਦੀ ਰਕਮ, ਸੈਮਸੰਗ ਟੈਬ ਤੇ 3 ਮੋਬਾਈਲ ਫੋਨਾਂ ਸਮੇਤ ਕਾਬੂ ਕਰ ਲਿਆ ਗਿਆ। ਉਪਰੋਕਤ ਵਿਅਕਤੀਆਂ ਵਿਰੁੱਧ ਥਾਣਾ ਫ਼ਤਹਿਗੜ੍ਹ ਸਾਹਿਬ ਵਿਖੇ ਅ/ਧ 13(ਏ)/3/67 ਗੈਂਬਲਿੰਗ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

# ਜਲੰਧਰ ਦੀ ਜ਼ਿਮਨੀ ਚੋਣ ਸ਼ਾਨ ਨਾਲ ਜਿੱਤਾਂਗੇ : ਬਰਾੜ


ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਆਪ ਆਗੂ ਮਹਿੰਗਾ ਸਿੰਘ ਬਰਾੜ।

**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**-ਭਗਵੰਤ ਮਾਨ ਦੀ ਅਗਵਾਈ ਵਿੱਚ ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵਿਧਾਨ ਸਭਾ ਚੋਣਾਂ ਦੌਰਾਨ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਲਗਾਤਾਰ ਪੂਰਾ ਕਰਨ ਵਿੱਚ ਲੱਗੀ ਹੋਈ ਹੈ। ਸਰਕਾਰ ਵੱਲੋਂ ਰੰਗਲਾ ਪੰਜਾਬ ਬਣਾਉਣ ਦੀਆਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਕਰਕੇ ਸੂਬੇ ਦੇ ਲੋਕ ਆਪ ਸਰਕਾਰ ਤੋਂ ਖੁਸ਼ ਨਜ਼ਰ ਆ ਰਹੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਸ਼ੁਤਰਾਣਾ ਤੋਂ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਮਹਿੰਗਾ ਸਿੰਘ ਬਰਾੜ ਨੇ ਜਲੰਧਰ ਲੋਕ ਸਭਾ ਸੀਟ ਲਈ ਚੋਣ ਪ੍ਰਚਾਰ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਆਪ ਆਗੂ ਮਹਿੰਗਾ ਸਿੰਘ ਬਰਾੜ ਨੇ ਕਿਹਾ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਨੇ ਸੂਬੇ ਦੀ ਜਨਤਾ ਨੂੰ ਜੋ ਗਰੰਟੀਆਂ ਦਿੱਤੀਆਂ ਸੀ, ਨੂੰ 'ਆਪ' ਸਰਕਾਰ ਲਗਾਤਾਰ ਪੂਰਾ ਕਰਨ 'ਚ ਲੱਗੀ ਹੋਈ ਹੈ। ਮੁਹੱਲਾ ਕਲੀਨਿਕ, ਘਰੇਲੂ ਬਿਜਲੀ ਬਿੱਲਾਂ ਦੀ ਮਾਫੀ, 27 ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਨੌਕਰੀਆਂ ਤੇ ਐਮੀਨੈਂਸ ਸਕੂਲਾਂ ਵਰਗੀਆਂ ਵਿਸ਼ਵ ਪੱਧਰੀ ਸਹੂਲਤਾਂ ਸੂਬੇ ਦੇ ਲੋਕਾਂ ਨੂੰ ਮਿਲਣ ਲੱਗੀਆਂ ਹਨ। ਉਨ੍ਹਾਂ ਦਾਅਵਾ ਕੀਤਾ ਕਿ ਇਨ੍ਹਾਂ ਲੋਕ ਪੱਖੀ ਨੀਤੀਆਂ ਕਰਕੇ ਸੂਬੇ ਦੇ ਲੋਕ ਖੁਸ਼ ਹਨ। ਜਲੰਧਰ ਦੀ ਜ਼ਿਮਨੀ ਚੋਣ ਦੌਰਾਨ ਆਮ ਆਦਮੀ ਪਾਰਟੀ ਸ਼ਾਨਦਾਰ ਜਿੱਤ ਹਾਸਲ ਕਰੇਗੀ। ਅਮਨ ਕਾਨੂੰਨ ਦੀ ਸਥਿਤੀ ਨੂੰ ਲੈ ਕੇ ਅਕਾਲੀਆਂ ਤੇ ਕਾਂਗਰਸੀਆਂ ਵੱਲੋਂ ਕੀਤੇ ਜਾ ਰਹੇ ਹਮਲਿਆਂ ਦਾ ਜਵਾਬ ਦਿੰਦਿਆਂ ਕਿਹਾ ਕਿ ਭਗਵੰਤ ਮਾਨ ਦੀ ਅਗਵਾਈ ਵਿੱਚ ਅਮਨ ਕਾਨੂੰਨ ਦੀ ਸਥਿਤੀ ਨੂੰ ਕੋਈ ਖਤਰਾ ਨਹੀਂ ਹੈ, ਸਗੋਂ ਇਹ ਵਿਰੋਧੀਆਂ ਵੱਲੋਂ ਪਾਇਆ ਜਾ ਰਿਹਾ ਬੇਲੋੜਾ ਰੌਲਾ ਹੈ, ਅਮ੍ਰਿਤਪਾਲ ਦੇ ਕੇਸ ਵਿੱਚ ਸਰਕਾਰ ਵੱਲੋਂ ਵਰਤੀ ਗਈ ਸੂਝ-ਬੂਝ ਇਸ ਦਾ ਪ੍ਰਤੱਖ ਪ੍ਰਮਾਣ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਖਵਿੰਦਰ ਸਿੰਘ ਕੋਟਲੀ, ਬਲਾਕ ਪ੍ਰਧਾਨ ਜਗਤਾਰ ਸਿੰਘ, ਹਰਿਦਰ ਸਿੰਘ ਚੱਠਾ, ਹਰਦੀਪ ਸਿੰਘ ਸ਼ਾਹਪੁਰ, ਗੁਰਮੀਤ ਸਿੰਘ ਸਰਪੰਚ, ਸਤਗੁਰ ਸਿੰਘ ਕੋਟਲੀ, ਸਤਨਾਮ ਸਿੰਘ ਆਦਿ ਮੌਜੂਦ ਸਨ।

# ਜਾਲ੍ਹੀ ਦਸਤਾਵੇਜ਼ਾਂ 'ਤੇ ਕਰਜ਼ਾ ਲੈਣ ਵਾਲੇ ਅੱਧੀ ਦਰਜਨ ਮੁਲਜ਼ਮਾਂ ਖਿਲਾਫ ਪਰਚਾ ਦਰਜ

■ ਮੁਲਜ਼ਮਾਂ 'ਚ ਭਾਰ ਰਹਿਤ ਸਰਟੀਫਿਕੇਟ ਸਮੇਤ ਹੋਰ ਕਾਗਜ਼ੀ ਦੋਸ਼ੀ ਸ਼ਾਮਲ

**ਫਾਜ਼ਿਲਕਾ (ਕ੍ਰਿਸ਼ਨ ਸਿੰਘ)**
ਪੁਲਸ ਵੱਲੋਂ ਅਕਸਰ ਕਈ ਇਸ ਤਰ੍ਹਾਂ ਦੇ ਪਰਚੇ ਦਰਜ ਕੀਤੇ ਜਾਣ ਦੇ ਮਾਮਲੇ ਸਾਹਮਣੇ ਆਉਂਦੇ ਰਹਿੰਦੇ ਹਨ, ਜਿਨ੍ਹਾਂ ਨੂੰ ਜਾਣ ਕੇ ਹਰ ਕੋਈ ਹੈਰਾਨ ਹੋ ਜਾਂਦਾ ਹੈ। ਤਾਜ਼ਾ ਮਾਮਲਾ ਥਾਣਾ ਸਿਟੀ ਫਾਜ਼ਿਲਕਾ ਪੁਲਸ ਵੱਲੋਂ ਦਰਜ ਕੀਤਾ ਗਿਆ ਹੈ, ਜਿਸ ਨੂੰ ਜਾਨਣ ਤੋਂ ਬਾਅਦ ਹਰ ਕਿਸੇ ਦਾ ਹੈਰਾਨ ਹੋਣਾ ਸੁਭਾਵਿਕ ਹੀ ਹੈ।

ਹਾਲ ਹੀ ਵਿੱਚ ਥਾਣਾ ਸਿਟੀ ਫਾਜ਼ਿਲਕਾ ਵਿਖੇ ਐੱਸ ਬੀ ਆਈ ਸ਼ਾਖਾ ਫਾਜ਼ਿਲਕਾ ਤੋਂ ਕਰਜ਼ਾ ਲੈ ਕੇ ਉਸ ਨੂੰ ਵਾਪਸ ਨਾ ਕਰਨ ਸਬੰਧੀ ਪੁਲਸ ਵੱਲੋਂ ਮਾਮਲਾ ਦਰਜ ਕੀਤਾ ਗਿਆ ਹੈ। ਥਾਣਾ ਸਿਟੀ ਫਾਜ਼ਿਲਕਾ ਵਿਖੇ ਦਰਜ ਹੋਏ ਇਸ ਮਾਮਲੇ 'ਚ ਤਿੰਨ ਵਿਅਕਤੀਆਂ ਖਿਲਾਫ ਉਨ੍ਹਾਂ ਦੇ ਨਾਂ 'ਤੇ ਅਤੇ ਚਾਰਾਂ ਖਿਲਾਫ ਬਿਨਾਂ ਨਾਮ ਤੋਂ ਉਨ੍ਹਾਂ ਦੀ ਪੋਸਟ ਅਨੁਸਾਰ ਮਾਮਲਾ ਦਰਜ ਕੀਤਾ ਗਿਆ ਹੈ। ਥਾਣਾ ਸਿਟੀ ਫਾਜ਼ਿਲਕਾ 'ਚ ਦਰਜ ਮਾਮਲੇ 'ਚ ਦੱਸਿਆ ਗਿਆ ਹੈ ਕਿ ਐੱਸ.ਬੀ.ਆਈ. ਦੀ ਮੇਨ ਬ੍ਰਾਂਚ ਫਾਜ਼ਿਲਕਾ ਦੇ ਬੀ ਐੱਮ ਕਮਲ ਕਾਂਤ ਕੁਕਰੇਜਾ ਦੀ ਸ਼ਿਕਾਇਤ 'ਤੇ ਬੈਂਕ ਤੋਂ ਜਾਲ੍ਹੀ ਦਸਤਾਵੇਜ਼ਾਂ 'ਤੇ 24.50 ਲੱਖ ਰੁਪਏ ਦਾ ਕਰਜ਼ਾ ਲੈਣ ਵਾਲੇ ਅੱਧੀ ਦਰਜਨ ਮੁਲਜ਼ਮਾਂ ਖਿਲਾਫ ਇਹ ਮਾਮਲਾ ਦਰਜ ਕੀਤਾ ਗਿਆ ਹੈ। ਇਨ੍ਹਾਂ ਮੁਲਜ਼ਮਾਂ ਵਿੱਚ ਚਿਮਨ ਲਾਲ ਵਾਸੀ ਜੁਨੇਜਾ ਗਲੀ ਮਲਕਾਣਾ ਮੁਹੱਲਾ ਫਾਜ਼ਿਲਕਾ, ਰਾਜੇਸ਼ ਕੁਮਾਰ ਮਿੱਢਾ ਵਾਸੀ ਬਾਗ ਕਲੋਨੀ ਜਲਾਲਾਬਾਦ, ਅਨੁਰਾਗ ਨਾਗਪਾਲ ਵਾਸੀ ਸੁੰਦਰ ਨਗਰੀ ਅਬੋਹਰ ਤੋਂ ਇਲਾਵਾ ਐੱਸ.ਬੀ.ਆਈ. ਦੇ ਫੀਲਡ ਮੈਨੇਜਰ, ਨਕਸ਼ਾ ਨਵੀਸ ਵਾਸੀ ਫਾਜ਼ਿਲਕਾ, ਭਾਰ ਰਹਿਤ ਦਫਤਰੀ ਸਰਟੀਫਿਕੇਟ ਤੇ ਫਾਜ਼ਿਲਕਾ ਅਫਸਰ ਸ਼ਾਮਲ ਹਨ। ਪੁਲਸ ਅਨੁਸਾਰ ਇਨ੍ਹਾਂ ਮੁਲਜ਼ਮਾਂ ਨੇ ਜਾਲ੍ਹੀ ਦਸਤਾਵੇਜ਼ ਲਿਆ ਕੇ ਬੈਂਕ ਮੁਲਾਜ਼ਮਾਂ ਦੀ ਮਦਦ ਨਾਲ ਮਨਜ਼ੂਰ ਕੀਤੇ 24.50 ਲੱਖ ਰੁਪਏ ਦਾ ਕੈਸ਼ ਕਰੈਡਿਟ ਹਾਸਲ ਕੀਤਾ ਸੀ, ਜੋ ਬਾਅਦ ਵਿੱਚ ਵਾਪਸ ਨਹੀਂ ਕੀਤਾ ਗਿਆ। ਐੱਸ ਐੱਸ ਪੀ ਫਾਜ਼ਿਲਕਾ ਤੋਂ ਮਨਜ਼ੂਰੀ ਮਿਲਣ ਤੋਂ ਬਾਅਦ ਇਨ੍ਹਾਂ ਮੁਲਜ਼ਮਾਂ ਖਿਲਾਫ ਮੁਕੱਦਮਾ ਨੰਬਰ 0077 ਅਧੀਨ ਧਾਰਾ 420, 465, 466, 467, 468, 471, 120ਬੀ ਤਹਿਤ ਕੇਸ ਦਰਜ ਕੀਤਾ ਗਿਆ ਹੈ।

ਇਸ ਮਾਮਲੇ ਵਿੱਚ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਤਿੰਨ ਮੁਲਜ਼ਮਾਂ ਦੇ ਨਾਮ ਤਾਂ ਸ਼ਾਮਲ ਕੀਤੇ ਗਏ ਹਨ, ਪਰ ਬਾਕੀ ਦੇ ਕੇਵਲ ਕਾਗਜ਼ੀ ਨਾਮ ਹੀ ਸ਼ਾਮਲ ਕੀਤੇ ਗਏ ਹਨ, ਜਿਨ੍ਹਾਂ ਵਿੱਚ ਐੱਸ.ਬੀ.ਆਈ. ਦੇ ਫੀਲਡ ਮੈਨੇਜਰ, ਨਕਸ਼ਾ ਨਵੀਸ ਵਾਸੀ ਫਾਜ਼ਿਲਕਾ, ਭਾਰ ਰਹਿਤ ਦਫਤਰੀ ਸਰਟੀਫਿਕੇਟ ਤੇ ਅਸੈਸਮੈਂਟ ਰਿਕਾਰਡ ਅਫਸਰ ਆਦਿ ਨਾਮ ਫਾਜ਼ਿਲਕਾ ਸ਼ਾਮਲ ਹਨ। ਹਾਲਾਂਕਿ ਜਦੋਂ ਇਸ ਮਾਮਲੇ ਸਬੰਧੀ ਜਾਂਚ ਅਧਿਕਾਰੀ ਨਾਲ ਗੱਲ ਕਰਨੀ ਚਾਹੀ ਤਾਂ ਉਨ੍ਹਾਂ ਵੱਲੋਂ ਵੀ ਕੋਈ ਸਪੱਸ਼ਟ ਜਵਾਬ ਨਹੀਂ ਦਿੱਤਾ ਗਿਆ। ਜਾਂਚ ਅਧਿਕਾਰੀ ਜਤਿੰਦਰ ਸਿੰਘ ਨੇ ਦੱਸਿਆ ਕਿ ਅਜੇ ਤੱਕ ਇਸ ਮਾਮਲੇ ਦੀ ਜਾਂਚ ਸ਼ੁਰੂ ਨਹੀਂ ਹੋਈ ਹੈ। ਇਸ ਲਈ ਉਹ ਇਸ ਬਾਰੇ ਫਿਲਹਾਲ ਕੁਝ ਨਹੀਂ ਦੱਸ ਸਕਦੇ। ਉਨ੍ਹਾਂ ਨੂੰ ਬਿਨਾਂ ਨਾਂ ਦੋਸ਼ੀਆਂ ਦੇ ਨਾਂ 'ਤੇ ਮੁਕੱਦਮਾ ਦਰਜ ਕਰਨ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਰੋਹ ਭਰੇ ਲਹਿਜੇ 'ਚ ਕਿਹਾ ਕਿ ਅਜਿਹੇ ਸਵਾਲ ਨਾ ਪੁੱਛੋ, ਜਿਨ੍ਹਾਂ ਦਾ ਕੋਈ ਜਵਾਬ ਹੀ ਨਾ ਹੋਵੇ। ਦੂਜੇ ਪਾਸੇ ਜਦੋਂ ਐੱਸ ਬੀ ਆਈ ਦੀ ਮੇਨ ਬ੍ਰਾਂਚ ਫਾਜ਼ਿਲਕਾ ਦੇ ਬੀ ਐੱਮ ਕਮਲ ਕਾਂਤ ਕੁਕਰੇਜਾ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾ ਕਿਹਾ ਕਿ ਉਹ ਹੁਣ ਬਾਹਰ ਹਨ, ਇਸ ਬਾਰੇ ਬਾਅਦ ਵਿੱਚ ਗੱਲ ਕਰਨਗੇ।

# ਕੌਮੀ ਲੋਕ ਅਦਾਲਤ 'ਚ ਲੋਕ ਸ਼ਮੂਲੀਅਤ ਕਰ ਵੱਧ ਤੋਂ ਵੱਧ ਫ਼ਾਇਦਾ ਲੈਣ : ਅਗਰਵਾਲ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਨੈਸ਼ਨਲ ਲੀਗਲ ਸਰਵਿਸਿਜ਼ ਅਥਾਰਿਟੀ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਸ੍ਰੀ ਰਾਮਾਚੰਦਰਾ ਕਾਰਜਕਾਰੀ ਚੇਅਰਮੈਨ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਿਟੀ ਐੱਸਏਐੱਸ ਨਗਰ ਤੇ ਸਮ੍ਰਿਤੀ ਧੀਰ ਵਧੀਕ ਮੈਂਬਰ ਸਕੱਤਰ ਦੀ ਰਹਿਨੁਮਾਈ ਹੇਠ ਵੀਰਇੰਦਰ ਅਗਰਵਾਲ ਜ਼ਿਲ੍ਹਾ ਤੇ ਸੈਸ਼ਨਜ਼ ਜੱਜ ਸਹਿਤ ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ ਫ਼ਿਰੋਜ਼ਪੁਰ ਵੱਲੋਂ 13 ਮਈ ਨੂੰ ਨੈਸ਼ਨਲ ਲੋਕ ਅਦਾਲਤ ਲਗਾਈ ਜਾ ਰਹੀ ਹੈ। ਇਸ ਦੇ ਸਬੰਧ ਵਿੱਚ ਵੀਰਇੰਦਰ ਅਗਰਵਾਲ ਇੰਚਾਰਜ ਜ਼ਿਲ੍ਹਾ ਤੇ ਸੈਸ਼ਨ ਜੱਜ ਨੇ ਦੱਸਿਆ ਕਿ ਇਸ ਨੈਸ਼ਨਲ ਲੋਕ ਅਦਾਲਤ ਵਿੱਚ ਧਿਰਾਂ ਦੀ ਆਪਸੀ ਸਹਿਮਤੀ ਨਾਲ ਕੇਸਾਂ ਦਾ ਨਿਪਟਾਰਾ ਕੀਤਾ ਜਾਵੇਗਾ ਤੇ ਇਸ ਲੋਕ ਅਦਾਲਤ ਵਿੱਚ ਪ੍ਰੀ-ਲਿਟੀਗੇਟਿਵ ਕੇਸ ਜੋ ਕਿ ਅਜੇ ਤੱਕ ਅਦਾਲਤ ਵਿੱਚ ਦਾਇਰ ਨਹੀਂ ਕੀਤੇ ਗਏ, ਉਹ ਵੀ ਕੇਸ ਇਸ ਲੋਕ ਅਦਾਲਤ ਨਿਪਟਾਏ ਜਾਣਗੇ। ਲੋਕ ਵੱਧ ਤੋਂ ਵੱਧ ਸ਼ਮੂਲੀਅਤ ਕਰਕੇ ਲਾਭ ਲੈਣ। ਇਸ ਲੋਕ ਅਦਾਲਤ ਵਿੱਚ ਸੰਗੀਨ ਫ਼ੌਜਦਾਰੀ ਕੇਸਾਂ ਨੂੰ ਛੱਡ ਕੇ ਜਿਵੇਂ ਕਿ ਹਰ ਕਿਸਮ ਦੇ ਦੀਵਾਨੀ ਕੇਸ, ਪਰਿਵਾਰਕ ਝਗੜੇ, ਰੈਵੀਨਿਊ ਕੇਸ, ਚੈੱਕ ਬਾਊਂਸ ਆਦਿ ਕੇਸਾਂ ਦੀ ਇਸ ਲੋਕ ਅਦਾਲਤ ਵਿੱਚ ਸੁਣਵਾਈ ਕੀਤੀ ਜਾਵੇਗੀ। ਇਸ ਤੋਂ ਇਲਾਵਾ ਬੈਂਕ ਲੋਨ ਕੇਸ, ਬੀਮਾ ਰਿਕਵਰੀ ਕੇਸਾਂ ਦੀ ਵੀ ਸੁਣਵਾਈ ਹੋਵੇਗੀ। ਇਸ ਲੋਕ ਅਦਾਲਤ ਵਿੱਚ ਫ਼ੈਸਲਾ ਹੋਏ ਕੇਸਾਂ ਦੀ ਕੋਈ ਅਪੀਲ-ਦਲੀਲ ਨਹੀਂ ਹੁੰਦੀ ਹੈ, ਲੋਕ ਅਦਾਲਤ ਵਿੱਚ ਹੋਏ ਫ਼ੈਸਲੇ ਨੂੰ ਡਿਕਰੀ ਦੀ ਮਾਨਤਾ ਪ੍ਰਾਪਤ ਹੈ ਤੇ ਇਹ ਫ਼ੈਸਲੇ ਤਸੱਲੀਬਖ਼ਸ਼ ਹੁੰਦੇ ਹਨ ਅਤੇ ਧਿਰਾਂ ਨੂੰ ਮੁਕੱਦਮੇਬਾਜ਼ੀ ਤੋਂ ਮੁਕਤੀ ਮਿਲਦੀ ਹੈ। ਇਸ ਮੌਕੇ ਮਿਸ ਏਕਤਾ ਉਪਲ ਚੀਫ਼ ਜੁਡੀਸ਼ੀਅਲ ਮੈਜਿਸਟਰੇਟ ਸਹਿਤ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ ਫ਼ਿਰੋਜ਼ਪੁਰ ਵੀ ਮੌਜੂਦ ਸਨ। ਇਸ ਮੌਕੇ ਉਨ੍ਹਾਂ ਦੱਸਿਆ ਕਿ ਜੇਕਰ ਕਿਸੇ ਵੀ ਵਿਅਕਤੀ ਨੂੰ ਇਸ ਲੋਕ ਅਦਾਲਤ ਸਬੰਧੀ ਕੋਈ ਵੀ ਲੋੜੀਂਦੀ ਜਾਣਕਾਰੀ ਚਾਹੀਦੀ ਹੋਵੇ ਤਾਂ ਉਹ ਹਰੇਕ ਕੰਮ ਕਾਜ ਵਾਲੇ ਦਿਨ ਦਫ਼ਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ ਫ਼ਿਰੋਜ਼ਪੁਰ ਨਾਲ ਸੰਪਰਕ ਕਰ ਸਕਦਾ ਹੈ।

# ਕਾਵਿ ਸੰਗ੍ਰਹਿ 'ਆਪਣੇ ਹਿੱਸੇ ਦੀ ਚੁੱਪ' ਲੋਕ ਅਰਪਣ



**ਮੱਖੂ (ਰਛਪਾਲ ਸਿੰਘ ਸੰਧੂ)**
ਜ਼ਿਲ੍ਹਾ ਭਾਸ਼ਾ ਅਫਸਰ ਫਿਰੋਜ਼ਪੁਰ ਤੇ ਕਲਾ ਮੰਚ ਮੱਖੂ ਦੇ ਸਹਿਯੋਗ ਨਾਲ ਕਿੰਡਰਗਾਰਡਨ ਸੀਨੀਅਰ ਸੈਕੰਡਰੀ ਸਕੂਲ ਮੱਖੂ 'ਚ ਇੱਕ ਸਾਦਾ ਤੇ ਪ੍ਰਭਾਵਸ਼ਾਲੀ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਉੱਘੇ ਸਾਹਿਤਕਾਰ ਤੇ ਲੇਖਕ ਜੀਵਨ ਸਿੰਘ 'ਹਾਣੀ' ਦੀ ਪੁਸਤਕ 'ਆਪਣੇ ਹਿੱਸੇ ਦੀ ਚੁੱਪ' ਕਾਵਿ ਸੰਗ੍ਰਹਿ ਭਾਸ਼ਾ ਅਫਸਰ ਫਿਰੋਜ਼ਪੁਰ ਡਾ. ਜਗਦੀਪ ਸੰਧੂ ਤੇ ਸੇਵਾ ਮੁਕਤ ਜ਼ਿਲ੍ਹਾ ਸਿੱਖਿਆ ਅਫਸਰ ਦਰਸ਼ਨ ਸਿੰਘ ਕਟਾਰੀਆ ਵੱਲੋਂ ਲੋਕ ਅਰਪਣ ਕੀਤੀ ਗਈ ਅਤੇ ਪ੍ਰੋ: ਉਸਤਾਦ ਜਸਪਾਲ ਘਈ ਨੂੰ ਮਹਿੰਦਰ ਸਾਥੀ ਯਾਦਗਾਰੀ ਸ਼੍ਰੋਮਣੀ ਗਜ਼ਲਕਾਰ ਐਵਾਰਡ ਨਾਲ ਸਨਮਾਨਤ ਕੀਤਾ ਗਿਆ। ਇਸ ਮੌਕੇ ਜਸਬੀਰ ਸਿੰਘ ਕਟਾਰੀਆ ਤੇ ਜੀਵਨ ਸਿੰਘ 'ਹਾਣੀ' ਵੱਲੋਂ ਆਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਗਿਆ। ਭਾਸ਼ਾ ਅਫਸਰ ਜਗਦੀਪ ਸੰਧੂ ਤੇ ਉਸਤਾਦ ਪ੍ਰੋ: ਜਸਪਾਲ ਘਈ ਨੇ ਕਿਹਾ ਕਿ ਜੀਵਨ ਸਿੰਘ 'ਹਾਣੀ' ਇੱਕ ਵਧੀਆ ਫਿਕਰਮੰਦ ਲੇਖਕ ਹਨ, ਜੋ ਸਮਾਜ ਦੇ ਵੱਖ ਵੱਖ ਵਰਤਾਰਿਆਂ ਦੀਆਂ ਦੁਸ਼ਵਾਰੀਆਂ 'ਤੇ ਚਿੰਤਨ ਕਰਦੇ ਹਨ। ਉਨ੍ਹਾਂ ਦੇ ਕਾਵਿ ਸੰਗ੍ਰਹਿ ਵਿੱਚ ਆਪਣੇ ਅੰਦਰ ਦੀ ਗਹਿਰਾਈ ਨੂੰ ਬਹੁਤ ਵਧੀਆ ਢੰਗ ਨਾਲ ਲਿਖਿਆ ਹੈ। ਪ੍ਰੋਗਰਾਮ ਵਿੱਚ ਸ਼ਾਮਲ ਹੋਏ ਉੱਘੇ ਸਾਹਿਤਕਾਰ ਹਰਮੀਤ ਵਿਦਿਆਰਥੀ, ਬੇਅੰਤ ਕੌਰ ਮੋਗਾ, ਅਮਰਜੀਤ ਸਨੇਰਵੀ ਤੇ ਹੋਰ ਪਹੁੰਚੇ ਸਾਹਿਤਕਾਰਾਂ ਵੱਲੋਂ ਆਪਣੀਆਂ ਕਵਿਤਾਵਾਂ, ਗੀਤ, ਰਚਨਾਵਾਂ ਸਰੋਤਿਆਂ ਅੱਗੇ ਪੇਸ਼ ਕੀਤੀਆਂ ਗਈਆਂ। ਸਟੇਜ ਸੈਕਟਰੀ ਦੀ ਭੂਮਿਕਾ ਸੁਖਬੀਰ ਮੁਹੱਬਤ ਵੱਲੋਂ ਬਾਖੂਬੀ ਨਿਭਾਈ ਗਈ। ਇਸ ਮੌਕੇ ਵਿਵੇਕ ਕੁਮਾਰ ਕੋਟ ਈਸੇ ਖਾਂ, ਗੁਰਦੇਵ ਸਿੰਘ ਗਾਬਾ, ਗੁਲਸ਼ਨ ਕੁਮਾਰ, ਦਵਿੰਦਰ ਸਿੰਘ ਛਾਬੜਾ, ਅਮਰਜੀਤ ਕੌਰ ਛਾਬੜਾ, ਅਜੇ ਗਾਬਾ, ਮਨਪ੍ਰੀਤ ਸਿੰਘ, ਦਿਲਪ੍ਰੀਤ ਸਿੰਘ, ਗੁਰਸ਼ਰਨ ਸਿੰਘ, ਪਵਨ ਕੁਮਾਰ, ਜਗਜੀਤ ਸਿੰਘ, ਸਰਬਜੀਤ ਸਿੰਘ, ਜੀਰਾ ਸਿੰਘ ਨਾਰੰਗ, ਹਰਭਿੰਦਰ ਸਿੰਘ, ਸੰਤੋਖ ਸਿੰਘ, ਪ੍ਰੇਮ ਕੁਮਾਰ ਗਰੋਵਰ, ਰਾਜ ਅਰੋੜਾ, ਸੁਖਵਿੰਦਰ ਸਿੰਘ ਸਹਿਜ਼ਾਦਾ, ਭਜਨ ਪੇਂਟਰ, ਸਰਬਜੀਤ ਸਿੰਘ ਪੱਧਰੀ, ਮਹਿੰਦਰ ਮਖੂ, ਬਲਵਿੰਦਰ ਸਿੰਘ, ਅਜੇ ਪਾਲ, ਡਾ. ਬੂਟਾ ਸਿੰਘ, ਹਰਜੀਤ ਬੇਦੀ, ਸੁਖਜਿੰਦਰ, ਰਣਜੀਤ ਕੁਮਾਰ, ਦਿਲਬਾਗ ਸਿੰਘ, ਸੁਖਚਰਨ ਸਿੰਘ ਸਿੱਧੂਆਂ, ਗੁਰਦੀਪ ਖਿੰਡਾ, ਸੁਖਦੇਵ ਭੱਟੀ, ਸੱਤਪਾਲ ਭੁੱਲਰ, ਹਰੀ ਸਿੰਘ ਸੰਧੂ, ਗੀਤਾ ਦੇਵੀ, ਕਿਰਨ ਪੇਂਟਰ, ਐੱਸ ਕਮਲ ਵੋਹਰਾ, ਧਾਮੀ ਗਿੱਲ, ਗੁਰਪ੍ਰੀਤ, ਹਰਸ਼ ਵਰਧਨ, ਹਰੀਦਾਸ ਚੌਹਾਨ, ਸ਼ੁਭਮ ਚੌਹਾਨ, ਪੱਤਰਕਾਰ ਵਰਿੰਦਰ ਮਨਚੰਦਾ, ਮੇਜਰ ਸਿੰਘ ਥਿੰਦ, ਜਸਵੰਤ ਸਿੰਘ ਗੋਗੀਆ, ਰਾਜ ਹਰੀਕੇ, ਫਰਮਾਨਜੀਤ ਸਿੰਘ, ਅਦਿੱਤਿਆ ਰਾਜ, ਕਾਜਲ ਮੌਜੂਦ ਸਨ।

# ਖੰਡਰ ਇਮਾਰਤਾਂ ਵਾਲੇ ਪ੍ਰਾਇਮਰੀ ਸਕੂਲਾਂ ਨੂੰ ਬਣਾਵਾਂਗੇ ਸੁੰਦਰ : ਬੈਂਸ

**ਸਰਕਾਰੀ ਪ੍ਰਾਇਮਰੀ ਸਕੂਲ ਆਲਮਵਾਲਾ ਦੀਆਂ ਤਸਵੀਰਾਂ ਸੋਸ਼ਲ ਮੀਡੀਏ ਰਾਹੀਂ ਸਾਂਝੀਆਂ ਕਰਕੇ ਕੀਤੀ ਤਾਰੀਫ ਤੇ ਪੰਜ ਲੱਖ ਦੀ ਗ੍ਰਾਂਟ ਦੇਣ ਦਾ ਕੀਤਾ ਐਲਾਨ**



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਜ਼ਿਲ੍ਹੇ ਦੇ ਸਰਕਾਰੀ ਪ੍ਰਾਇਮਰੀ ਸਕੂਲ ਆਲਮਵਾਲਾ ਦੀਆਂ ਖੂਬਸੂਰਤ ਤਸਵੀਰਾਂ ਸੋਸ਼ਲ ਮੀਡੀਏ ਰਾਹੀਂ ਸਾਂਝੀਆਂ ਕਰਕੇ ਖੂਬ ਤਾਰੀਫ ਕੀਤੀ। ਸ੍ਰ. ਬੈਂਸ ਨੇ ਆਪਣੇ ਫੇਸਬੁੱਕ ਪੇਜ ਤੇ ਟਵਿੱਟਰ 'ਤੇ ਲਿਖਿਆ, "ਫਰਕ ਤਾਂ ਹੈ...ਸਰਕਾਰੀ ਪ੍ਰਾਇਮਰੀ ਸਕੂਲ ਆਲਮਵਾਲਾ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ, ਇਹ ਵਿਧਾਨ ਸਭਾ ਹਲਕਾ ਲੰਬੀ ਦਾ ਸਕੂਲ ਹੈ, ਹਲਕਾ ਲੰਬੀ ਹੋਣ ਕਾਰਨ, ਸਕੂਲ ਦੀ ਪਹਿਲਾਂ ਦੀ ਤਸਵੀਰ ਅਤੇ ਸ. ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਾਲੀ ਸਰਕਾਰ ਬਣਨ ਤੋਂ ਬਾਅਦ ਦੀ ਤਸਵੀਰ ਆਪਣੇ ਆਪ ਬਹੁਤ ਕੁਝ ਬਿਆਨ ਕਰਦੀ ਹੈ।" ਸਿੱਖਿਆ ਮੰਤਰੀ ਸ੍ਰ. ਬੈਂਸ ਨੇ ਇਸ ਸਕੂਲ ਨੂੰ ਹੋਰ ਸ਼ਾਨਦਾਰ ਬਣਾਉਣ ਵਾਸਤੇ 5 ਲੱਖ ਰੁਪਏ ਦੀ ਹੋਰ ਗ੍ਰਾਂਟ ਭੇਜਣ ਬਾਰੇ ਲਿਖਦਿਆਂ ਕਿਹਾ ਕਿ ਅਸੀਂ ਪੰਜਾਬ ਦੇ ਸਮੁੱਚੇ ਸਿੱਖਿਆ ਸਿਸਟਮ 'ਚ ਸੁਧਾਰ ਕਰਕੇ ਵਿਦਿਆਰਥੀਆਂ ਨੂੰ ਉੱਚ ਮਿਆਰੀ ਸਕੂਲ ਸਿੱਖਿਆ ਮੁਹੱਈਆ ਕਰਵਾਉਣ ਦੀ ਆਪਣੀ ਵਚਨਬੱਧਤਾ ਨੂੰ ਮੁੜ ਦੁਹਰਾਉਂਦਿਆਂ ਮੈਂ ਵਿਸ਼ਵਾਸ ਦੁਆਉਂਦਾ ਹਾਂ ਕਿ ਆਉਣ ਵਾਲੇ ਛੇ ਮਹੀਨਿਆਂ ਦੌਰਾਨ ਹੀ ਪੰਜਾਬ ਦੇ ਲੋਕਾਂ ਨੂੰ ਖੰਡਰ ਬਣ ਚੁੱਕੇ ਬਹੁਤ ਸਾਰੇ ਪ੍ਰਾਇਮਰੀ ਸਕੂਲਾਂ ਦੀਆਂ ਅਜਿਹੀਆਂ ਹੋਰ ਸ਼ਾਨਦਾਰ ਇਮਾਰਤਾਂ ਦੇਖਣ ਨੂੰ ਮਿਲਣਗੀਆਂ। ਸਿੱਖਿਆ ਮੰਤਰੀ ਅਨੁਸਾਰ ਚੋਣਵੇਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਦੇ ਪ੍ਰਿੰਸੀਪਲਾਂ ਤੇ ਅਧਿਆਪਕਾਂ ਨੂੰ ਵਿਸ਼ੇਸ਼ ਟਰੇਨਿੰਗ ਦੇਣ ਲਈ ਬਾਹਰ ਭੇਜਿਆ ਗਿਆ ਸੀ, ਇਸੇ ਲੜੀ ਤਹਿਤ ਹੁਣ ਸਰਕਾਰੀ ਪ੍ਰਾਇਮਰੀ ਸਕੂਲਾਂ ਦੇ ਚੋਣਵੇਂ ਪ੍ਰਿੰਸੀਪਲ ਤੇ ਅਧਿਆਪਕਾਂ ਨੂੰ ਵੀ ਵਿਸ਼ੇਸ਼ ਟਰੇਨਿੰਗ ਦਿਵਾਉਣ ਲਈ ਬਾਹਰ ਭੇਜਿਆ ਜਾਵੇਗਾ।

# ਓਲੰਪੀਅਨ ਮੁੱਕੇਬਾਜ਼ ਕੌਰ ਸਿੰਘ ਨੂੰ ਅੰਤਮ ਅਰਦਾਸ ਮੌਕੇ ਨਿੱਘੀਆਂ ਸ਼ਰਧਾਂਜਲੀਆਂ

■ ਪੰਜਾਬ ਸਰਕਾਰ ਵੱਲੋਂ ਛੇਤੀ ਹੀ ਯਾਦਗਾਰ ਦੀ ਉਸਾਰੀ ਕੀਤੀ ਜਾਵੇਗੀ : ਚੀਮਾ


ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਸੰਬੋਧਨ ਕਰਦੇ ਹੋਏ।

**ਦਿੜ੍ਹਬਾ ਮੰਡੀ (ਜਸਵੀਰ ਲਾਡੀ)**-ਦੇਸ਼ ਦੇ ਮਹਾਨ ਮੁੱਕੇਬਾਜ਼ ਪਦਮਸ੍ਰੀ ਤੇ ਅਰਜੁਨ ਐਵਾਰਡ ਕੌਰ ਸਿੰਘ ਨਮਿੱਤ ਪਾਠ ਦਾ ਭੋਗ ਤੇ ਅੰਤਿਮ ਅਰਦਾਸ ਮੌਕੇ ਅੱਜ ਵੱਡੀ ਗਿਣਤੀ ਵਿੱਚ ਵੱਖ-ਵੱਖ ਸ਼ਖ਼ਸੀਅਤਾਂ ਵੱਲੋਂ ਵਿੱਛੜੀ ਰੂਹ ਨੂੰ ਨਿੱਘੀਆਂ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਪਿੰਡ ਖਨਾਲ ਖੁਰਦ ਦੇ ਗੁਰਦੁਆਰਾ ਸਾਹਿਬ ਵਿਖੇ ਆਯੋਜਿਤ ਸ਼ਰਧਾਂਜਲੀ ਸਮਾਰੋਹ ਦੌਰਾਨ ਪੰਜਾਬ ਦੇ ਵਿੱਤ ਮੰਤਰੀ ਸ੍ਰੀ ਹਰਪਾਲ ਸਿੰਘ ਚੀਮਾ ਨੇ ਵਿੱਛੜੀ ਰੂਹ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਸਵ. ਕੌਰ ਸਿੰਘ ਵੱਲੋਂ ਖੇਡਾਂ ਦੇ ਖੇਤਰ ਵਿੱਚ ਪਾਏ ਬੇਮਿਸਾਲ ਯੋਗਦਾਨ ਨੂੰ ਯਾਦ ਕੀਤਾ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਵੱਲੋਂ ਸ੍ਰ. ਕੌਰ ਸਿੰਘ ਦੀ ਜੀਵਨੀ ਨੂੰ ਸਕੂਲੀ ਸਿਲੇਬਸ ਦਾ ਹਿੱਸਾ ਬਣਾਇਆ ਗਿਆ ਹੈ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਸ ਮਹਾਨ ਮੁੱਕੇਬਾਜ਼ ਦੀ ਦੇਣ ਨੂੰ ਸਿਜਦਾ ਕਰਦਿਆਂ ਪਿੰਡ ਖਨਾਲ ਖੁਰਦ ਦੇ ਸਰਕਾਰੀ ਸਕੂਲ ਦਾ ਨਾਮ ਸੂਬੇਦਾਰ ਕੌਰ ਸਿੰਘ ਦੇ ਨਾਂ 'ਤੇ ਰੱਖਿਆ ਜਾਵੇਗਾ।

ਕੈਬਨਿਟ ਮੰਤਰੀ ਸ੍ਰੀ ਚੀਮਾ ਨੇ ਕਿਹਾ ਕਿ ਖਨਾਲ ਖੁਰਦ ਜਿਹੇ ਛੋਟੇ ਜਿਹੇ ਪਿੰਡ ਵਿੱਚੋਂ ਉੱਠ ਕੇ ਸ੍ਰੀ ਕੌਰ ਸਿੰਘ ਨੇ ਮੁੱਕੇਬਾਜ਼ੀ ਵਿੱਚ ਆਪਣਾ ਲੋਹਾ ਮੰਨਵਾਇਆ ਤੇ ਬੇਹੱਦ ਸੀਮਤ ਸਾਧਨਾਂ ਦੇ ਬਾਵਜੂਦ ਕੌਮੀ ਤੇ ਕੌਮਾਂਤਰੀ ਪੱਧਰ ਉੱਤੇ ਸ਼ਾਨਦਾਰ ਜਿੱਤਾਂ ਦਰਜ ਕਰਕੇ ਪੂਰੀ ਦੁਨੀਆ ਵਿੱਚ ਨਾਮਣਾ ਖੱਟਿਆ। ਕੈਬਨਿਟ ਮੰਤਰੀ ਨੇ ਕਿਹਾ ਕਿ ਪਦਮਸ੍ਰੀ ਕੌਰ ਸਿੰਘ ਦੀ ਇਸ ਦੇਣ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਕਿ ਪਿੰਡ ਵਾਸੀਆਂ ਦੀ ਸਲਾਹ ਨਾਲ ਪੰਜਾਬ ਸਰਕਾਰ ਵੱਲੋਂ ਛੇਤੀ ਹੀ ਓਲੰਪੀਅਨ ਮੁੱਕੇਬਾਜ਼ ਕੌਰ ਸਿੰਘ ਦੀ ਯਾਦ ਵਿੱਚ ਯਾਦਗਾਰ ਦੀ ਉਸਾਰੀ ਕੀਤੀ ਜਾਵੇਗੀ ਤਾਂ ਜੋ ਬੱਚੇ ਤੇ ਨੌਜਵਾਨ ਪੀੜ੍ਹੀ ਇਸ ਮਹਾਨ ਮੁੱਕੇਬਾਜ਼ ਦੇ ਜੀਵਨ ਤੋਂ ਸੇਧ ਲੈ ਸਕਣ। ਵਿੱਤ ਮੰਤਰੀ ਸ੍ਰੀ ਚੀਮਾ ਨੇ ਕਿਹਾ ਕਿ ਕੌਰ ਸਿੰਘ ਇੱਕ ਸੰਸਥਾ ਸਨ, ਜਿਨ੍ਹਾਂ ਨੇ ਆਪਣਾ ਸਮੁੱਚਾ ਜੀਵਨ ਹੋਰਨਾਂ ਨੂੰ ਰਾਹ ਦਿਖਾਉਣ ਤੇ ਪ੍ਰੇਰਣਾ ਦੇਣ ਵਿੱਚ ਬਤੀਤ ਕੀਤਾ ਅਤੇ ਉਨ੍ਹਾਂ ਤੋਂ ਸੇਧ ਲੈ ਕੇ ਅੱਜ ਬਹੁ-ਗਿਣਤੀ ਖਿਡਾਰੀ ਕੌਮੀ ਤੇ ਕੌਮਾਂਤਰੀ ਪੱਧਰ ਉੱਤੇ ਮੱਲਾਂ ਮਾਰ ਰਹੇ ਹਨ। ਉਨ੍ਹਾ ਪੀੜਤ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ ਤੇ ਸਰਕਾਰ ਦੀ ਤਰਫੋਂ ਹਰੇਕ ਤਰ੍ਹਾਂ ਦੇ ਸਹਿਯੋਗ ਦਾ ਭਰੋਸਾ ਦਿੱਤਾ। ਇਸ ਮੌਕੇ ਪੰਜਾਬ ਦੇ ਖੇਡ ਮੰਤਰੀ ਸ੍ਰੀ ਗੁਰਮੀਤ ਸਿੰਘ ਮੀਤ ਹੇਅਰ ਵੱਲੋਂ ਸ਼ੋਕ ਸੰਦੇਸ਼ ਭੇਜ ਕੇ ਪੀੜਤ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ।

ਜ਼ਿਲ੍ਹਾ ਪ੍ਰਸ਼ਾਸਨ ਦੀ ਤਰਫੋਂ ਉੱਪ-ਮੰਡਲ ਮੈਜਿਸਟ੍ਰੇਟ ਦਿੜ੍ਹਬਾ ਸ੍ਰੀ ਰਾਜੇਸ਼ ਸ਼ਰਮਾ ਨੇ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਦਰੋਣਾਚਾਰੀਆ ਐਵਾਰਡੀ ਗੁਰਬਖਸ਼ ਸਿੰਘ ਸੰਧੂ, ਏ ਆਈ ਜੀ ਗੁਰਮੀਤ ਸਿੰਘ, ਐੱਸ ਐੱਸ ਪੀ ਵਿਜੀਲੈਂਸ ਹਰਪਾਲ ਸਿੰਘ, ਰਿਟਾ: ਜੇ ਐੱਸ ਚੀਮਾ, ਕੈਪ: ਮਨਜੀਤ ਸਿੰਘ, ਪ੍ਰੇਮ ਸ਼ਰਮਾ, ਜ਼ਿਲ੍ਹਾ ਖੇਡ ਅਫਸਰ ਰਣਬੀਰ ਸਿੰਘ ਭੰਗੂ, ਐੱਸ ਡੀ ਐੱਮ ਦਿੜ੍ਹਬਾ ਰਾਜੇਸ਼ ਸ਼ਰਮਾ, ਡੀ ਐੱਸ ਪੀ ਦਿੜ੍ਹਬਾ ਪ੍ਰਿਥਵੀ ਚਹਿਲ, ਐੱਸ ਐੱਚ ਓ ਦਿੜ੍ਹਬਾ, ਜੱਗੀ ਸਰਪੰਚ ਖਨਾਲ ਖੁਰਦ, ਕੈਪਟਨ ਬੱਲਮ ਸਿੰਘ ਸਮੇਤ ਵੱਡੀ ਗਿਣਤੀ 'ਚ ਖੇਡ ਤੇ ਸਮਾਜਿਕ ਸ਼ਖਸੀਅਤਾਂ ਨੇ ਵਿੱਛੜੀ ਰੂਹ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ।

# ਵਿਸ਼ਵ ਸਿੱਖ ਸਾਹਿਤ ਅਕਾਦਮੀ ਨੇ ਰਾਣਾ ਦਾ ਕੀਤਾ ਸਨਮਾਨ



**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੌਨੂੰ)**-ਵਿਸ਼ਵ ਸਿੱਖ ਸਾਹਿਤ ਅਕਾਦਮੀ ਪਾਇਲ ਦੀ ਮਈ ਮਹੀਨੇ ਦੀ ਮਹੀਨਾਵਾਰ ਮੀਟਿੰਗ ਗਿਆਨੀ ਦਿੱਤ ਸਿੰਘ ਯਾਦਗਾਰੀ ਖਾਲਸਾ ਲਾਇਬ੍ਰੇਰੀ ਨੇੜੇ ਸੈਕੰਡਰੀ ਸਕੂਲ ਪਾਇਲ ਵਿਖੇ ਅਕਾਦਮੀ ਦੇ ਮੁਖੀ ਜਗਦੇਵ ਸਿੰਘ ਘੁੰਗਰਾਲੀ ਤੇ ਪ੍ਰਧਾਨ ਬਲਦੇਵ ਸਿੰਘ ਰੋਹਣੋਂ ਦੀ ਦੇਖ-ਰੇਖ ਹੇਠ ਹੋਈ। ਜੱਸਾ ਸਿੰਘ ਰਾਮਗੜ੍ਹੀਆ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਜਪੁਜੀ ਸਾਹਿਬ ਜੀ ਦੀ ਅਠਾਰ੍ਹਵੀਂ ਪਾਉੜੀ ਦੀ ਵਿਆਖਿਆ ਬੜੇ ਹੀ ਭਾਵਪੂਰਤ ਤਰੀਕੇ ਨਾਲ ਕੀਤੀ ਗਈ। ਮੀਟਿੰਗ ਵਿੱਚ ਪੰਜਾਬੀ ਦੇ ਪ੍ਰਸਿੱਧ ਕਹਾਣੀਕਾਰ ਅਤੇ ਨਾਵਲਕਾਰ ਜਸਵੀਰ ਸਿੰਘ ਰਾਣਾ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਉਪਰੰਤ ਅਕਾਦਮੀ ਦੇ ਮੈਂਬਰਾਂ ਵੱਲੋਂ ਜਸਵੀਰ ਸਿੰਘ ਰਾਣਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਸਟੇਜ ਸਕੱਤਰ ਦੀ ਭੂਮਿਕਾ ਹਰਬੰਸ ਸਿੰਘ ਸਾਨ ਵੱਲੋਂ ਬਾਖੂਬੀ ਨਿਭਾਈ ਗਈ। ਰਚਨਾਵਾਂ ਦੇ ਦੌਰ ਦੀ ਸ਼ੁਰੂਆਤ ਕਰਦਿਆਂ ਦਲਵੀਰ ਸਿੰਘ ਕਲੇਰ ਨੇ ਗੀਤ ਛਾਪੇ ਮਾਰਦੇ, ਨੇਤਰ ਸਿੰਘ ਮੁਤਿਓ ਨੇ ਕਵਿਤਾ ਭੁੱਖ, ਅਵਤਾਰ ਸਿੰਘ ਉਟਾਲਾਂ ਨੇ ਗੀਤ 'ਜਨਮ ਬਹੱਤਰ ਦਾ', ਰਣਜੀਤ ਸਿੰਘ ਜੰਡਾਲੀ ਨੇ ਗੀਤ 'ਬੰਦਾ', ਪੱਪੂ ਬਲਵੀਰ ਨੇ ਗੀਤ 'ਵਤਨੀਂ ਫੇਰਾ', ਧਰਮਿੰਦਰ ਸਾਹਿਦ ਖੰਨਾ ਨੇ ਗ਼ਜ਼ਲ 'ਮਰਦੀ ਜਾਂਦੀ ਮਾਨਵਤਾ', ਬਾਵਾ ਹੋਲੀਆ ਨੇ ਗੀਤ 'ਨਣਦ ਭਰਜਾਈ', ਮਨਜੀਤ ਸਿੰਘ ਘੁੰਮਣ ਨੇ ਗੀਤ 'ਕੁਰਸੀ ਨੂੰ ਸਲਾਮ', ਚਰਨ ਸਿੰਘ ਹਰਬੰਸਪੁਰਾ ਨੇ ਕਹਾਣੀ 'ਆਪਣੇ ਲੋਕ', ਹਰਪ੍ਰੀਤ ਸਿੰਘ ਸਿਹੌੜਾ ਨੇ ਕਵਿਤਾ 'ਮੇਰੀ ਭਾਵਨਾ', ਜਿੰਮੀ ਅਹਿਮਦਗੜ੍ਹ ਨੇ ਗੀਤ 'ਕਦੇ ਕਦੇ ਮਾਂ ਘੂਰਿਆ ਕਰ', ਅਮ੍ਰਿਤਪਾਲ ਸਿੰਘ ਕਿਸ਼ਨਗੜ੍ਹ ਨੇ ਗੀਤ 'ਚਰਚੇ', ਗੀਤਾ ਕੰਮੇਵਾਲਾ ਨੇ ਗੀਤ, ਹਰਬੰਸ ਸਿੰਘ ਸਾਨ ਨੇ ਗੀਤ 'ਦਰਦ ਪੰਜਾਬ ਦਾ' ਤੇ ਜਗਦੇਵ ਸਿੰਘ ਘੁੰਗਰਾਲੀ ਨੇ ਖੁੱਲ੍ਹੀ ਕਵਿਤਾ 'ਹਾਲੇ ਅਧੂਰੀ ਹੈ' ਸੁਣਾ ਕੇ ਹਾਜ਼ਰੀ ਲਵਾਈ। ਪੜ੍ਹੀਆਂ ਰਚਨਾਵਾਂ ਦੇ ਉਸਾਰੂ ਬਹਿਸ ਕੀਤੀ ਗਈ ਅਤੇ ਯੋਗ ਸੁਝਾਅ ਵੀ ਦਿੱਤੇ। ਮੀਟਿੰਗ ਵਿੱਚ ਲਖਵੀਰ ਸਿੰਘ ਲੱਬਾ, ਹਰਜਿੰਦਰ ਸਿੰਘ ਪੱਲਾ ਤੇ ਪਰਮਵੀਰ ਸਿੰਘ ਆਦਿ ਹਾਜ਼ਰ ਸਨ।

# ਸਿੱਖ ਕੌਮ ਦੀ ਚੜ੍ਹਦੀਕਲਾ ਲਈ ਕਲਮ ਦੇ ਧਾਰਨੀ ਹੋਣ ਦੀ ਲੋੜ: ਕਾਹਲੋਂ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਸਿੱਖ ਕੌਮ ਨੂੰ ਸੱਦਾ ਦਿੱਤਾ ਹੈ ਕਿ ਮੌਜੂਦਾ ਸਮੇਂ ਵਿਚ ਕੌਮ ਦੀ ਚੜ੍ਹਦੀਕਲਾ ਵਾਸਤੇ ਕਲਮ ਦੇ ਧਾਰਨੀ ਬਣਨ ਦੀ ਜ਼ਰੂਰਤ ਹੈ। ਸਿੱਖ ਕੌਮ ਦੇ ਮਹਾਨ ਜਰਨੈਲ ਬਾਬਾ ਜੱਸਾ ਸਿੰਘ ਰਾਮਗੜ੍ਹੀਆ ਦੀ ਤੀਜੀ ਜਨਮ ਸ਼ਤਾਬਦੀ ਨੂੰ ਸਮਰਪਿਤ ਕੁਰੂਕਸ਼ੇਤਰ ਵਿਖੇ ਸਮਾਗਮ ਨੂੰ ਸੰਬੋਧਨ ਕਰਦਿਆਂ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਭਾਵੇਂ ਮਹਾਰਾਜਾ ਰਣਜੀਤ ਸਿੰਘ ਤੇ ਬਾਬਾ ਬੰਦਾ ਸਿੰਘ ਬਹਾਦਰ ਨੇ ਤਲਵਾਰ ਦੇ ਸਿਰ 'ਤੇ ਸਿੱਖ ਰਾਜ ਸਥਾਪਿਤ ਕੀਤਾ ਪਰ ਮੌਜੂਦਾ ਸਮਾਂ ਕਲਮ ਚੁੱਕਣ ਦਾ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਵਿਚ ਮਾਪਿਆਂ ਨੂੰ ਚਾਹੀਦਾ ਹੈ ਕਿ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਸਿੱਖਿਆ ਪ੍ਰਦਾਨ ਕਰਨ ਤੇ ਉਨ੍ਹਾਂ ਨੂੰ ਆਈਏਐੱਸ, ਆਈਪੀਐੱਸ, ਫੌਜ ਦੇ ਸਿਖ਼ਰਲੇ ਅਹੁਦਿਆਂ ਸਮੇਤ ਹੋਰ ਉੱਚ ਅਹੁਦਿਆਂ 'ਤੇ ਪਹੁੰਚਣ ਦੇ ਕਾਬਲ ਬਣਾਉਣ। ਉਨ੍ਹਾਂ ਕਿਹਾ ਕਿ ਸਿੱਖ ਕੌਮ ਦੀਆਂ ਸਮੁੱਚੀਆਂ ਸੰਸਥਾਵਾਂ ਨੂੰ ਵੀ ਆਪਣੇ ਸਰੋਤ ਕੌਮ ਦੇ ਉਨ੍ਹਾਂ ਲਾਇਕ ਬੱਚਿਆਂ 'ਤੇ ਖਰਚ ਕਰਨੇ ਚਾਹੀਦੇ ਹਨ ਜੋ ਦੇਸ਼ ਵਿਚ ਸਿਖ਼ਰਲੇ ਅਹੁਦਿਆਂ 'ਤੇ ਉਨ੍ਹਾਂ ਨੂੰ ਬਿਠਾ ਸਕਣ। ਉਨ੍ਹਾਂ ਕਿਹਾ ਕਿ ਇਸੇ ਵਿਚ ਹੀ ਕੌਮ ਦੀ ਚੜ੍ਹਦੀਕਲਾ ਹੈ।

ਉਨ੍ਹਾਂ ਕਿਹਾ ਕਿ ਸਾਨੂੰ ਆਪਣੇ ਸ਼ਾਨਦਾਰ ਇਤਿਹਾਸ ਨੂੰ ਸੰਭਾਲਣ ਤੇ ਇਸਨੂੰ ਘਰ-ਘਰ ਪਹੁੰਚਾਉਣ ਦੀ ਜ਼ਰੂਰਤ ਹੈ ਤਾਂ ਹੀ ਸਿੱਖ ਕੌਮ ਦੀ ਚੜ੍ਹਦੀਕਲਾ ਸੰਭਵ ਹੈ। ਉਨ੍ਹਾਂ ਕਿਹਾ ਕਿ ਕੌਮ ਨੂੰ ਇਕਜੁੱਟ ਹੋ ਕੇ ਆਪਣੇ ਇਤਿਹਾਸ ਨੂੰ ਸੰਭਾਲਣ ਦਾ ਹੰਭਲਾ ਮਾਰਨਾ ਚਾਹੀਦਾ ਹੈ। ਉਨ੍ਹਾਂ ਇਸ ਮੌਕੇ ਪ੍ਰਿਤਪਾਲ ਸਿੰਘ, ਗੁਰਭੇਜ ਸਿੰਘ ਤੇ ਸਮੁੱਚੀ ਟੀਮ ਨੂੰ ਵਧਾਈਆਂ ਦਿੱਤੀਆਂ ਜਿਨ੍ਹਾਂ ਨੇ ਇਹ ਪ੍ਰੋਗਰਾਮ ਆਯੋਜਿਤ ਕਰਨ ਦਾ ਉਪਰਾਲਾ ਕੀਤਾ ਇਸ ਮੌਕੇ ਸਰਦਾਰ ਕਾਹਲੋਂ ਨੇ ਸਿੰਘ ਸਾਹਿਬ ਗਿਆਨੀ ਰਘੁਵੀਰ ਸਿੰਘ ਜੀ, ਸੰਤ ਬਾਬਾ ਜੋਗਾ ਸਿੰਘ, ਸੰਤ ਬਾਬਾ ਨਰਿੰਦਰ ਸਿੰਘ, ਬਾਬਾ ਬਲਬੀਰ ਸਿੰਘ ਬੁੱਢਾ ਦਲ ਤੇ ਹੋਰ ਮਹਾਂਪੁਰਸ਼ਾਂ ਦਾ ਇਸ ਸਮਾਗਮ ਵਿਚ ਪਹੁੰਚਣ ਨਿੱਜੀ ਜੀ ਆਇਆਂ ਆਖਿਆ। ਇਸ ਮੌਕੇ ਡਾ. ਜਸਪਾਲ ਸਿੰਘ ਸਾਬਕਾ ਵਾਈਸ ਚਾਂਸਲਰ ਅਤੇ ਤਰਲੋਚਨ ਸਿੰਘ ਸਾਬਕਾ ਐੱਮਪੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਹਰਜੀਤ ਸਿੰਘ ਪੱਪਾ, ਕੰਵਲਜੀਤ ਸਿੰਘ ਜੌਲੀ, ਕੰਵਲਜੀਤ ਸਿੰਘ ਅਜਰਾਣਾ, ਰਵਿੰਦਰ ਕੌਰ ਅਜਰਾਣਾ ਕਾਰਜਕਾਰਨੀ ਮੈਂਬਰ ਹਰਿਆਣਾ ਕਮੇਟੀ ਅਤੇ ਭੁਪਿੰਦਰ ਸਿੰਘ ਅਸੰਧ ਹਾਜ਼ਰ ਸਨ।

# ਬਟਾਲਾ-ਕਾਦੀਆਂ ਮੁੱਖ ਸੜਕ ਜ਼ਮੀਨ ਅੰਦਰ ਧਸੀ, ਵੱਡਾ ਹਾਦਸਾ ਹੋਣੋਂ ਟਲਿਆ



ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)—ਬਟਾਲਾ-ਕਾਦੀਆਂ ਰੋਡ ਦਾ (ਸਟੇਟ ਬੈਂਕ ਆਫ ਇੰਡੀਆ ਦੇ ਕੋਲ) ਅਚਾਨਕ ਬਾਅਦ ਦੁਪਹਿਰ ਇਕ ਛੋਟਾ ਜਿਹਾ ਹਿੱਸਾ ਜ਼ਮੀਨ ਅੰਦਰ ਧਸ ਗਿਆ ਪਰ ਗਨੀਮਤ ਇਹ ਕਿ ਵੱਡਾ ਹਾਦਸਾ ਹੋਣੋਂ ਟਲ ਗਿਆ। ਜਾਣਕਾਰੀ ਦਿੰਦਿਆਂ ਦੁਕਾਨਦਾਰ ਅਸ਼ਵਨੀ ਵਰਮਾ, ਕਾਮਰੇਡ ਗੁਰਮੇਜ ਸਿੰਘ, ਪਨੇਸਰ ਆਦਿ ਨੇ ਦੱਸਿਆ ਕਿ ਐਤਵਾਰ ਬਾਦ ਦੁਪਹਿਰ ਅਚਾਨਕ ਬਟਾਲਾ ਕਾਦੀਆਂ ਰੋਡ 'ਤੇ ਜ਼ਮੀਨ ਅੰਦਰ ਧਸ ਗਈ। ਉਨ੍ਹਾਂ ਦੱਸਿਆ ਕਿ ਕੁਝ ਸਮਾਂ ਪਹਿਲਾਂ ਵੀ ਇਹ ਰੋਡ ਜ਼ਮੀਨ ਅੰਦਰ ਧਸ ਗਈ ਸੀ ਅਤੇ ਨਗਰ ਕੌਂਸਲ ਦੇ ਕਰਮਚਾਰੀਆਂ ਵੱਲੋਂ ਮੌਕੇ 'ਤੇ ਪਹੁੰਚ ਕੇ ਇਸ ਵਿੱਚ ਮਲਬਾ ਪਾ ਕੇ ਸੜਕ ਨੂੰ ਪੂਰ ਦਿੱਤਾ ਗਿਆ। ਬਾਅਦ ਦੁਪਹਿਰ ਦੁਬਾਰਾ ਇੰਜ ਵਾਪਰਨ ਨਾਲ ਰਾਹਗੀਰਾਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ ਜਿਸ ਦੀ ਸੂਚਨਾ ਨਗਰ ਕੌਂਸਲ ਕਾਦੀਆਂ ਨੂੰ ਮਿਲਣ 'ਤੇ ਨਗਰ ਕੌਂਸਲ ਕਾਦੀਆਂ ਦੀ ਟੀਮ ਜੇਸੀਬੀ ਮਸ਼ੀਨ, ਟਰੈਕਟਰ-ਟਰਾਲੀ 'ਚ ਮਲਬਾ ਲੈ ਕੇ ਮੌਕੇ 'ਤੇ ਪਹੁੰਚੀ ਅਤੇ ਸੜਕ ਵਿਚ ਪਏ ਟੋਏ ਨੂੰ ਪੂਰ ਦਿੱਤਾ ਗਿਆ। ਦੁਕਾਨਦਾਰਾਂ ਨੇ ਸਬੰਧਤ ਵਿਭਾਗ ਦੇ ਕੋਲੋਂ ਮੰਗ ਕੀਤੀ ਕਿ ਇਸ ਸੜਕ ਨੂੰ ਮਜ਼ਬੂਤੀ ਨਾਲ ਬਣਾਇਆ ਜਾਵੇ ਤਾਂ ਜੋ ਭਵਿੱਖ ਵਿੱਚ ਅਜਿਹਾ ਨਾ ਹੋਵੇ। ਇਸ ਲਈ ਸਬੰਧਤ ਵਿਭਾਗ ਨੂੰ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ।

## ਅਗੇਤੀ ਝੋਨੇ ਦੀ ਪਨੀਰੀ ਲਾਉਣ ਤੋਂ ਕਿਸਾਨ ਗੁਰੇਜ਼ ਕਰਨ: ਮੁੱਖ ਖੇਤੀਬਾੜੀ ਅਫ਼ਸਰ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-ਜ਼ਮੀਨਦੋਜ਼ ਪਾਣੀ ਨੂੰ ਸੰਭਾਲਣ ਅਤੇ ਵਾਤਾਵਰਣ ਪੱਖੀ ਖੇਤੀ ਲਈ ਜ਼ਿਲ੍ਹੇ ਦੇ ਮੁੱਖ ਖੇਤੀਬਾੜੀ ਅਫ਼ਸਰ ਡਾ. ਗੁਰਦੇਵ ਸਿੰਘ ਨੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਸਮੂਹ ਕਿਸਾਨਾਂ ਨੂੰ ਆਉਣ ਵਾਲੀ ਸਾਉਣੀ ਦੌਰਾਨ ਝੋਨੇ ਦੀ ਕਾਸ਼ਤ ਲਈ ਅਗੇਤੀ ਪਨੀਰੀ ਦੀ ਬਿਜਾਈ ਤੋਂ ਗੁਰੇਜ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਸਰਕਾਰ ਵਲੋਂ ਹਰ ਸਾਲ ਝੋਨੇ ਦੀ ਪਨੀਰੀ ਦੀ ਬਿਜਾਈ ਅਤੇ ਇਸ ਦੀ ਖੇਤਾਂ ਵਿੱਚ ਲਵਾਈ ਸਬੰਧੀ ਮਿਤੀਆਂ ਨਿਰਧਾਰਤ ਕਰਕੇ ਨੋਟੀਫਿਕੇਸ਼ਨ ਕੀਤਾ ਜਾਂਦਾ ਹੈ ਤਾਂ ਜੋ ਝੋਨੇ ਦੀ ਅਗੇਤੀ ਕਾਸ਼ਤ ਨੂੰ ਰੋਕ ਕੇ ਜ਼ਮੀਨ ਹੇਠ ਲੇ ਪਾਣੀ ਦੀ ਬੱਚਤ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਅਗੇਤੇ ਲੱਗੇ ਝੋਨੇ ਦੀ ਫਸਲ ਉੱਤੇ ਪਿਛਲੇ ਸਾਲ ਮਧਰੇਪਨਣ ਦੀ ਬਿਮਾਰੀ ਦਾ ਹਮਲਾ ਵੇਖਣ ਵਿੱਚ ਆਇਆ ਸੀ, ਇਸ ਲਈ ਫਸਲ ਨੂੰ ਬਿਮਾਰੀਆਂ ਤੋਂ ਬਚਾਉਣ ਅਤੇ ਕੁਦਰਤੀ ਸੋਮਿਆਂ ਨੂੰ ਬਚਾਉਣ ਲਈ ਅਗੇਤੇ ਝੋਨੇ ਦੀ ਪਨੀਰੀ ਦੇ ਰੁਝਾਨ ਤੋਂ ਗੁਰੇਜ਼ ਕੀਤਾ ਜਾਵੇ।

## ਖਰਾਬ ਹੋਈ ਫਸਲ ਦਾ ਮੁਆਵਜ਼ਾ ਨਾ ਮਿਲਣ 'ਤੇ ਕਿਸਾਨਾਂ ਦੀ ਮੀਟਿੰਗ



ਮਾਨਾਂਵਾਲਾ (ਮਨਦੀਪ ਸਿੰਘ ਜੰਮੂ)-ਕਿਸਾਨ ਸੰਘਰਸ਼ ਕਮੇਟੀ ਕੋਟ ਬੁੱਢਾ (ਪੰਜਾਬ) ਦੀ ਮੀਟਿੰਗ ਪਿੰਡ ਰਾਮਪੁਰਾ ਵਿੱਚ ਜ਼ੋਨ ਪ੍ਰਧਾਨ ਮੰਗਲ ਸਿੰਘ ਦੀ ਅਗਵਾਈ ਹੇਠ ਹੋਈ ਜਿਸ ਵਿੱਚ ਵੱਖ-ਵੱਖ ਪਿੰਡਾਂ ਦੇ ਕਿਸਾਨ ਸ਼ਾਮਿਲ ਹੋਏ। ਉਨ੍ਹਾਂ ਵੱਲੋਂ ਕਿਹਾ ਗਿਆ ਕਿ ਕੁਦਰਤੀ ਆਫਤਾਂ ਨਾਲ ਜੋ ਪਿਛਲੇ ਦਿਨੀਂ ਫਸਲਾਂ ਖਰਾਬ ਹੋਈਆਂ ਹਨ ਉਸ ਦਾ ਸਾਨੂੰ ਕਿਸੇ ਪ੍ਰਕਾਰ ਦਾ ਕੋਈ ਮੁਆਵਜ਼ਾ ਨਹੀਂ ਮਿਲਿਆ ।

ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਸਰਕਾਰ ਵੱਲੋਂ ਇਸਦਾ ਸਰਵੇ ਕੀਤਾ ਗਿਆ ਸੀ ਤੇ ਕਿਸਾਨਾਂ ਨੂੰ ਵਿਸ਼ਵਾਸ ਦਿਵਾਇਆ ਗਿਆ ਸੀ ਕਿ ਖਰਾਬ ਹੋਈ ਫਸਲ ਦਾ ਤੁਹਾਨੂੰ ਜਲਦੀ ਤੋਂ ਜਲਦੀ ਮੁਆਵਜ਼ਾ ਮਿਲੇਗਾ ਜੋ ਅਜੇ ਤੱਕ ਨਹੀਂ ਮਿਲਿਆ ਜਿਸ ਕਰਕੇ ਕਿਸਾਨਾਂ ਵਿੱਚ ਭਾਰੀ ਰੋਸ ਹੈ। ਮੀਟਿੰਗ ਵਿੱਚ ਉਨ੍ਹਾਂ ਆਖਿਆ ਕਿ ਭਗਵੰਤ ਸਿੰਘ ਮਾਨ ਸਰਕਾਰ ਨੂੰ ਚਾਹੀਦਾ ਹੈ ਕਿ ਖਰਾਬ ਹੋਈ ਫਸਲ ਦਾ ਕਿਸਾਨਾਂ ਨੂੰ ਜਲਦੀ ਮੁਆਵਜ਼ਾ ਦਿੱਤਾ ਜਾਵੇ ਤਾਂ ਜੋ ਕਿਸਾਨ ਆਪਣੀ ਅਗਲੀ ਫਸਲ ਦੀ ਤਿਆਰੀ ਕਰ ਸਕਣ। ਇਸ ਮੌਕੇ ਸਰਬਜੀਤ ਸਿੰਘ ਸਾਬਕਾ ਸਰਪੰਚ, ਕਾਰਜ ਸਿੰਘ ਮੀਤ ਪ੍ਰਧਾਨ, ਮਨਦੀਪ ਸਿੰਘ, ਮੇਜਰ ਸਿੰਘ, ਨਰਿੰਦਰ ਸਿੰਘ ਬੂਰਾ, ਹਰਮਨ ਸਿੰਘ ਰਾਮਪੁਰਾ, ਸਰਬਜੀਤ ਸਿੰਘ ਸਾਬੀ ਚੀਤਾ, ਗਗਨਦੀਪ ਸਿੰਘ, ਹਰਮਨ ਸਿੰਘ, ਹਰਪ੍ਰੀਤ ਹੈਪੀ ਦਬੁਰਜੀ ਅਤੇ ਹੋਰ ਕਿਸਾਨ ਸ਼ਾਮਲ ਹੋਏ।

## ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਵਿਖੇ ਮਨਾਇਆ ਰੈੱਡ ਕਰਾਸ ਦਿਹਾੜਾ



ਪਠਾਨਕੋਟ: (ਦਵਿੰਦਰ ਸਿੰਘ)-ਜ਼ਿਲ੍ਹਾ ਰੈਡ ਕਰਾਸ ਸੋਸਾਇਟੀ ਪਠਾਨਕੋਟ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਪਠਾਨਕੋਟ ਵਿਖੇ ਰੈਡ ਕਰਾਸ ਦਿਹਾੜਾ ਮਨਾਇਆ ਗਿਆ। ਇਸ ਮੌਕੇ ਹਰਬੀਰ ਸਿੰਘ ਚੇਅਰਮੈਨ ਜ਼ਿਲ੍ਹਾ ਰੈੱਡ ਕਰਾਸ ਸੋਸਾਇਟੀ ਪਠਾਨਕੋਟ ਕਮ-ਡਿਪਟੀ ਕਮਿਸ਼ਨਰ ਪਠਾਨਕੋਟ ਮੁੱਖ ਮਹਿਮਾਨ ਵਜੋਂ ਅਤੇ ਮੇਜਰ ਡਾ. ਸੁਮਿਤ ਮੁਧ ਚੀਫ ਮਨਿਸਟਰ ਫੀਲਡ ਅਫਸਰ ਕਮ-ਸਹਾਇਕ ਕਮਿਸ਼ਨਰ ਜਨਰਲ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਏ। ਇਸ ਮੌਕੇ ਮੈਡੀਕਲ ਕੈਂਪ ਆਯੋਜਿਤ ਕੀਤਾ ਗਿਆ। ਸਭ ਤੋਂ ਪਹਿਲਾਂ ਮਿਸਟਰ ਹੈਨਰੀ ਡਿਊਨੈਂਟ ਦੀ ਤਸਵੀਰ 'ਤੇ ਫੁੱਲ ਭੇਟ ਕਰਕੇ ਨਮਨ ਕੀਤਾ ਅਤੇ ਇਸ ਤੋਂ ਬਾਅਦ ਵਿੱਚ ਮੈਡੀਕਲ ਜਾਂਚ ਕੈਂਪ ਦਾ ਸ਼ੁਭਾ ਆਰੰਭ ਕਰਵਾਇਆ ਗਿਆ। ਇਸ ਮੌਕੇ ਲੋਕਾਂ ਦਾ ਬਲੱਡ ਪ੍ਰੈਸ਼ਰ, ਬੁਖਾਰ, ਸ਼ੂਗਰ ਆਦਿ ਦੀ ਜਾਂਚ ਕੀਤੀ ਗਈ ਅਤੇ ਦਵਾਈਆਂ ਵੀ ਲੋਕਾਂ ਨੂੰ ਫ੍ਰੀ ਦਿੱਤੀਆਂ ਗਈਆਂ। ਰੈਡ ਕਰਾਸ ਸੋਸਾਇਟੀ ਪਠਾਨਕੋਟ ਵੱਲੋਂ ਟੀ.ਬੀ. ਤੋਂ ਪੀੜਤ ਰੋਗੀਆਂ ਨੂੰ ਰੈੱਡ ਕਰਾਸ ਕਿੱਟਾਂ ਦੀ ਵੀ ਵੰਡ ਕੀਤੀ ਗਈ। ਉਨ੍ਹਾਂ ਕਿਹਾ ਕਿ ਅਸੀਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਭਰੋਸਾ ਦਿਵਾਉਂਦੇ ਹਾਂ ਕਿ ਜਿਸ ਉਦੇਸ਼ ਨਾਲ ਇਸ ਸੋਸਾਇਟੀ ਦਾ ਗਠਨ ਕੀਤਾ ਗਿਆ ਹੈ ਉਨ੍ਹਾਂ ਕਾਰਜਾਂ ਨੂੰ ਪੂਰਾ ਕਰਨ ਲਈ ਜਿਲ੍ਹਾ ਰੈੱਡ ਕਰਾਸ ਸੋਸਾਇਟੀ ਪਠਾਨਕੋਟ ਹਮੇਸ਼ਾ ਅਪਣਾ ਯੋਗਦਾਨ ਪਾਉਂਦੀ ਰਹੇਗੀ।

# ਵਿਸ਼ਵ ਰੈੱਡ ਕਰਾਸ ਦਿਵਸ ਮੌਕੇ ਗੋਲਡਨ ਕਾਲਜ ਗੁਰਦਾਸਪੁਰ ਵਿਖੇ ਲੱਗਾ ਵਿਸ਼ੇਸ਼ ਖ਼ੂਨਦਾਨ ਕੈਂਪ




ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਵਿਸ਼ਵ ਰੈੱਡ ਕਰਾਸ ਦਿਵਸ ਨੂੰ ਸਮਰਪਿਤ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਗੁਰਦਾਸਪੁਰ ਵੱਲੋਂ ਗੋਲਡਨ ਗਰੁੱਪ ਆਫ ਇੰਸਟੀਚਿਊਟਸ, ਹਰਦੋਛੰਨੀ ਰੋਡ ਗੁਰਦਾਸਪੁਰ ਵਿਖੇ ਇੱਕ ਵਿਸ਼ੇਸ਼ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਖ਼ੂਨਦਾਨ ਕੈਂਪ ਵਿੱਚ ਕਾਲਜ ਦੇ ਵਿਦਿਆਰਥੀਆਂ, ਖੇਡ ਕਲੱਬਾਂ ਦੇ ਨੌਜਵਾਨਾਂ ਅਤੇ ਸਮਾਜ ਸੇਵੀ ਸੰਸਥਾਵਾਂ ਦੇ ਵਿਅਕਤੀਆਂ ਵੱਲੋਂ 67 ਯੂਨਿਟ ਖ਼ੂਨਦਾਨ ਕੀਤਾ ਗਿਆ। ਖ਼ੂਨਦਾਨ ਕੈਂਪ ਦਾ ਉਦਘਾਟਨ ਕਰਦਿਆਂ ਐੱਸਡੀਐੱਮ ਗੁਰਦਾਸਪੁਰ ਅਮਨਦੀਪ ਕੌਰ ਨੇ ਕਿਹਾ ਕਿ ਖ਼ੂਨਦਾਨ ਮਹਾਨ ਦਾਨ ਹੈ ਅਤੇ ਇਸ ਨਾਲ ਬੇਸ਼ਕੀਮਤੀ ਜਾਨਾਂ ਬਚਾਈਆਂ ਜਾ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਹਰ ਤੰਦਰੁਸਤ ਵਿਅਕਤੀ ਨੂੰ ਆਪਣਾ ਖ਼ੂਨ ਦਾਨ ਜ਼ਰੂਰ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਅੱਜ ਵਿਸ਼ਵ ਰੈੱਡ ਕਰਾਸ ਦਿਵਸ ਮੌਕੇ ਲੱਗਾ ਇਹ ਖ਼ੂਨ ਦਾਨ ਕੈਂਪ ਰੈੱਡ ਕਰਾਸ ਦੇ ਸੰਸਥਾਪਕ ਜੀਨ ਹੈਨਰੀ ਡੁਨਟ ਨੂੰ ਸਮਰਪਿਤ ਹੈ।

ਉਨ੍ਹਾਂ ਕਿਹਾ ਕਿ ਪਹਿਲੇ ਨੋਬਲ ਸ਼ਾਂਤੀ ਪੁਰਸਕਾਰ ਵਿਜੇਤਾ ਜੀਨ ਹੈਨਰੀ ਡੁਨਟ ਨੇ ਅੰਤਰ ਰਾਸ਼ਟਰੀ ਰੈੱਡ ਕਰਾਸ ਕਮੇਟੀ ਦੀ ਸਥਾਪਨਾ ਕਰਕੇ ਮਾਨਵਤਾ ਦੀ ਸੇਵਾ ਨੂੰ ਨਵੀਂ ਦਿਸ਼ਾ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਵਾਰ ਵਿਸ਼ਵ ਰੈੱਡ ਕਰਾਸ ਦਿਵਸ ਦਾ ਥੀਮ 'ਜੋ ਵੀ ਕਰੋ, ਦਿਲ ਤੋਂ ਕਰੋ' ਹੈ।

ਐੱਸਡੀਐੱਮ ਅਮਨਦੀਪ ਕੌਰ ਨੇ ਕਿਹਾ ਕਿ ਰੈੱਡ ਕਰਾਸ ਸੁਸਾਇਟੀ ਮਨੁੱਖਤਾ, ਨਿਰਪੱਖਤਾ, ਸੁਤੰਤਰਤਾ, ਸਵੈ-ਇੱਛਤ ਸੇਵਾ, ਏਕਤਾ ਅਤੇ ਸਰਵ ਵਿਆਪਕਤਾ ਜਿਹੇ ਸਦਗੁਣਾਂ 'ਤੇ ਆਧਾਰਿਤ ਹੈ। ਉਨ੍ਹਾਂ ਕਿਹਾ ਕਿ ਦੇਸ਼ 'ਚ ਪਹਿਲੀ ਵਾਰ 1920 'ਚ ਰੈੱਡ ਕਰਾਸ ਸੁਸਾਇਟੀ ਦੀ ਸਥਾਪਨਾ ਹੋਈ ਸੀ।

ਉਨ੍ਹਾਂ ਕਿਹਾ ਕਿ ਗੁਰਦਾਸਪੁਰ ਜ਼ਿਲ੍ਹੇ 'ਚ ਵੀ ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਕਾਰਜਸ਼ੀਲ ਹੈ ਜੋ ਕਿ ਪੰਜਾਬ ਇਕਾਈ ਨਾਲ ਸਬੰਧਤ ਹੈ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸ) ਸ. ਅਮਰਜੀਤ ਸਿੰਘ ਭਾਟੀਆ, ਗੋਲਡਨ ਗਰੁੱਪ ਆਫ ਇੰਸਟੀਚਿਊਟਸ ਦੇ ਚੇਅਰਮੈਨ ਮੋਹਿਤ ਮਹਾਜਨ, ਵਿਨੇਕ ਮਹਾਜਨ, ਯੁਵਕ ਸੇਵਾਵਾਂ ਵਿਭਾਗ ਦੇ ਸਹਾਇਕ ਡਾਇਰੈਕਟਰ ਰਵੀ ਦਾਰਾ, ਜ਼ਿਲ੍ਹਾ ਰੈੱਡ ਕਰਾਸ ਸੁਸਾਇਟੀ ਦੇ ਡਾਇਰੈਕਟਰ ਰਜੀਵ ਸਿੰਘ, ਐੱਸਐੱਸਐੱਮ. ਕਾਲਜ ਦੇ ਡੀਨ ਪ੍ਰੋ. ਗਰੋਵਰ, ਸਪਰਵੀਨ, ਸੰਦੀਪ ਕੌਰ ਤੋਂ ਇਲਾਵਾ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦੇ ਹਾਜ਼ਰ ਸਨ।

## 'ਆਪ' ਦੇ ਆਗੂਆਂ ਤੇ ਵਲੰਟੀਅਰਾਂ ਦਾ ਵੱਡਾ ਕਾਫਲਾ ਜਲੰਧਰ ਰਵਾਨਾ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਵਿਧਾਨ ਸਭਾ ਹਲਕਾ ਅਜਨਾਲਾ ਦੇ ਵਿਧਾਇਕ ਤੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਜਲੰਧਰ ਲੋਕ ਸਭਾ ਜ਼ਿਮਨੀ ਚੋਣ 'ਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਦੇ ਹੱਕ 'ਚ ਲੋਕਾਂ ਨੂੰ ਜਾਗਰੂਕ ਲਈ ਆਮ ਆਦਮੀ ਪਾਰਟੀ ਦੇ ਆਗੂਆਂ ਤੇ ਵਲੰਟੀਅਰਾਂ ਦਾ ਵੱਡਾ ਕਾਫਲਾ ਜਲੰਧਰ ਲਈ ਰਵਾਨਾ ਹੋਇਆ। ਕਾਫਲੇ 'ਚ ਨਗਰ ਪੰਚਾਇਤ ਅਜਨਾਲਾ ਦੇ ਪ੍ਰਧਾਨ ਜਸਪਾਲ ਸਿੰਘ ਢਿੱਲੋਂ, 'ਆਪ' ਦੇ ਸ਼ਹਿਰੀ ਪ੍ਰਧਾਨ ਦੀਪਕ ਚੈਨਪੁਰੀਆ, ਵਾਰਡ ਇੰਚਾਰਜ ਅਮਿਤ ਪੁਰੀ, ਪਵਿੱਤਰ ਸਿੰਘ ਫੈਂਸੀ, ਅਮਰਦੀਪ ਸਿੰਘ ਰਿੰਕੂ, ਰਸ਼ਪਾਲ ਸਿੰਘ, ਦਵਿੰਦਰ ਸਿੰਘ ਸੋਨੂੰ, ਸਾਬਕਾ ਕੌਂਸਲਰ ਦਲਬੀਰ ਸਿੰਘ ਘੁੱਲੀ, ਦਿਲਬਾਗ ਸਿੰਘ ਘੁੱਲੀ, ਹਰਪ੍ਰੀਤ ਸਿੰਘ ਗਿੱਲ, ਸੁਖਦਿਆਲ ਸਿੰਘ ਭੱਖਾ ਤੇ ਹੋਰ ਸ਼ਾਮਲ ਸਨ।



# ਫੂਡ ਸੇਫਟੀ ਵਿਭਾਗ ਨੇ ਖਾਣ-ਪੀਣ ਵਾਲੀਆਂ ਵਸਤਾਂ ਦੇ ਸੈਂਪਲ ਭਰੇ




ਪੱਟੀ (ਬਲਦੇਵ ਸਿੰਘ ਸੰਧੂ)-ਫੂਡ ਸੇਫਟੀ ਆਨਵ੍ਹੀਲ ਵੈਨ ਅੱਜ ਹਰੀਕੇ ਵਿਖੇ ਪਹੁੰਚੀ ਅਤੇ ਖਾਣ ਪੀਣ ਵਾਲੀਆਂ ਵਸਤਾਂ ਦੇ ਸੈਂਪਲ ਭਰੇ ਗਏ। ਸਹੀ ਭੋਜਨ ਬਿਹਤਰ ਦੇਸ਼ ਦੇ ਮੰਤਵ ਦੀ ਸਫਲਤਾ ਲਈ ਦੁਕਾਨਦਾਰਾਂ ਨੂੰ ਜਾਗਰੂਕ ਕਰਨ ਦੇ ਨਾਲ ਫੂਡ ਸੇਫਟੀ ਸਬੰਧੀ ਟ੍ਰੇਨਿੰਗ ਦਿੱਤੀ ਗਈ।

ਜ਼ਿਲ੍ਹਾ ਸਿਹਤ ਅਫਸਰ ਡਾ ਸੁਖਬੀਰ ਕੌਰ ਅਤੇ ਫੂਡ ਸੇਫਟੀ ਅਫਸਰ ਡਾਕਟਰ ਸ਼ਾਕਸ਼ੀ ਖੌਸਲਾ ਨੇ ਸਾਝੇ ਤੌਰ 'ਤੇ ਦੱਸਿਆ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸੂਬੇ ਭਰ ਦੇ ਲੋਕਾਂ ਨੂੰ ਖਾਣ ਵਾਲੀਆਂ ਉਹ ਵਸਤਾਂ ਵੇਚਣਾ ਯਕੀਨੀ ਬਣਾਇਆ ਜਾਵੇ ਜੋ ਸਿਹਤ ਵਿਭਾਗ ਦੇ ਮਾਪਦੰਡਾਂ ਤੇ ਖਰ੍ਹੀਆਂ ਉਤਰਦੀਆਂ ਹੋਣ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਸਮੁੱਚੇ ਜ਼ਿਲ੍ਹੇ ਦੇ ਵਪਾਰੀਆਂ, ਹਲਵਾਈਆਂ ਅਤੇ ਹੋਟਲ ਸੰਚਾਲਕਾਂ ਨਾਲ ਮੀਟਿੰਗ ਕਰਕੇ ਫੂਡ ਸੇਫਟੀ ਲਾਇਸੈਂਸ ਜਾਰੀ ਕੀਤੇ ਗਏ ਅਤੇ ਸਫਾਈ ਤੇ ਗੁਣਵੱਤਾ ਨੂੰ ਪਹਿਲਾਂ ਤੋਂ ਹੀ ਤਵੱਜੋ ਦੇਣ ਵਾਲੇ ਵਿਅਕਤੀਆਂ ਨੂੰ ਪ੍ਰਸ਼ੰਸਾ ਪੱਤਰ ਦਿੱਤੇ ਗਏ। ਉਨ੍ਹਾਂ ਕਿਹਾ ਕਿ ਪਹਿਲੇ ਸੈਂਪਲ ਦੌਰਾਨ ਮਾਪਦੰਡਾਂ ਤੋਂ ਅਧੂਰੇ ਪਦਾਰਥ ਵੇਚਣ ਵਾਲਿਆਂ ਖਿਲਾਫ ਇਨਫੋਰਸਮੈਂਟ ਵਿੰਗ ਕਾਰਵਾਈ ਅਮਲ ਵਿਚ ਲਿਆ ਸਕਦਾ ਹੈ। ਉਨ੍ਹਾਂ ਦੁਕਾਨਦਾਰਾਂ ਨੂੰ ਸਾਫ ਸੁਥਰੀਆਂ ਵਸਤਾਂ ਵੇਚਣ ਦੀ ਅਪੀਲ ਕੀਤੀ। ਇਸ ਮੌਕੇ ਤੇ ਪਲਵਿੰਦਰ ਸਿੰਘ, ਨਿਰਮਲ ਸਿੰਘ ਨਿੰਮਾ, ਮੋਨੂੰ ਬਾਵਾ, ਸੰਨੀ ਖੁੱਲਰ, ਟਹਿਲ ਸਿੰਘ, ਸ਼ਤੀਸ਼ ਕੁਮਾਰ ਰਿੰਕੂ ਆਦਿ ਹਾਜ਼ਰ ਸਨ।

## ਜਲੰਧਰ ਜ਼ਿਮਨੀ ਚੋਣ ਵੱਡੀ ਲੀਡ ਨਾਲ ਜਿੱਤਾਂਗੇ :ਲਾਲਜੀਤ ਸਿੰਘ ਭੁੱਲਰ



ਪੱਟੀ (ਬਲਦੇਵ ਸਿੰਘ ਸੰਧੂ)-ਜਲੰਧਰ ਲੋਕ ਸਭਾ ਚੋਣ ਦੀ ਲਈ ਕੈਬਨਿਟ ਮੰਤਰੀ ਭੁੱਲਰ ਵੱਲੋਂ ਬੀਤੇ ਕਈ ਦਿਨਾਂ ਤੋਂ ਲਗਾਤਾਰ ਚੋਣ ਪ੍ਰਚਾਰ ਕੀਤਾ ਜਾ ਰਿਹਾ ਸ਼ਾਮ ਨੂੰ ਚੋਣ ਪ੍ਰਚਾਰ ਬੰਦ ਹੋ ਗਿਆ। ਦੁਆਬੇ ਦੇ ਲੋਕ ਆਮ ਆਦਮੀ ਪਾਰਟੀ ਦੇ ਉਮੀਦਵਾਰ ਰਿੰਕੂ ਨੂੰ ਲੋਕ ਵੱਡੀ ਲੀਡ ਨਾਲ ਜਿਤਾਉਣਗੇ। ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ ਇੱਕ ਸਾਲ ਅੰਦਰ ਗਾਰੰਟੀਆਂ ਪੂਰੀਆਂ ਕੀਤੀਆਂ। ਰਹਿੰਦੀਆਂ ਗਾਰੰਟੀਆਂ ਵੀ ਜਲਦੀ ਪੂਰੀਆਂ ਹੋਣਗੀਆਂ ਬੱਸ ਲੋਕਾਂ ਦੇ ਸਾਥ ਤੇ ਵਿਸ਼ਵਾਸ ਦੀ ਬਹੁਤ ਜ਼ਰੂਰਤ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪੱਟੀ ਤੋਂ ਵਿਧਾਇਕ ਤੇ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਅਰਵਿੰਦ ਕੇਜਰੀਵਾਲ ਤੇ ਭਗਵੰਤ ਸਿੰਘ ਮਾਨ ਵੱਲੋਂ ਚੋਣ ਪ੍ਰਚਾਰ ਲਈ ਉਨ੍ਹਾਂ ਦੀ ਡਿਊਟੀ ਜਲੰਧਰ ਨੌਰਥ ਏਰੀਏ ਵਿਚ ਲਗਾਈ ਗਈ ਹੈ। ਭੁੱਲਰ ਨੇ ਦੱਸਿਆ ਕਿ ਰਵਾਇਤੀ ਪਾਰਟੀਆਂ ਵੱਲੋਂ ਸੂਬੇ ਦੇ ਲੋਕਾਂ ਤੋਂ ਵੋਟਾਂ ਲੈਣ ਤੋਂ ਬਾਅਦ ਜਨਤਾ ਦੀ ਕੋਈ ਸਾਰ ਨਹੀਂ ਲਈ ਜਾਂਦੀ ਰਹੀ। ਉਨ੍ਹਾਂ ਦੱਸਿਆ ਕਿ ਦੁਆਬੇ ਦੇ ਲੋਕ ਬਹੁਤ ਪੜ੍ਹੇ-ਲਿਖੇ ਤੇ ਅਗਾਂਹਵਧੂ ਸੋਚ ਰੱਖਣ ਵਾਲੇ ਲੋਕ ਹਨ। ਲੋਕ ਸੂਬਾ ਸਰਕਾਰ ਦੀਆਂ ਨੀਤੀਆਂ ਤੋਂ ਬਹੁਤ ਜ਼ਿਆਦਾ ਖੁਸ਼ ਦਿਖਾਈ ਦੇ ਰਹੇ ਹਨ। ਆਮ ਆਦਮੀ ਪਾਰਟੀ ਦੇ ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਨੂੰ ਵੋਟਾਂ ਪਾ ਕੇ ਬੜੀ ਵੱਡੀ ਲੀਡ ਨਾਲ ਜਿਤਾਉਣਗੇ। ਇਸ ਮੌਕੇ ਮੀਡੀਆ ਇੰਚਾਰਜ ਅਵਤਾਰ ਸਿੰਘ ਢਿੱਲੋਂ, ਕੁਲਵੰਤ ਸਿੰਘ ਕਲਸੀ ਸੀਨੀਅਰ ਮੀਤ ਪ੍ਰਧਾਨ, ਗੁਰਬਿੰਦਰ ਸਿੰਘ ਕਾਲੇਕੇ, ਗੁਰਪ੍ਰੀਤ ਸਿੰਘ ਸਰਪੰਚ, ਗੁਰਨਾਮ ਸਿੰਘ ਬੂਹ, ਬਾਲਕ ਪ੍ਰਧਾਨ ਅਵਤਾਰ ਸਿੰਘ ਸਭਰਾ, ਲਵ ਸਭਰਾਂ, ਸੋਨੂ ਭੁੱਲਰ ਕਿਰਤੋਵਾਲ, ਗੁਰਪ੍ਰੀਤ ਸਿੰਘ ਗੋਰਾ, ਮੈਂਬਰ ਸਤਨਾਮ ਸਿੰਘ ਠੇਕੇਦਾਰ ਸਭਰਾਂ, ਸਰਪੰਚ ਗੁਰਨਾਮ ਸਿੰਘ ਬੱਬੀ ਬਾਠ, ਬਿੱਲਾ ਜੋਸਨ, ਰਣਜੀਤ ਔਲਖ ਆਦਿ ਹਾਜ਼ਰ ਸਨ।

# ਲਾਲ ਲਕੀਰ ਦੇ ਘੇਰੇ ਅੰਦਰ ਆਉਂਦੇ ਲੋਕਾਂ ਨੂੰ ਮਿਲੇਗਾ ਮਕਾਨਾਂ ਦਾ ਮਾਲਕਾਨਾ ਹੱਕ




ਅੰਮ੍ਰਿਤਸਰ/ਜੰਡਿਆਲਾ ਗੁਰੂ (ਨਰਿੰਦਰਜੀਤ/ਹਰਿੰਦਰਪਾਲ ਸਿੰਘ)-ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਸਕੀਮ ਸਵੈ ਮਿੱਤਵਾ ਤਹਿਤ ਲਾਲ ਲਕੀਰ ਦੇ ਘੇਰੇ ਅੰਦਰ ਰਹਿੰਦੇ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਮਾਲਕੀ ਹੱਕ ਦਿੱਤੇ ਜਾਣਗੇ, ਜਿਸ ਨਾਲ ਉਹ ਇਸ ਮਕਾਨ ਨੂੰ ਅੱਗੇ ਤਬਦੀਲ, ਵੇਚ ਜਾਂ ਕਰਜ਼ਾ ਆਦਿ ਵਗੈਰਾ ਲੈ ਸਕਣਗੇ। ਅੱਜ ਮਾਲ ਵਿਭਾਗ ਦੇ ਵਿਸ਼ੇਸ਼ ਸਕੱਤਰ ਕਮ ਮਿਸ਼ਨ ਡਾਇਰੈਕਟਰ ਸਵੈ ਮਿੱਤਵਾ ਕੇਸ਼ਵ ਹਿੰਗੋਨੀਆ ਨੇ ਅੰਮ੍ਰਿਤਸਰ ਵਿਚ ਐਸਡੀਐਮ, ਜ਼ਿਲ੍ਹਾ ਮਾਲ ਅਧਿਕਾਰੀ, ਤਹਿਸੀਲਦਾਰ, ਡੀਡੀਪੀਓ, ਨਾਇਬ ਤਹਿਸਾਲਦਾਰਾਂ, ਬੀਡੀਪੀਓ ਨਾਲ ਇਸ ਵਿਸ਼ੇ ਉਤੇ ਵਿਸਥਾਰ ਵਿਚ ਮੀਟਿੰਗ ਕਰਦੇ ਦੱਸਿਆ ਕਿ ਮੇਰਾ ਘਰ ਮੇਰੇ ਨਾਮ ਪ੍ਰੋਗਰਾਮ ਤਹਿਤ ਸਰਕਾਰ ਉਨਾਂ ਸਾਰੇ ਲੋਕਾਂ ਨੂੰ ਮਾਲਕੀ ਦਾ ਕਾਨੂੰਨੀ ਹੱਕ ਦੇਣ ਜਾ ਰਹੀ ਹੈ, ਜੋ ਕਿ ਕਈ ਵਰ੍ਹਿਆਂ ਤੋਂ ਉਕਤ ਘਰਾਂ ਵਿਚ ਲਾਲ ਲਕੀਰ ਦੇ ਘੇਰੇ ਅੰਦਰ ਰਹਿ ਰਹੇ ਹਨ, ਪਰ ਮਾਲ ਵਿਭਾਗ ਕੋਲ ਉਨਾਂ ਦਾ ਕੋਈ ਰਿਕਾਰਡ ਨਾ ਹੋਣ ਕਾਰਨ ਅਜਿਹੇ ਪਲਾਟਾਂ ਜਾਂ ਘਰਾਂ ਨੂੰ ਕਿਸੇ ਵੀ ਵਿੱਤੀ ਲੈਣ ਦੇਣ ਲਈ ਨਹੀਂ ਵਰਤਿਆ ਜਾ ਸਕਦਾ। ਉਨ੍ਹਾਂ ਕਿਹਾ ਕਿ ਇਸ ਲਈ ਅੰਮ੍ਰਿਤਸਰ ਜ਼ਿਲ੍ਹੇ ਦੇ 743 ਪਿੰਡਾਂ ਦਾ ਸਰਵੇ ਡਰੋਨ ਦੀ ਸਹਾਇਤਾ ਨਾਲ ਕੀਤਾ ਜਾਵੇਗਾ, ਜੋ ਕਿ ਅਗਲੇ ਕੁੱਝ ਦਿਨਾਂ ਵਿਚ ਸ਼ੁਰੂ ਹੋ ਜਾਵੇਗਾ। ਇਸ ਸਰਵੇ ਮਗਰੋਂ ਪਿੰਡ ਪੱਧਰ ਉਤੇ ਤਾਇਨਾਤ ਕੀਤਾ ਗਿਆ ਅਧਿਕਾਰੀ, ਜਿਸ ਵਿਚ ਪਟਵਾਰੀ ਜਾਂ ਪੰਚਾਇਤ ਸਕੱਤਰ ਹੋ ਸਕਦਾ ਹੈ, ਉਹ ਘਰ-ਘਰ ਜਾ ਕੇ ਉਕਤ ਘਰਾਂ ਦੀ ਮਾਲਕੀ ਵੇਖੇਗਾ ਤੇ ਰਜਿਸਟਰ ਵਿਚ ਦਰਜ ਕਰੇਗਾ। ਇਸ ਮਗਰੋਂ ਜੋ ਰਿਪੋਰਟ ਤਿਆਰ ਹੋਵੇਗੀ, ਉਸ ਨੂੰ ਪੰਚਾਇਤ ਘਰ ਵਿਚ ਨੋਟਿਸ ਬੋਰਡ ਉਤੇ ਲਗਾਇਆ ਜਾਵੇਗਾ। ਜੇਕਰ ਕਿਸੇ ਵਿਅਕਤੀ ਨੂੰ ਇਸ ਰਿਪੋਰਟ ਉਤੇ ਕੋਈ ਇਤਰਾਜ਼ ਹੋਵੇਗਾ ਤਾਂ ਉਹ ਇਹ ਇਤਰਾਜ਼ ਲਿਖਤੀ ਤੌਰ ਉਤੇ ਸਬੰਧਤ ਤਹਿਸੀਲਦਾਰ ਜਾਂ ਨਾਇਬ ਤਹਿਸੀਲਦਾਰ ਕੋਲ ਦਰਜ ਕਰਵਾਏਗਾ, ਜੋ ਕਿ ਇਸ ਇਤਰਾਜ਼ ਉਤੇ ਕਾਰਵਾਈ ਕਰਕੇ ਸਬੰਧਤ ਸੋਧ ਕਰਨਗੇ। ਇਸ ਮਗਰੋਂ ਉਕਤ ਮਾਲਕਾਂ ਨੂੰ ਮਾਲਕੀ ਦਾ ਕਾਨੂੰਨੀ ਹੱਕ ਦੇ ਦਿੱਤਾ ਜਾਵੇਗਾ, ਜਿਸ ਨਾਲ ਉਹ ਕਿਸੇ ਬ ਬੈਂਕ ਕੋਲ ਕਰਜ਼ਾ ਵਗੈਰਾ ਲੈ ਸਕੇਗਾ ਜਾਂ ਇਸ ਨੂੰ ਆਮ ਪਲਾਟਾਂ ਵਾਂਗ ਤਹਿਸੀਲ ਵਿਚ ਰਜਿਸਟਰੀ ਕਰ ਸਕੇਗਾ।

ਸ਼੍ਰੀ ਹਿੰਗੋਨੀਆ ਨੇ ਪੰਚਾਇਤ ਵਿਭਾਗ ਨੂੰ ਹਦਾਇਤ ਕੀਤੀ ਕਿ ਉਹ ਇਸ ਕੰਮ ਦੇ ਸ਼ੁਰੂ ਹੋਣ ਤੋਂ ਪਹਿਲਾਂ ਪਿੰਡਾਂ ਵਿਚ ਅਨਾਊਂਸਮੈਂਟ ਕਰਵਾ ਦੇਣ ਤਾਂ ਜੋ ਲੋਕਾਂ ਨੂੰ ਇਸ ਸਬੰਧੀ ਮੁੱਢਲੀ ਜਾਣਕਾਰੀ ਮਿਲ ਜਾਵੇ ਤੇ ਉਹ ਇਸ ਕੰਮ ਵਿਚ ਸਰਕਾਰ ਦਾ ਸਹਿਯੋਗ ਕਰਨ।

ਇਸ ਮੌਕੇ ਐੱਸਡੀਐੱਮ ਹਰਪ੍ਰੀਤ ਸਿੰਘ, ਐੱਸਡੀਐੱਮ ਮਨਕੰਵਲ ਸਿੰਘ ਚਾਹਲ, ਡੀਆਰਓ ਕਿਸ਼ਨ ਕੁਮਾਰ, ਡੀਡੀਪੀਓ ਨਵਦੀਪ ਕੌਰ ਅਤੇ ਹੋਰ ਅਧਿਕਾਰੀ ਹਾਜ਼ਰ ਸਨ।

# ਪੰਜਾਬ 'ਚ ਲੋਕ ਮੁੜ ਕਾਂਗਰਸ ਦੀ ਸਰਕਾਰ ਬਣਾਉਣ ਦਾ ਮੁੱਢ ਬੰਨ੍ਹਣ ਲਈ ਉਤਾਵਲੇ : ਕੰਵਰਪ੍ਰਤਾਪ ਸਿੰਘ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਪੰਜਾਬ ਦੀ ਸੱਤਾ ਹਥਿਆਉਣ ਲਈ ਲੋਕਾਂ ਨਾਲ ਕੀਤੇ ਚੋਣ ਵਾਅਦੇ ਤੇ ਦਿੱਤੀਆਂ ਗਾਰੰਟੀਆਂ ਨੂੰ ਪੂਰਾ ਕਰਨ ਦੀ ਥਾਂ ਆਮ ਆਦਮੀ ਪਾਰਟੀ ਦੀ ਸੂਬਾ ਸਰਕਾਰ ਦੀਆਂ ਮਾਰੂ ਨੀਤੀਆਂ ਤੋਂ ਹਰ ਵਰਗ ਦੇ ਦੁਖੀ ਲੋਕਾਂ ਦੇ ਨਾਲ-ਨਾਲ ਕਿਸਾਨਾਂ ਤੇ ਮੁਲਾਜ਼ਮਾਂ ਨੂੰ ਆਪਣੇ ਹੱਕ ਮੰਗਣ ਲਈ ਪੁਲਸ ਦੀਆਂ ਲਾਠੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਸ ਕਰਕੇ ਲੋਕ ਜਲੰਧਰ ਲੋਕ ਸਭਾ ਦੀ ਸੀਟ 'ਤੇ ਕਾਂਗਰਸ ਨੂੰ ਇਤਿਹਾਸਕ ਜਿੱਤ ਦਿਵਾ ਕੇ ਦੇਸ਼ ਤੇ ਸੂਬੇ 'ਚ ਮੁੜ ਕਾਂਗਰਸ ਦੀ ਸਰਕਾਰ ਬਣਾਉਣ ਦਾ ਮੁੱਢ ਬੰਨ੍ਹਣ ਲਈ ਉਤਸੁਕ ਨਜ਼ਰ ਆ ਰਹੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਯੂਥ ਕਾਂਗਰਸ ਮਾਮਲਿਆਂ ਦੇ ਹਲਕਾ ਇੰਚਾਰਜ ਤੇ ਡਾਇਰੈਕਟਰ ਕੰਵਰਪ੍ਰਤਾਪ ਸਿੰਘ ਅਜਨਾਲਾ ਨੇ ਵਿਧਾਨ ਸਭਾ ਹਲਕਾ ਅਜਨਾਲਾ ਦੇ ਸਾਬਕਾ ਵਿਧਾਇਕ ਹਰਪ੍ਰਤਾਪ ਸਿੰਘ ਅਜਨਾਲਾ ਦੀ ਸਰਪ੍ਰਸਤੀ 'ਚ ਜਲੰਧਰ ਵਿਖੇ ਕਾਂਗਰਸ ਪਾਰਟੀ ਦੇ ਉਮੀਦਵਾਰ ਚੌਧਰੀ ਬੀਬੀ ਕਰਮਜੀਤ ਕੌਰ ਦੇ ਹੱਕ 'ਚ ਲੋਕਾਂ ਨੂੰ ਘਰ-ਘਰ ਜਾ ਕੇ ਲਾਮਬੰਦ ਕਰਨ ਲਈ ਕਾਂਗਰਸੀ ਆਗੂਆਂ ਤੇ ਵਰਕਰਾਂ ਦੇ ਕਾਫਲੇ ਨੂੰ ਜਲੰਧਰ ਰਵਾਨਾ ਕਰਨ ਤੋਂ ਪਹਿਲਾਂ ਸੰਬੋਧਨ ਕਰਦਿਆਂ ਕੀਤਾ।

ਇਸ ਮੌਕੇ ਕਾਂਗਰਸ ਦੇ ਬਲਾਕ ਪ੍ਰਧਾਨ ਰਾਜਬੀਰ ਸਿੰਘ ਮੱਦੂਛਾਂਗਾ , ਬਲਾਕ ਪ੍ਰਧਾਨ ਗੁਰਪਾਲ ਸਿੰਘ ਸਿੱਧੀ, ਚੇਅਰਮੈਨ ਹਰਪਾਲ ਸਿੰਘ ਖਾਨੋਵਾਲ, ਚੇਅਰਮੈਨ ਦਲਜੀਤ ਸਿੰਘ, ਸੋਨੂੰ ਰਾਏਪੁਰ ਕਲਾਂ, ਪ੍ਰਧਾਨ ਦਵਿੰਦਰ ਸਿੰਘ ਡੈਮ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਬਲਦੇਵ ਸਿੰਘ ਭੋਏਵਾਲੀ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਪਰਸੋਤਮ ਸਿੰਘ ਬਾਠ, ਅਜਮੇਰ ਸਿੰਘ ਸੈਂਸਰਾ, ਸਰਪੰਚ ਅਰਵਿੰਦਰਪਾਲ ਸਿੰਘ, ਜੈਂਟੀ ਅਬੂਸੈਦ, ਰਾਜਪਾਲ ਸਿੰਘ ਮਾਕੋਵਾਲ, ਸਰਪੰਚ ਧਰਮਿੰਦਰ ਸਿੰਘ ਬਾਠ, ਸਰਪੰਚ ਬੰਟੀ ਕਲੋਮਾਹਲ, ਸਰਪੰਚ ਗੁਰਸ਼ਿੰਦਰ ਸਿੰਘ ਸੈਂਸਰਾ, ਸਰਪੰਚ ਸੋਨੂੰ ਮਾਕੋਵਾਲ, ਸਰਪੰਚ ਜਗਤਾਰ ਸਿੰਘ ਲੱਖੂਵਾਲ, ਸਰਪੰਚ ਗੋਪੀ ਨੰਗਲ, ਸਰਪੰਚ ਹਰਪਾਲ ਸਿੰਘ ਹਾਸਮਪੁਰਾ, ਵਿਸ਼ਾਲ ਕਾਠੀਆਂ, ਅੰਗਰੇਜ਼ ਸਿੰਘ ਲੱਖੂਵਾਲ, ਦਰਸ਼ਨ ਲਾਲ ਅਤੇ ਨਿਸ਼ਾਨ ਸਿੰਘ ਆਦਿ ਹਾਜ਼ਰ ਸਨ ।

## ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਤਿੰਨ ਸੀਨੀਅਰ ਸਹਾਇਕ ਬਣੇ ਨਿਗਰਾਨ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਤਿੰਨ ਕਰਮਚਾਰੀ ਅਰਵਿੰਦਰ ਸਿੰਘ ਪੰਜਾਬ ਸਕੂਲ ਆਫ ਇਕਨਾਮਿਕਸ, ਦਿਲਬਾਗ ਸਿੰਘ ਅੰਗਰੇਜ਼ੀ ਵਿਭਾਗ ਤੇ ਅਨੁਪਮਾ ਪਡਿਆਲ ਪਲਾਨਿੰਗ ਵਿਭਾਗ ਨੂੰ ਨਿਗਰਾਨ ਵਜੋਂ ਪਦਉਨਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨੂੰ ਨਿਯੁਕਤੀ ਪੱਤਰ ਹਰਜਿੰਦਰ ਸਿੰਘ ਸਹਾਇਕ ਰਜਿਸਟਰਾਰ ਅਤੇ ਰਜ਼ਨੀਸ਼ ਭਾਰਦਵਾਜ ਪ੍ਰਧਾਨ ਅਫਸਰ ਐਸੋਸੀਏਸ਼ਨ ਵੱਲੋਂ ਦਿੱਤੇ ਗਏ। ਇਸ ਮੌਕੇ ਖੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਯੂਨੀਵਰਸਿਟੀ ਅਫਸਰ ਐਸੋਸੀਏਸ਼ਨ ਦੇ ਪ੍ਰਧਾਨ ਰਜਨੀਸ਼ ਭਾਰਦਵਾਜ ਨੇ ਨਿਗਰਾਨ ਬਣੇ ਅਫਸਰਾਂ ਨੂੰ ਵਧਾਈ ਦਿੰਦੇ ਹੋਏ ਆਉਣ ਵਾਲੇ ਸਮੇਂ ਲਈ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਮਾਨਯੋਗ ਵਾਈਸ ਚਾਂਸਲਰ ਪ੍ਰੋ. (ਡਾ) ਜਸਪਾਲ ਸਿੰਘ ਸੰਧੂ ਅਤੇ ਰਜਿਸਟਰਾਰ ਪ੍ਰੋ. (ਡਾ.) ਕਰਨਜੀਤ ਸਿੰਘ ਕਾਹਲੋਂ ਦਾ ਉਚੇਚੇ ਤੌਰ ਤੇ ਧੰਨਵਾਦ ਕੀਤਾ। ਉਨ੍ਹਾਂ ਆਸ ਪ੍ਰਗਟਾਈ ਕਿ ਆਉਣ ਵਾਲੇ ਸਮੇਂ ਵਿਚ ਯੂਨੀਵਰਸਿਟੀ ਤਰੱਕੀ ਦੀਆਂ ਹੋਰ ਪਾਉੜੀਆਂ ਚੜ੍ਹੇਗੀ ਅਤੇ ਸਮੂਹ ਨਾਨ-ਟੀਚਿੰਗ ਕਰਮਚਾਰੀ ਅਤੇ ਅਫਸਰ ਯੂਨੀਵਰਸਿਟੀ ਦੀ ਤਰੱਕੀ ਵਿਚ ਆਪਣਾ ਬਣਦਾ ਯੋਗਦਾਨ ਪਾਉਂਦੇ ਰਹਿਣਗੇ। ਇਸ ਮੌਕੇ ਪਦਉਨਤ ਹੋਏ ਅਫਸਰਾਂ ਨੇ ਕਿਹਾ ਕਿ ਉਹ ਆਪਣੀ ਇਸ ਪਦਉਨਤੀ ਲਈ ਯੂਨੀਵਰਸਿਟੀ ਅਥਾਰਟੀ ਅਤੇ ਖਾਸ ਤੌਰ ਪ੍ਰਧਾਨ ਅਫਸਰ ਐਸੋਸੀਏਸ਼ਨ ਰਜਨੀਸ਼ ਭਾਰਦਵਾਜ ਦਾ ਧੰਨਵਾਦ ਕਰਦੇ ਹਨ। ਉਹ ਵਿਸ਼ਵਾਸ ਦਿਵਾਉਂਦੇ ਹਨ ਕਿ ਉਹ ਆਪਣਾ ਕੰਮ ਪੂਰੀ ਤਨਦੇਹੀ ਅਤੇ ਮੇਹਨਤ ਨਾਲ ਕਰਨਗੇ। ਇਸ ਮੌਕੇ ਜਗੀਰ ਸਿੰਘ ਉਪ ਪ੍ਰਧਾਨ, ਮਨਵਿੰਦਰ ਸਿੰਘ, ਵਿਪਨ ਕੁਮਾਰ ਸੰਯੁਕਤ ਸਕੱਤਰ, ਗੁਰਮੀਤ ਥਾਪਾ, ਹਰਦੀਪ ਸਿੰਘ, ਰਾਜੇਸ਼ ਕੁਮਾਰ, ਗੁਰਮੀਤ ਥਾਪਾ, ਮਨਪ੍ਰੀਤ ਸਿੰਘ ਸਕੱਤਰ ਅਤੇ ਕੁਲਜਿੰਦਰ ਸਿੰਘ ਬੱਲ ਸਮੇਤ ਵੱਡੀ ਗਿਣਤੀ ਵਿਚ ਅਫਸਰ ਐਸੋਸੀਏਸ਼ਨ ਦੇ ਮੈਂਬਰ ਹਾਜ਼ਰ ਸਨ।

# ਲਿੰਕ ਸੜਕਾਂ 'ਤੇ ਲੱਗੇ ਬੂਟਿਆਂ ਦਾ ਕਸੂਰ ਕੀ ਜਿਨ੍ਹਾਂ ਨੂੰ ਕਦੇ ਬਿਜਲੀ ਮੁਲਾਜ਼ਮਾਂ ਵੱਢਿਆ ਤੇ ਕਦੇ ਅਣਜਾਣ ਲੋਕਾਂ



ਟਾਂਗਰਾ (ਲਾਡੀ ਮੱਲ੍ਹੀ)-ਦਿਹਾਤੀ ਖੇਤਰ ਵਿੱਚ ਲਿੰਕ ਰੋਡਾਂ 'ਤੇ ਲੱਗੇ ਬੂਟਿਆਂ ਦੀ ਆਏ ਦਿਨ ਵੱਡੇ ਪੱਧਰ 'ਤੇ ਕਟਾਈ ਹੋ ਰਹੀ ਹੈ ਜਿਸ ਵੱਲ ਪੰਜਾਬ ਸਰਕਾਰ ਧਿਆਨ ਨਹੀਂ ਦੇ ਰਹੀ ਜਿਸ ਨੂੰ ਲੈ ਕੇ ਵਾਤਾਵਰਨ ਪ੍ਰੇਮੀਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਕਿਉਂਕਿ ਲਿੰਕ ਰੋਡਾਂ ਦੇ ਉੱਪਰ ਨਰੇਗਾ ਤਹਿਤ ਲੱਗੇ ਬੂਟਿਆਂ ਦੀ ਕਟਾਈ ਸ਼ਰੇਆਮ ਹੋ ਰਹੀ ਹੈ ਜਿਸਨੂੰ ਠੱਲ੍ਹ ਪਾਉਣ ਲਈ ਸਰਕਾਰ ਧਿਆਨ ਦੇਵੇ ਨਹੀਂ ਤਾਂ ਵੱਡੀ ਪੱਧਰ 'ਤੇ ਬੂਟਿਆਂ ਦਾ ਕੱਟਿਆ ਜਾਣਾ ਆਉਣ ਵਾਲੇ ਸਮੇਂ ਵਿਚ ਵਾਤਾਵਰਨ ਲਈ ਵੱਡਾ ਖਤਰਾ ਬਣ ਜਾਵੇਗਾ।

ਅੰਮ੍ਰਿਤਸਰ ਤੋਂ ਮਹਿਤਾ ਰੋਡ ਸਥਿਤ ਅੱਡਾ ਖੁਜਾਲਾ ਤੋਂ ਭੀਲੋਵਾਲ ਰੋਡ 'ਤੇ ਕਦੇ ਪਾਵਰਕਾਮ ਦੇ ਮੁਲਾਜ਼ਮਾਂ ਵੱਲੋਂ ਬਿਜਲੀ ਦੀਆਂ ਤਾਰਾਂ ਨੂੰ ਬਚਾਉਣ ਲਈ ਬੂਟਿਆਂ ਦੇ ਸਿਰ ਵੱਢ ਦਿੱਤੇ ਜਾਂਦੇ ਹਨ ਅਤੇ ਕਦੇ ਅਣਜਾਣ ਲੋਕਾਂ ਵੱਲੋਂ ਵੱਡੀ ਪੱਧਰ 'ਤੇ ਬੂਟਿਆਂ ਦੀ ਕਟਾਈ ਕੀਤੀ ਜਾ ਰਹੀ ਹੈ। ਇਸ ਮੌਕੇ ਕੁਝ ਲੋਕਾਂ ਨੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਪੱਤਰਕਾਰਾ ਨੂੰ ਕਿਹਾ ਕਿ ਜੰਗਲਾਤ ਵਿਭਾਗ ਦੇ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਵੱਡੇ ਬੂਟਿਆਂ ਦੀ ਕਟਾਈ ਕੀਤੀ ਜਾ ਰਹੀ ਹੈ ਜਿਸਦੀ ਵਿਜੀਲੈਂਸ ਵਿਭਾਗ ਜਾਂਚ ਕਰੇ। ਉਨ੍ਹਾਂ ਦੱਸਿਆ ਕਿ ਇਸ ਸੰਬੰਧੀ ਜਲਦੀ ਡਿਪਟੀ ਕਮਿਸ਼ਨਰ ਅੰਮ੍ਰਿਤਸਰ, ਡੀਡੀਪੀਏ ਅੰਮ੍ਰਿਤਸਰ, ਜ਼ਿਲ੍ਹਾ ਅਫਸਰ ਜੰਗਲਾਤ ਵਿਭਾਗ ਅੰਮ੍ਰਿਤਸਰ ਅਤੇ ਪੀਡਬਲਿਊਡੀ ਮਹਿਕਮੇ ਨੂੰ ਮੰਗ ਪੱਤਰ ਦੇ ਕੇ ਇਸ ਸਬੰਧੀ ਜਾਣੂ ਕਰਵਾਇਆ ਜਾਵੇਗਾ ਤਾਂ ਕਿ ਵੱਡੀ ਪੱਧਰ 'ਤੇ ਬੂਟਿਆਂ ਦੀ ਹੋ ਰਹ ਕਟਾਈ ਬੰਦ ਹੋ ਸਕੇ। ਇਸ ਸਬੰਧੀ ਜਦੋਂ ਲਾਈਨਮੈਨ ਗੁਰਵਿੰਦਰ ਸਿੰਘ ਨੂੰ ਪੁੱਛਿਆ ਗਿਆ ਕਿ ਤੁਹਾਡੇ ਵੱਲੋਂ ਬੂਟੇ ਵੱਢੇ ਗਏ ਹਨ ਜਿਸ ਦੀ ਕੋਈ ਮਨਜ਼ੂਰੀ ਲਈ ਗਈ ਹੈ ਤਾਂ ਉਨ੍ਹਾਂ ਨੇ ਕਿਹਾ ਕਿ ਸਾਡੇ ਵੱਲੋਂ ਹਰ ਸਾਲ ਬੂਟੇ ਵੱਢੇ ਜਾਂਦੇ ਹਨ। ਜਦੋਂ ਇਸ ਸਬੰਧੀ ਐਸਡੀਓ ਨਵਾਂ ਪਿੰਡ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਕਿਹਾ ਕਿ ਇਸ ਦੀ ਇਨਕੁਆਰੀ ਕਰਵਾਈ ਜਾਵੇਗੀ। ਇਸ ਸਬੰਧੀ ਜੰਗਲਾਤ ਵਿਭਾਗ ਦੇ ਗਾਰਡ ਪ੍ਰੇਮ ਸਿੰਘ ਨਾਲ ਗੱਲ ਕੀਤੀ ਤਾਂ ਉਹ ਸਵਾਲਾਂ ਤੋਂ ਭੱਜਦੇ ਨਜ਼ਰ ਆਏ ਅਤੇ ਕੋਈ ਤੱਸਲੀਬਖਸ਼ ਜਵਾਬ ਨਹੀਂ ਦੇ ਸਕੇ।

# ਦਸਤਾਰ, ਦੁਮਾਲਾ ਤੇ ਗੁਰਬਾਣੀ ਕੰਠ ਮੁਕਾਬਲੇ ਕਰਵਾਏ




ਚੋਹਲਾ ਸਾਹਿਬ/ਸਰਹਾਲੀ ਕਲਾਂ (ਰਮਨ ਚੱਢਾ, ਹਰਪ੍ਰੀਤ ਸਿੰਘ ਚੰਬਾ)-ਸ਼ਹੀਦ ਭਾਈ ਤਾਰੂ ਸਿੰਘ ਜੀ ਗੁਰਮਤਿ ਪ੍ਰਚਾਰ ਸੁਸਾਇਟੀ ਵਲੋਂ ਗੁਰਦੁਆਰਾ ਬਾਬਾ ਬੀਰ ਸਿੰਘ ਜੀ ਸ਼ਹੀਦ ਪਿੰਡ ਮਰਹਾਣਾ ਵਿਖੇ ਬੱਚਿਆਂ ਨੂੰ ਗੁਰਬਾਣੀ ਤੇ ਸਿੱਖ ਇਤਿਹਾਸ ਨਾਲ ਜੋੜਨ ਲਈ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਦੇ ਸੁੰਦਰ ਦਸਤਾਰ ਸਜਾਉਣ, ਸੁੰਦਰ ਦੁਮਾਲਾ ਸਜਾਉਣ ਅਤੇ ਗੁਰਬਾਣੀ ਕੰਠ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਇਲਾਕੇ ਦੀ ਨਾਮਵਰ ਵਿਦਿਆਕ ਸੰਸਥਾ ਸ਼ਾਹ ਹਰਬੰਸ ਸਿੰਘ ਇੰਟਰਨੈਸ਼ਨਲ ਪਬਲਿਕ ਸਕੂਲ ਰਾਣੀ ਵਲਾਹ ਦੇ ਬੱਚਿਆਂ ਨੇ ਵੀ ਭਾਗ ਲੈ ਕੇ ਗੁਰਬਾਣੀ ਕੰਠ ਮੁਕਾਬਲੇ ਵਿਚ ਸੁਖਮਨਦੀਪ ਸਿੰਘ ਨੇ ਪਹਿਲਾ ਸਥਾਨ, ਪ੍ਰਭਜੀਤ ਸਿੰਘ ਦੁਮਾਲਾ ਸਜਾਉਣ ਵਿੱਚ ਦੂਜਾ ਸਥਾਨ ਅਤੇ ਸੁਖਜੀਵਨ ਸਿੰਘ ਦਸਤਾਰ ਸਜਾਉਣ ਵਿੱਚ ਤੀਜਾ ਸਥਾਨ ਹਾਸਲ ਕੀਤਾ। ਸਕੂਲ ਦੇ ਮੈਨੇਜਿੰਗ ਡਾਇਰੈਕਟਰ ਗੁਲਵਿੰਦਰ ਸਿੰਘ ਸੰਧੂ ਐਜੂਕੇਸ਼ਨ ਡਾਇਰੈਕਟਰ ਮੈਡਮ ਨਵਦੀਪ ਕੌਰ ਸੰਧੂ ਅਤੇ ਪ੍ਰਿੰਸੀਪਲ ਨਿਰਭੈ ਸਿੰਘ ਸੰਧੂ ਨੇ ਸਾਰੇ ਵਿਦਿਆਰਥੀਆਂ ਅਤੇ ਮਾਪਿਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਅਸੀਂ ਖੁਸ਼ਕਿਸਮਤ ਹਾਂ ਕਿ ਜਿੱਥੇ ਸਾਡੀ ਸੰਸਥਾ ਦੇ ਵਿਦਿਆਰਥੀ ਹਰ ਖੇਤਰ ਵਿੱਚ ਕਾਮਯਾਬ ਹੋ ਰਹੇ ਹਨ ਉਥੇ ਆਪਣੇ ਗੁਰੂਆਂ ਵਲੋਂ ਬਖਸ਼ੀ ਸਿੱਖੀ ਵਿੱਚ ਪ੍ਰਪੱਕ ਰਹਿ ਧਾਰਮਿਕ ਵਿਰਸੇ ਦੇ ਧਾਰਨੀ ਹਨ। ਉਨ੍ਹਾਂ ਭਾਈ ਜੋਗਾ ਸਿੰਘ ਮਰਹਾਣਾ, ਸ਼ਹੀਦ ਭਾਈ ਤਾਰੂ ਸਿੰਘ ਜੀ ਗੁਰਮਤਿ ਪ੍ਰਚਾਰ ਸੁਸਾਇਟੀ ਦਾ ਧੰਨਵਾਦ ਕੀਤਾ ਜਿਨ੍ਹਾਂ ਵਲੋਂ ਇਹ ਇਹ ਧਾਰਮਿਕ ਮੁਕਾਬਲੇ ਕਰਵਾਉਣ ਦਾ ਉਪਰਾਲਾ ਕੀਤਾ ਗਿਆ ਅਤੇ ਸਾਡੇ ਸਕੂਲ ਨੂੰ ਸੱਦਾ ਪੱਤਰ ਦੇ ਕੇ ਬੱਚਿਆਂ ਦੀ ਸ਼ਮੂਲੀਅਤ ਕਰਵਾਈ।

## ਲਾਲ ਦੁਆਰਾ ਮੰਦਰ ਬਾਵਾ ਲਾਲ ਜੀ ਵਿਖੇ ਸ੍ਰੀ ਭਾਗਵਤ ਕਥਾ ਆਰੰਭ



ਮਜੀਠਾ (ਸੋਇਮ ਆਨੰਦ)-ਲਾਲ ਦੁਆਰਾ ਮੰਦਰ ਸ਼੍ਰੀ ਬਾਵਾ ਲਾਲ ਜੀ ਮਜੀਠਾ ਵਿਖੇ ਲਾਲ ਦੁਆਰਾ ਬਾਵਾ ਲਾਲ ਜੀ ਧਿਆਨਪੁਰ ਦੇ ਗੱਦੀ ਨਸ਼ੀਨ ਸ਼੍ਰੀ ਰਾਮ ਸੁੰਦਰ ਦਾਸ ਜੀ ਦੇ ਆਸ਼ੀਰਵਾਦ ਸਦਕਾ ਮੰਦਰ ਕਮੇਟੀ ਦੇ ਮੈਂਬਰਾਂ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਸ਼੍ਰੀ ਭਾਗਵਤ ਕਥਾ ਦਾ ਆਰੰਭ ਕੀਤਾ ਗਿਆ ਜਿਹੜਾ ਕਿ 12 ਮਈ ਤੱਕ ਨਿਰੰਤਰ ਜਾਰੀ ਰਹੇਗਾ।

ਸਵੇਰੇ ਮੰਦਰ ਦੇ ਪੰਡਤ ਮਨੋਜ਼ ਕੁਮਾਰ ਵੱਲੋਂ ਪੂਜਾ ਕੀਤੀ ਗਈ ਅਤੇ ਕਥਾ ਦਾ ਪ੍ਰਵਾਹ ਨਿਰਵਿਘਨ ਜਾਰੀ ਰਹਿਣ ਦੀ ਅਰਦਾਸ ਕੀਤੀ ਗਈ। ਸ਼ਰਧਾਲੂ ਔਰਤਾਂ ਵੱਲੋਂ ਸ਼ਹਿਰ ਮਜੀਠਾ ਵਿੱਚ ਕਲਸ਼ ਯਾਤਰਾ ਕੱਢੀ ਗਈ। ਕਥਾ ਦਾ ਵਰਨਣ ਸ਼੍ਰੀ ਗਿਰਧਾਰੀ ਲਾਲ ਸ਼੍ਰੀ ਵਰਿੰਦਾਵਨ ਵਾਲਿਆਂ ਵੱਲੋਂ ਕੀਤਾ ਗਿਆ। ਕਥਾ ਕਰਦੇ ਹੋਏ ਉਨ੍ਹਾਂ ਕਿਹਾ ਕਿ ਦੇਸ਼ ਭਰ ਵਿੱਚ ਅੱਜ ਨੌਜਵਾਨ ਜਿਆਦਾ ਗਿਣਤੀ ਵਿੱਚ ਆਤਮ ਹੱਤਿਆ ਕਰ ਰਹੇ ਹਨ ਕਿਉਂਕਿ ਉਨ੍ਹਾਂ ਵਿੱਚ ਆਤਮ ਵਿਸ਼ਵਾਸ਼ ਦੀ ਕਮੀ ਹੈ ਇਹ ਕਮੀ ਇਸ ਕਰਕੇ ਹੈ ਕਿ ਉਨ੍ਹਾਂ ਦੇ ਮਾਪਿਆਂ ਵੱਲੋਂ ਉਨ੍ਹਾਂ ਨੂੰ ਧਾਰਮਿਕ ਸਿਖਿਆ ਦਾ ਗਿਆਨ ਨਹੀਂ ਦਿੱਤਾ ਜਾਂਦਾ।

ਮੰਦਰ ਕਮੇਟੀ ਮੈਂਬਰਾਂ ਨੇ ਦੱਸਿਆ ਕਿ 8 ਮਈ ਨੂੰ ਸ਼੍ਰੀ ਰਾਮ ਸੁੰਦਰ ਦਾਸ ਵੀ ਵੱਲੋਂ ਲਾਲ ਦੁਆਰਾ ਮੰਦਰ ਬਾਵਾ ਲਾਲ ਮਜੀਠਾ ਵਿਖੇ ਸ਼ਿਵਾਲਾ ਮੰਦਰ, ਲਕਸ਼ਮੀ ਨਾਰਾਇਣ ਅਤੇ ਹਨੂੰਮਾਨ ਜੀ ਦੀਆਂ ਨਵੀਆਂ ਮੂਰਤੀਆਂ ਦੀ ਸਥਾਪਨਾ ਕੀਤੀ ਜਾਵੇਗੀ। 12 ਮਈ ਨੂੰ ਮਹਾਂਮਾਈ ਦਾ ਜਾਗਰਨ ਹੋਵੇਗਾ ਜਿਸ ਵਿੱਚ ਸ਼੍ਰੀ ਰਾਮ ਸੁੰਦਰ ਦਾਸ ਜੀ ਜਯੋਤੀ ਪ੍ਰਚੰਡ ਕਰਨਗੇ। ਇਸ ਮੌਕੇ ਪੰਡਤ ਮਨੋਜ ਕੁਮਾਰ, ਚੇਅਰਮੈਨ ਕੁਲਦੀਪ ਕੁਮਾਰ, ਪ੍ਰਧਾਨ ਨਰਿੰਦਰ ਕੁਮਾਰ ਕਾਨੂੰਗੋ, ਇੰਦਰਜੀਤ ਬੱਬਰ, ਮਾਸਟਰ ਵਿਜੇ ਸ਼ਰਮਾ, ਹੈਪੀ ਤਕਿਆਰ, ਰਵਿੰਦਰ ਕਪਾਹੀ, ਪਵਨ ਨਈਅਰ, ਰਾਜੂ ਅਰੋੜਾ, ਰੋਹਿਤ ਕਪਾਹੀ, ਵਿਜੇ ਪਾਠਕ, ਉਮ ਪ੍ਰਕਾਸ਼ ਚੋਪੜਾ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# 16ਵਾਂ ਓਪਨ ਪੰਜਾਬ ਨੈਸ਼ਨਲ ਚੈਂਪੀਅਨਸ਼ਿਪ ਬਾਡੀ ਬਿਲਡਿੰਗ ਮੁਕਾਬਲਾ ਕਰਵਾਇਆ



ਜੰਡਿਆਲਾ ਗੁਰੂ(ਹਰਿੰਦਰ ਪਾਲ ਸਿੰਘ)-ਪੰਜਾਬ ਦੀ ਧਰਤੀ ਤੇ ਵੱਸੇ ਜੰਡਿਆਲਾ ਗੁਰੂ ਸ਼ਹਿਰ ਵਿੱਚ ਸਰਸਵਤੀ ਹੈਲਥ ਕਲੱਬ ਵੱਲੋਂ 16ਵਾਂ ਓਪਨ ਪੰਜਾਬ ਨੈਸ਼ਨਲ ਚੈਂਪੀਅਨਸ਼ਿਪ ਬਾਡੀ ਬਿਲਡਿੰਗ ਮੁਕਾਬਲਾ ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਦੇ ਆਡੀਟੋਰੀਅਮ ਹਾਲ ਵਿੱਚ ਕਰਵਾਇਆ ਗਿਆ ਜਿਸ ਵਿੱਚ ਬਾਡੀ ਬਿਲਡਿੰਗ, ਬੈਂਚ ਪ੍ਰੈੱਸ, ਡੈੱਡ ਲਿਫਟਿੰਗ , ਬਾਈਸੈਫ ਆਦਿ ਦੇ ਮੁਕਾਬਲੇ ਕਰਵਾਏ ਗਏ! ਇਸ ਮੌਕੇ ਮੁੱਖ ਮਹਿਮਾਨ ਹਰਭਜਨ ਸਿੰਘ ਈਟੀਓ ਅਤੇ ਉਨ੍ਹਾਂ ਦੀ ਪਤਨੀ ਸੁਹਿੰਦਰ ਕੌਰ, ਸਰਬਜੀਤ ਸਿੰਘ ਡਿੰਪੀ, ਨਰੇਸ਼ ਪਾਠਕ, ਉਂਕਾਰ ਕੰਡਾ, ਸੇਂਟ ਸੋਲਜਰ ਸਕੂਲ ਦੇ ਡਾਇਰੈਕਟਰ ਮੰਗਲ ਸਿੰਘ ਕਿਸ਼ਨਪੁਰੀ, ਆੜ੍ਹਤੀ ਐਸੋਸੀਏਸ਼ਨ ਪ੍ਰਧਾਨ ਸੁਰਜੀਤ ਸਿੰਘ ਕੰਗ, ਹਲਕਾ ਬਾਬਾ ਬਾਕਲਾ ਵਿਧਾਇਕ ਦਲਬੀਰ ਸਿੰਘ ਟੌਂਗ, ਮਨੋਹਰ ਵਾਟਿਕਾ ਸਕੂਲ ਦੇ ਡਾਈਰੈਕਟਰ ਸੁਰੇਸ਼ ਕੁਮਾਰ, ਮਨੀ ਚੋਪੜਾ, ਪੀਰ ਬਾਬਾ ਘੋੜੇਸ਼ਾਹ ਦੇ ਗੱਦੀਨਸ਼ੀਨ ਬਾਬਾ ਹਰਪਾਲ ਸਿੰਘ ਪਾਲਾ ਵਿਸ਼ੇਸ ਤੌਰ ਤੇ ਪਹੁੰਚੇ। ਮੀਡੀਆ ਨਾਲ ਗੱਲਬਾਤ ਕਰਦਿਆਂ ਸੁਹਿੰਦਰ ਕੌਰ ਨੇ ਕਿਹਾ ਕਿ ਸਰਸਵਤੀ ਹੈਲਥ ਕਲੱਬ ਵੱਲੋਂ ਬਹੁਤ ਵਧੀਆ ਉਪਰਾਲਾ ਕੀਤਾ ਜਾ ਰਿਹਾ ਹੈ।

ਉਨ੍ਹਾਂ ਨੇ ਕਿਹਾ ਕਿ ਮੰਤਰੀ ਸਾਬ ਦੀ ਨਾਲਜ ਵਿੱਚ ਲਿਆਂਦਾ ਜਾਵੇਗਾ ਅਤੇ ਸਰਕਾਰ ਵੀ ਇਨ੍ਹਾਂ ਦੀ ਮਦਦ ਕਰੇਗੀ! ਇਸ ਮੌਕੇ ਸਰਸਵਤੀ ਹੈਲਥ ਕਲੱਬ ਦੇ ਪ੍ਰਧਾਨ ਵਰਿੰਦਰ ਸੂਰੀ ਪ੍ਰੈਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਰਸਵਤੀ ਹੈਲਥ ਕਲੱਬ ਵੱਲੋਂ 16 ਸਾਲਾਂ ਤੋਂ ਲਗਾਤਾਰ ਚੈਂਪੀਅਨਸ਼ਿਪ ਕਰਵਾਈ ਜਾਂਦੀ ਹੈ! ਇਸ ਨੈਸ਼ਨਲ ਚੈਂਪੀਅਨਸ਼ਿਪ ਵਿੱਚ ਪੂਰੇ ਪੰਜਾਬ ਭਰ ਤੋਂ ਲੜਕੇ-ਲੜਕੀਆਂ ਨੇ ਭਾਗ ਲਿਆ! ਓਵਰਆਲ ਬਾਡੀ ਬਿਲਡਿੰਗ ਵਿੱਚ ਤਜਿੰਦਰ ਸਿੰਘ ਹੁਸ਼ਿਆਰਪੁਰ ਦੇ ਸਿਰ ਸਜਿਆ ਜਿਸ ਨੂੰ 21000 ਰੁਪਏ ਅਤੇ ਟਰਾਫੀ ਨਾਲ ਸਨਮਾਨਿਤ ਕੀਤਾ ਗਿਆ! ਵਰਿੰਦਰ ਸੂਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਜਿੰਨੀਆਂ ਵੀ ਆਈਆਂ ਹਨ, ਉਨ੍ਹਾਂ ਨੇ ਕਦੀ ਵੀ ਸਾਡੀ ਬਾਂਹ ਨਹੀਂ ਫੜੀ! ਇਸ ਮੌਕੇ ਸੁਖਬੀਰ ਸਿੰਘ, ਕੁਲਵਿੰਦਰ ਸਿੰਘ ਮਾਂਗਟ, ਡੀਐੱਸਪੀ ਕੁਲਦੀਪ ਸਿੰਘ ਥਾਣਾ ਜੰਡਿਆਲਾ ਗੁਰੂ, ਐਡਵੋਕੇਟ ਖੰਨਾ, ਪ੍ਰਿੰਸੀਪਲ ਅਮਰਜੀਤ ਕੌਰ, ਨਰਿੰਦਰ ਸੂਰੀ, ਬਰਤਨ ਜੂਨੀਅਰ ਦੇ ਪ੍ਰਧਾਨ ਵਰਿੰਦਰ ਸਿੰਘ ਮਲਹੋਤਰਾ, ਵਿੱਕੀ ਸੂਰੀ, ਪ੍ਰਦੀਪ ਸੂਰੀ ਆਦਿ ਹਾਜ਼ਰ ਸਨ!

# ਪ੍ਰਿੰਸੀਪਲ ਸੋਹਲ ਦੀ ਪੁਸਤਕ 'ਪਹੇ, ਪਗਡੰਡੀਆਂ ਅਤੇ ਪੂਰਨੇ' ਲੋਕ ਅਰਪਿਤ

## ਲੱਖਾ ਸਲੇਮਪੁਰੀ 'ਮਾਂ ਬੋਲੀ ਦਾ ਮਾਣ' ਐਵਾਰਡ ਨਾਲ ਸਨਮਾਨਿਤ



ਬਾਬਾ ਬਕਾਲਾ ਸਾਹਿਬ (ਨਿਰਮਲ ਸਿੰਘ ਸੰਘਾ)-ਪੰਜਾਬੀ ਸਾਹਿਤ ਸਭਾ, ਬਾਬਾ ਬਕਾਲਾ ਸਾਹਿਬ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਹਿਯੋਗ ਨਾਲ ਇਕ ਸਾਹਿਤਕ ਸਮਾਗਮ ਅਨੈਕਸੀ ਹਾਲ, ਬਾਬਾ ਬਕਾਲਾ ਸਾਹਿਬ ਕਰਵਾਇਆ ਗਿਆ। ਇਸ ਮੌਕੇ ਸਮਾਗਮ ਵਿੱਚ ਬਤੌਰ ਮੁੱਖ ਮਹਿਮਾਨ ਡਾ: ਆਸਾ ਸਿੰਘ ਘੁੰਮਣ (ਸਰਪ੍ਰਸਤ ਸਿਰਜਣਾ ਕੇਂਦਰ ਕਪੂਰਥਲਾ) ਅਤੇ ਬਤੌਰ ਵਿਸ਼ੇਸ਼ ਮਹਿਮਾਨ ਭੈਣ ਜੀ ਜਗੀਰ ਕੌਰ ਮੀਰਾਂਕੋਟ (ਮਾਤਾ ਗੁਰਜੀਤ ਸਿੰਘ ਔਜਲਾ ਮੈਂਬਰ ਪਾਰਲੀਮੈਂਟ) ਨੇ ਸ਼ਿਰਕਤ ਕੀਤੀ, ਜਦਕਿ ਪ੍ਰਧਾਨਗੀ ਮੰਡਲ ਵਿੱਚ ਦੀਪ ਦਵਿੰਦਰ ਸਿੰਘ (ਸਕੱਤਰ ਕੇਂਦਰੀ ਪੰਜਾਬੀ ਲੇਖਕ ਸਭਾ) ਅਤਰ ਸਿੰਘ ਤਰਸਿੱਕਾ (ਸਰਪ੍ਰਸਤ ਪੰਜਾਬੀ ਸਾਹਿਤ ਸਭਾ ਤਰਸਿੱਕਾ), ਲਖਵਿੰਦਰ ਸਿੰਘ ਲੱਖਾ ਸਲੇਮਪੁਰੀ ਚੇਅਰਮੈਨ ਮਾਣ ਪੰਜਾਬੀਆਂ ਅਤੇ ਅੰਤਰਰਾਸ਼ਟਰੀ ਸਾਹਿਤਕ ਮੰਚ, ਇੰਗਲੈਂਡ ਅਤੇ ਹਰਜੀਪ੍ਰੀਤ ਸਿੰਘ ਕੰਗ (ਸੂਬਾ ਪ੍ਰਧਾਨ ਫੀਲਡ ਪੱਤਰਕਾਰ ਐਸੋਸੀਏਸ਼ਨ), ਸੁਖਦੇਵ ਸਿੰਘ ਭੁੱਲਰ ਸਾ: ਸੀ: ਮੈਨੇਜਰ ਪੰਜਾਬ ਸਕੂਲ ਸਿਖਿਆ ਬੋਰਡ, ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਮੁੱਖ ਸੰਚਾਲਕ ਸ਼ੇਲਿੰਦਰਜੀਤ ਸਿੰਘ ਰਾਜਨ, ਸਰਪ੍ਰਸਤ ਪ੍ਰਿੰ: ਰਘਬੀਰ ਸਿੰਘ ਸੋਹਲ ਅਤੇ ਪ੍ਰਧਾਨ ਸੰਤੋਖ ਸਿੰਘ ਗੁਰਾਇਆ ਆਦਿ ਸ਼ੁਸ਼ੋਭਿਤ ਹੋਏ। ਇਸ ਮੌਕੇ ਪ੍ਰਿੰ: ਰਘਬੀਰ ਸਿੰਘ ਸੋਹਲ ਦਾ ਹਾਸ ਵਿਅੰਗ ਕਹਾਣੀ ਸੰਗ੍ਰਹਿ "ਪਹੇ, ਪਗਡੰਡੀਆਂ ਅਤੇ ਪੂਰਨੇ" ਸਮੁੱਚੇ ਪ੍ਰਧਾਨਗੀ ਮੰਡਲ ਵੱਲੋਂ ਲੋਕ ਅਰਪਿਤ ਕੀਤਾ ਗਿਆ, ਜਦਕਿ ਲਖਵਿੰਦਰ ਸਿੰਘ ਲੱਖਾ ਸਲੇਮਪੁਰੀ (ਰਚੇਤਾ ਅੰਮ੍ਰਿਤਸਰ ਵੱਲ ਜਾਂਦੇ ਰਾਹੀਓ, ਜਾਣਾ ਗੁਰੂ ਦੁਆਰੇ ਬਈ) ਨੂੰ ਸਭਾ ਵੱਲੋਂ 'ਮਾਂ ਬੋਲੀ ਦਾ ਮਾਣ' ਐਵਾਰਡ ਨਾਲ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਮੰਚ ਸੰਚਾਲਨ ਕਰ ਰਹੇ ਸਭਾ ਦੇ ਮੁੱਖ ਸੰਚਾਲਕ ਸ਼ੇਲਿੰਦਰਜੀਤ ਸਿੰਘ ਰਾਜਨ ਨੇ ਪਿਛਲੀਆਂ ਸਰਗਰਮੀਆਂ ਤੇ ਇਕ ਝਾਤ ਪਾਈ ਅਤੇ ਸਮੁੱਚੇ ਸਮਾਗਮ ਨੂੰ ਤਰਤੀਬ ਦਿੱਤੀ। ਇਸ ਮੌਕੇ ਪ੍ਰਸਿੱਧ ਗਾਇਕ ਮੱਖਣ ਭੈਣੀਵਾਲ, ਸਤਨਾਮ ਸਿੰਘ ਸੱਤਾ ਜਸਪਾਲ, ਅਰਜਿੰਦ ਬੁਤਾਲਵੀ, ਲਖਵਿੰਦਰ ਚੰਦਨ ਅਤੇ ਅਵਤਾਰ ਸਿੰਘ ਗਇੰਦਵਾਲੀਆਂ ਨੇ ਗਾਇਕੀ ਦੇ ਜੌਹਰ ਦਿਖਾਏ। ਉਪਰੰਤ ਹਾਜ਼ਰੀਨ ਕਵੀਆਂ ਵੱਲੋਂ ਕਰਵਾਏ ਗਏ ਕਵੀ ਦਰਬਾਰ ਵਿੱਚ ਸਰਵਸ਼੍ਰੀ ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਮਹਿਲਾ ਵਿੰਗ ਦੇ ਪ੍ਰਧਾਨ ਸੁਖਵੰਤ ਕੌਰ ਵੱਸੀ, ਰਾਜਵਿੰਦਰ ਕੌਰ ਰਾਜ, ਜਤਿੰਦਰਪਾਲ ਕੌਰ ਭੱਟੀਕੇ, ਨਵਜੋਤ ਕੌਰ ਨਵੂ ਭੁੱਲਰ, ਗੁਰਮੀਤ ਕੌਰ ਬੱਲ, ਜੋਤੀ ਭਗਤ ਬਟਾਲਵੀ, ਰਾਜਬੀਰ ਕੌਰ ਬੀਰ ਗਰੇਵਾਲ, ਡਾ: ਗੁਰਸ਼ਿੰਦਰ ਕੌਰ ਅੰਮ੍ਰਿਤਸਰ, ਰਾਜਿੰਦਰ ਸਿੰਘ ਰਾਜ ਕਲਾਨੌਰ, ਮਨਜੀਤ ਸਿੰਘ ਵੱਸੀ, ਮੁਖਤਾਰ ਸਿੰਘ ਗਿੱਲ, ਦਵਿੰਦਰ ਸਿੰਘ ਭੋਲਾ ਜੰਡਿਆਲਵੀ, ਜਸਪਾਲ ਸਿੰਘ ਧੂਲਕਾ, ਮਲਕੀਅਤ ਸਿੰਘ ਪਾਪੀ, ਸੁਖਦੇਵ ਸਿੰਘ ਗੰਡਵਾਂ, ਸੋਢੀ ਸੱਤੋਵਾਲੀਆ, ਸੁਖਬੀਰ ਸਿੰਘ ਖੁਰਮਣੀਆਂ, ਦਿਲਰਾਜ ਸਿੰਘ ਦਰਦੀ, ਦਲਜੀਤ ਸਿੰਘ ਮੈਹਮੀ ਕਰਤਾਰਪੁਰ, ਗੁਰਮੀਤ ਸਿੰਘ ਡੇਹਰੀਵਾਲਾ, ਰਣਜੀਤ ਸਿੰਘ ਕੋਟ ਮਹਿਤਾਬ, ਸਤਰਾਜ ਜਲਾਲਾਬਾਦੀ, ਜਗਦੀਸ਼ ਸਿੰਘ ਬਮਰਾਹ, ਸਰਬਜੀਤ ਸਿੰਘ ਪੱਡਾ, ਜਸਮੇਲ ਸਿੰਘ ਜੋਧੇ, ਸਕੱਤਰ ਸਿੰਘ ਪੁਰੇਵਾਲ, ਬਲਬੀਰ ਸਿੰਘ ਬੀਰ, ਬਲਵਿੰਦਰ ਸਿੰਘ ਅਠੌਲਾ, ਮੱਖਣ ਸਿੰਘ ਧਾਲੀਵਾਲ, ਰਾਜਦਵਿੰਦਰ ਸਿੰਘ ਵੜੈਚ, ਕਸ਼ਮੀਰ ਸਿੰਘ ਸਠਿਆਲਾ ਆਦਿ ਨੇ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਕਾਵਿ ਰਚਨਾਵਾਂ ਪੇਸ਼ ਕੀਤੀਆਂ ਗਈਆਂ ।

# ਕਾਂਗਰਸੀ ਆਗੂ ਦੱਸਣ ਕਿ ਉਹਨਾਂ ਆਪਣੀ ਸਰਕਾਰ ਦੌਰਾਨ ਲੋਕਾਂ ਲਈ ਕੀ ਕੀਤਾ : ਅਮਨ ਅਰੋੜਾ




**ਜਲੰਧਰ, ਸ਼ੈਲੀ ਐਲਬਰਟ**)-ਆਮ ਆਦਮੀ ਪਾਰਟੀ (ਆਪ) ਨੇ ਕਾਂਗਰਸੀ ਆਗੂਆਂ ਦੇ ਬੇਬੁਨਿਆਦ ਦੋਸ਼ਾਂ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ ਕਿ ਅਸੀਂ ਬੂਥ ਕੈਪਚਰਿੰਗ 'ਚ ਵਿਸ਼ਵਾਸ ਨਹੀਂ ਰੱਖਦੇ, ਅਸੀਂ ਆਪਣੇ ਕੰਮ ਅਤੇ ਲੋਕ ਪੱਖੀ ਨੀਤੀਆਂ ਰਾਹੀਂ ਲੋਕਾਂ ਦੇ ਦਿਲਾਂ 'ਤੇ ਕਬਜ਼ਾ ਕਰਦੇ ਹਾਂ। ਜ਼ਿਮਨੀ ਚੋਣ ਦੇ ਪ੍ਰਚਾਰ ਦੌਰਾਨ 'ਆਪ' ਆਗੂਆਂ ਨੂੰ ਜਲੰਧਰ ਦੇ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਜੋ ਕਿ 'ਆਪ' ਉਮੀਦਵਾਰ ਸੁਸ਼ੀਲ ਕੁਮਾਰ ਰਿੰਕੂ ਨੂੰ ਪੂਰੇ ਮਨ ਨਾਲ ਵੋਟਾਂ ਪਾਉਣਗੇ। ਸੋਮਵਾਰ ਨੂੰ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ 'ਆਪ' ਦੇ ਸੀਨੀਅਰ ਆਗੂ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਾਂਗਰਸ ਪਾਰਟੀ ਅਤੇ ਉਨ੍ਹਾਂ ਦੇ ਆਗੂਆਂ ਨੂੰ ਘੇਰਦਿਆਂ ਕਿਹਾ ਕਿ ਉਹ ਆਪਣੀ ਹਾਰ ਪਹਿਲਾਂ ਹੀ ਸਵੀਕਾਰ ਕਰ ਚੁੱਕੇ ਹਨ। ਉਹਨਾਂ ਕਿਹਾ ਕਿ ਕਾਂਗਰਸੀ ਆਗੂਆਂ ਖਾਸ ਕਰਕੇ ਉਹਨਾਂ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਬਿਆਨਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਉਹ ਇਸ ਤੱਥ ਤੋਂ ਭਲੀ ਭਾਂਤ ਜਾਣੂ ਹਨ ਕਿ ਕਾਂਗਰਸ ਲੋਕਾਂ ਵਿੱਚ ਆਪਣਾ ਆਧਾਰ ਗੁਆ ਚੁੱਕੀ ਹੈ। ਅਮਨ ਅਰੋੜਾ ਨੇ ਕਿਹਾ ਕਿ ਪਿਛਲੇ ਸਾਲ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬ ਦੇ ਲੋਕਾਂ ਨੇ ਸਾਰੇ ਲੋਕ ਵਿਰੋਧੀ ਨੇਤਾਵਾਂ ਨੂੰ ਨਕਾਰ ਦਿੱਤਾ, ਚਾਹੇ ਉਹ ਕਿੰਨੇ ਵੀ ਪ੍ਰਭਾਵਸ਼ਾਲੀ ਕਿਉਂ ਨਾ ਹੋਣ। ਇਸੇ ਤਰ੍ਹਾਂ ਇਸ ਚੋਣ ਵਿੱਚ ਉਨ੍ਹਾਂ ਨੂੰ ਵੋਟ ਦਿਓ ਜੋ ਤੁਹਾਡੀ ਵੋਟ ਦੀ ਕਦਰ ਕਰਦੇ ਹਨ। ਦਿੱਲੀ ਤੋਂ ਕਾਂਗਰਸ ਦੀ ਚੋਟੀ ਦੀ ਲੀਡਰਸ਼ਿਪ ਤੁਹਾਡੀਆਂ ਵੋਟਾਂ ਮੰਗਣ ਲਈ ਜਲੰਧਰ ਨਹੀਂ ਆਈ, ਮਤਲਬ ਸਾਫ ਹੈ, ਉਨ੍ਹਾਂ ਨੂੰ ਤੁਹਾਡੀ ਵੋਟ ਦੀ ਕੋਈ ਕੀਮਤ ਨਹੀਂ ਹੈ, ਉਹ ਤੁਹਾਨੂੰ ਟਿੱਚ ਸਮਝਦੇ ਰਹੇ ਹਨ। ਇਸ ਲਈ ਅਜਿਹੀਆਂ ਪਾਰਟੀਆਂ ਨੂੰ ਵੋਟ ਨਾ ਪਾਓ। ਅਰੋੜਾ ਨੇ ਅੱਗੇ ਕਿਹਾ ਕਿ ਚੰਨੀ ਕਹਿ ਰਹੇ ਹਨ ਕਿ ਅਸੀਂ ਬੂਥਾਂ 'ਤੇ ਕਬਜ਼ਾ ਕਰਾਂਗੇ, ਅਸੀਂ ਸਰਕਾਰੀ ਮਸ਼ੀਨਰੀ ਅਤੇ ਸਿਵਲ ਪ੍ਰਸ਼ਾਸਨ ਦੀ ਦੁਰਵਰਤੋਂ ਕਰ ਰਹੇ ਹਾਂ। ਅਸੀਂ ਅਜਿਹਾ ਕੁਝ ਨਹੀਂ ਕਰ ਰਹੇ, ਇਹ ਸਾਡੀ ਪਾਰਟੀ ਦੀ ਵਿਚਾਰਧਾਰਾ ਨਹੀਂ ਹੈ। ਅਰੋੜਾ ਨੇ ਕਾਂਗਰਸੀ ਆਗੂਆਂ ਨੂੰ ਚੁਣੌਤੀ ਦਿੱਤੀ ਕਿ ਉਹ ਆਮ ਆਦਮੀ ਪਾਰਟੀ ਵਿਰੁੱਧ ਭੰਡੀ ਪ੍ਰਚਾਰ ਕਰਨ ਦੀ ਬਜਾਏ ਜਲੰਧਰ ਦੇ ਲੋਕਾਂ ਨੂੰ ਦੱਸਣ ਕਿ ਜਦੋਂ 60 ਸਾਲ ਲੋਕਾਂ ਨੇ ਉਨ੍ਹਾਂ ਨੂੰ ਵੋਟਾਂ ਪਾਈਆਂ ਹਨ ਜਾਂ ਪੰਜਾਬ ਵਿੱਚ ਉਨ੍ਹਾਂ ਦੀ ਸਰਕਾਰ ਸੀ ਤਾਂ ਉਨ੍ਹਾਂ ਨੇ ਉਨ੍ਹਾਂ ਲਈ ਕੀ ਕੀਤਾ ਹੈ।

ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਪਹਿਲੀ ਸਰਕਾਰ ਹੈ ਜਿਸ ਨੇ ਸਿਰਫ ਇੱਕ ਸਾਲ ਵਿੱਚ ਬਿਨਾਂ ਕਿਸੇ ਪੱਖਪਾਤ ਤੋਂ 30,000 ਨੌਕਰੀਆਂ ਦਿੱਤੀਆਂ, 600 ਯੂਨਿਟ ਪ੍ਰਤੀ ਬਿੱਲ ਮੁਫਤ ਬਿਜਲੀ ਦਿੱਤੀ, ਜਿਸ ਕਾਰਨ ਪੰਜਾਬ ਦੇ 88% ਘਰਾਂ ਦੇ ਬਿੱਲ ਜ਼ੀਰੋ ਹੋਏ, 584 ਮੁਹੱਲਾ ਕਲੀਨਿਕ ਖੋਲ੍ਹੇ, ਪੰਜਾਬ ਵਿੱਚ ਮੈਡੀਕਲ ਕਾਲਜ ਤੇ ਸਕੂਲ ਆਫ ਐਮੀਨੈਂਸ ਬਣਾਏ।

## ਮੈਡੀਕਲ ਕੈਂਪ 'ਚ 146 ਮਰੀਜਾਂ ਦੀ ਜਾਂਚ

**ਕਰਤਾਰਪੁਰ (ਹਰਮੇਸ਼ ਦੱਤ)** ਆਪੀ ਚੈਰੀਟੇਬਲ ਹਸਪਤਾਲ ਕਰਤਾਰਪੁਰ ਵੱਲੋਂ 118ਵਾਂ ਮੁੱਫਤ ਐਸ.ਵੀ.ਪੀ. ਮੈਡੀਕਲ ਕੈਂਪ ਪਿੰਡ ਕੁੱਦੋਵਾਲ ਵਿਖੇ ਲਗਾਇਆ ਗਿਆ, ਜਿਸ ਵਿੱਚ 146 ਮਰੀਜਾਂ ਦੀ ਜਾਂਚ ਕੀਤੀ ਗਈ ਅਤੇ ਦਵਾਈਆਂ ਮੁਫਤ ਦਿੱਤੀਆਂ ਗਈਆਂ। ਇਸ ਮੌਕੇ ਮੈਡਮ ਸੁਮਨ ਲਤਾ ਕਲਹਣ ਰੂਹੀ ਅਰੋੜਾ ਡਾਕਟਰ ਸਵਿਤਾ, ਦਿਆਲ ਸਿੰਘ ਤੇ ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਹਸਪਤਾਲ ਦਾ ਸਟਾਫ ਮੌਜੂਦ ਸੀ

## ਸਕਸ਼ਮ ਐਨ ਜੀ ਓ ਪੰਜਾਬ ਨੇ ਲਗਾਇਆ ਫ੍ਰੀ ਮੈਡੀਕਲ ਕੈਂਪ

**ਗੁਰਾਇਆ (ਬਿੰਦਰ ਸੁੰਮਨ)**: ਗੋਲਡਨ ਪਬਲਿਕ ਹਾਈ ਸਕੂਲ ਬੰਡਾਲਾ ਵਿਖੇ ਸਕਸ਼ਮ ਐਨ.ਜੀ.ਓ ਪੰਜਾਬ ਦੇ ਮਾਹਿਰ ਡਾਕਟਰਾ ਵਲੋਂ ਫਰੀ ਮੈਡੀਕਲ ਕੈਂਪ ਲਗਾਇਆ ਗਿਆ, ਜਿਸ ਦਾ ਉਦਘਾਟਨ ਮਾਸਟਰ ਹੇਮ ਰਾਜ ਅਤੇ ਪਿੰਡ ਦੇ ਸਰਪੰਚ ਸਰਬਜੀਤ ਅਜ਼ਾਦ ਵਲੋਂ ਕੀਤਾ ਗਿਆ। ਇਸ ਮੌਕੇ ਮਾਹਿਰ ਡਾਕਟਰਾਂ ਨੇ 300 ਦੇ ਕਰੀਬ ਮਰੀਜ਼ਾਂ ਦਾ ਚੈਕਅੱਪ ਕਰਕੇ ਮੌਕੇ 'ਤੇ ਫ੍ਰੀ ਐਨਕਾਂ ਅਤੇ ਦਵਾਈਆਂ ਦਿੱਤੀਆ। ਵੱਖ ਵੱਖ ਬੁਲਾਰਿਆਂ ਨੇ ਸਕਸ਼ਮ ਐਨ.ਜੀ.ਓ ਪੰਜਾਬ ਵਲੋਂ ਕੀਤੇ ਗਏ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਮੌਕੇ ਪ੍ਰਿੰਸੀਪਲ ਮੈਡਮ ਹਨੀ ਕੰਡਾ ਨੇ ਸਭ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਲੋਕ ਭਲਾਈ ਦੇ ਕੰਮ ਭਵਿੱਖ ਵਿੱਚ ਵੀ ਜਾਰੀ ਰਹਿਣਗੇ।

ਇਸ ਮੌਕੇ ਜਗਮੋਹਣ, ਗੋਪਾਲ ਕ੍ਰਿਸ਼ਨ, ਰਣਜੀਤ ਸਿੰਘ, ਕੈਪਟਨ ਸਤਨਾਮ ਸਿੰਘ, ਡਾ: ਹੁਸਨ ਲਾਲ, ਮੋਹਣ ਸਿੰਘ ਤੋਂ ਇਲਾਵਾ ਹੋਰ ਪਤਵੰਤੇ ਹਾਜ਼ਰ ਸਨ।

# ਸਤਲੁਜ ਦਰਿਆ 'ਚ ਕਿਸ਼ਤੀ ਪਲਟਣ ਕਾਰਨ ਦੋ ਮੌਤਾਂ



**ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)**-ਬੀਤੀ ਦੇਰ ਸ਼ਾਮ ਪਿੰਡ ਚੌਂਤਾ ਕੋਲੋਂ ਲੰਘਦੇ ਸਤਲੁਜ ਦਰਿਆ 'ਚ ਕਿਸ਼ਤੀ ਡੁੱਬਣ ਕਾਰਨ ਖੇਤਾਂ ਤੋਂ ਕੰਮ ਕਰਕੇ ਵਾਪਸ ਪਰਤ ਰਹੇ ਦੋ ਵਿਅਕਤੀਆਂ ਦੀ ਡੁੱਬਣ ਕਾਰਨ ਮੌਤ ਹੋ ਗਈ ਚਾਰ ਵਿਅਕਤੀਆਂ ਨੂੰ ਬਚਾ ਲਿਆ ਗਿਆ। ਪਿੰਡ ਮੂਸਾਪੁਰ ਦੇ ਰਾਮ ਲੁਭਾਇਆ ਨੇ ਤੂੜੀ ਖਰੀਦੀ ਸੀ ਜੋ ਕਿ ਪਿੰਡ ਚੌਂਤਾ ਦੇ ਨਾਲ ਲਗਦੇ ਸਤਲੁਜ ਦਰਿਆ ਤੋਂ ਪਾਰ ਖੇਤਾਂ ਵਿੱਚ ਪਈ ਸੀ, ਜਿਸ ਨੂੰ ਲਿਆਉਣ ਲਈ ਉਸ ਦੇ ਨਾਲ ਭਗਤ ਰਾਮ ਪੁੱਤਰ ਸਦਾ ਰਾਮ, ਰਾਮ ਲੁਭਾਇਆ ਦੀ ਪਤਨੀ ਬਲਜੀਤ ਕੌਰ, ਗਰਮੀਤ ਕੌਰ ਪਤਨੀ ਹਰਜੀਤ ਸਿੰਘ, ਸ਼ੀਲਾ ਦੇਵੀ, ਰਾਮ ਲੁਭਾਇਆ ਦੀ ਭੂਆ, ਹਰਮੋਹਨ ਸਿੰਘ ਪੁੱਤਰ ਸ਼ੀਲਾ ਦੇਵੀ ਬਜਰੁਗ ਤੇ ਭਗਤ ਰਾਮ ਦਾ ਰਿਸ਼ਤੇਦਾਰ ਸੋਹਣ ਸਿੰਘ ਸਮੇਤ ਕਿਸ਼ਤੀ ਵਿੱਚ 5 ਵਿਅਕਤੀ ਤੇ ਔਰਤਾਂ ਸਵਾਰ ਸਨ। ਉਕਤ ਵਿਅਕਤੀ ਜਦੋਂ ਦਰਿਆ ਤੋਂ ਪਾਰ ਤੂੜੀ ਦਾ ਕੰਮ ਮੁਕਾ ਕੇ ਪਿੰਡ ਚੌਂਤਾ ਨੂੰ ਪਰਤ ਰਹੇ ਸਨ ਤਾਂ ਇਸ ਦੌਰਾਨ ਕਿਸ਼ਤੀ ਡਾਵਾਂਡੋਲ ਹੋ ਗਈ ਅਤੇ ਸਾਰੇ ਸਵਾਰਾਂ ਨੇ ਦਰਿਆ ਵਿੱਚ ਛਾਲਾਂ ਮਾਰ ਦਿੱਤੀਆਂ। ਇਸ ਦੌਰਾਨ ਸੋਹਨ ਸਿੰਘ ਨੇ ਪਹਿਲਾਂ ਤੋਂ ਹੀ ਦਰਿਆ 'ਚ ਘੁੰਮ ਰਹੇ ਮਛੇਰਿਆਂ ਨਾਲ ਮਿਲ ਕੇ 4 ਵਿਅਕਤੀਆਂ ਨੂੰ ਤਾਂ ਕੱਢ ਲਿਆ ਜਿਨ੍ਹਾਂ ਵਿੱਚੋਂ ਰਾਮ ਲੁਭਾਇਆ ਦੀ ਮੌਤ ਹੋ ਚੁੱਕੀ ਸੀ ਪਰੰਤੂ ਇਸ ਦੌਰਾਨ ਭਗਤ ਰਾਮ ਪਾਣੀ ਦੇ ਤੇਜ ਵਹਾਅ ਵਿਚ ਰੁੜ ਗਿਆ ਜਿਸ ਦੀ ਲਾਸ਼ ਹਾਲੇ ਤੱਕ ਵੀ ਬਰਾਮਦ ਨਹੀਂ ਹੋ ਸਕੀ ਹੈ।

## ਭਾਜਪਾ ਵੱਲੋਂ ਪਿੰਡਾਂ 'ਚ ਚੋਣ ਪ੍ਰਚਾਰ ਹੋਰ ਤੇਜ਼

**ਜਲੰਧਰ, (ਇਕਬਾਲ ਸਿੰਘ ਉੱਭੀ )** : ਭਾਜਪਾ ਉਮੀਦਵਾਰ ਇੰਦਰ ਇਕਬਾਲ ਸਿੰਘ ਅਟਵਾਲ ਦੀ ਚੋਣ ਮੁਹਿੰਮ ਹੋਰ ਤੇਜ ਕਰਦੇ ਹੋਏ ਰੈਲੀਆਂ, ਨੁੱਕੜ ਮੀਟਿੰਗਾਂ, ਡੋਰ ਟੂ ਡੋਰ ਚੋਣ ਪ੍ਰਚਾਰ ਦਾ ਦੌਰ ਜਾਰੀ ਹੈ। ਪਿੰਡ ਤਲਵਣ ਵਿੱਚ ਭਰਵੀਂ ਚੋਣ ਮੀਟਿੰਗ ਕੀਤੀ ਗਈ । ਇਸ ਮੌਕੇ ਭਾਜਪਾ ਪੰਜਾਬ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਅਤੇ ਭਾਜਪਾ ਉਮੀਦਵਾਰ ਇੰਦਰ ਇਕਬਾਲ ਸਿੰਘ , ਭਾਜਪਾ ਦੇ ਸੂਬਾ ਜਨਰਲ ਸਕੱਤਰ ਰਾਜੇਸ਼ ਬਾਘਾ, ਮਨਜਿੰਦਰ ਸਿੰਘ ਸਿਰਸਾ, ਮਨਜੀਤ ਬਾਲੀ, ਜੋਗੀ ਤੱਲਣ ਆਦਿ ਹਾਜਰ ਸਨ। ਭਾਜਪਾ ਆਗੂਆਂ ਨੇ ਇਸ ਮੌਕੇ ਲੋਕਾਂ ਨੂੰ ਭਾਜਪਾ ਉਮੀਦਵਾਰ ਇੰਦਰ ਇਕਬਾਲ ਸਿੰਘ ਅਟਵਾਲ ਦੇ ਹੱਕ ਵਿੱਚ ਵੋਟਾਂ ਪਾਉਣ ਲਈ ਅਪੀਲ ਕਰਦਿਆਂ ਕਿਹਾ ਤੁਸੀਂ ਲੋਕ ਪਿਛਲੇ 20 ਸਾਲਾਂ ਤੋਂ ਕਾਂਗਰਸੀ ਉਮੀਦਵਾਰਾਂ ਨੂੰ ਜਿਤਾਉਂਦੇ ਆ ਰਹੇ ਹੋ ਅਤੇ ਉਹਨਾਂ ਨੇ ਜਲੰਧਰ ਲੋਕ ਸਭਾ ਹਲਕੇ ਲਈ ਕੁਝ ਨਹੀਂ ਕੀਤਾ। ਅਗਲੇ ਸਾਲ 2024 ਵਿੱਚ ਮਈ ਮਹੀਨੇ ਦੇ ਆਸ-ਪਾਸ ਲੋਕ ਸਭਾ ਚੋਣਾਂ ਫਿਰ ਹੋਣੀਆਂ ਹਨ ਅਤੇ ਉਦੋਂ ਤੱਕ ਤੁਹਾਡੇ ਕੋਲ ਲਗਭਗ 11 ਮਹੀਨੇ ਦਾ ਸਮਾਂ ਹੈ। ਇਸ ਲਈ ਭਾਜਪਾ ਤੁਹਾਨੂੰ ਸਾਰਿਆਂ ਨੂੰ ਸੱਦਾ ਦਿੰਦੀ ਹੈ ਕਿ ਭਾਜਪਾ ਉਮੀਦਵਾਰ ਇੰਦਰ ਇਕਬਾਲ ਸਿੰਘ ਅਟਵਾਲ ਨੂੰ ਇਨ੍ਹਾਂ 11 ਮਹੀਨਿਆਂ ਲਈ ਜਲੰਧਰ ਲੋਕ ਸਭਾ ਦੀ ਸੇਵਾ ਕਰਨ ਦਾ ਮੌਕਾ ਦਿਓ। ਅਸੀਂ ਤੁਹਾਨੂੰ ਭਰੋਸਾ ਦਿੰਦੇ ਹਾਂ ਕਿ ਇਨ੍ਹਾਂ 11 ਮਹੀਨਿਆਂ ਵਿੱਚ ਜਲੰਧਰ ਲੋਕ ਸਭਾ ਹਲਕੇ ਦੀ ਨੁਹਾਰ ਬਦਲ ਦਿੱਤੀ ਜਾਵੇਗੀ। ਇੰਦਰ ਇਕਬਾਲ ਸਿੰਘ ਅਟਵਾਲ ਨੇ ਇਸ ਮੌਕੇ ਹਾਜਰ ਲੋਕਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਜਨਤਾ ਦੀ ਸੇਵਾ ਵਿਚ ਹਮੇਸਾ ਹਾਜਰ ਰਹਿਣਗੇ ਉਨ੍ਹਾਂ ਜਨਤਾ ਨੂੰ ਅਪੀਲ ਕੀਤੀ ਕਿ ਉਹ 10 ਮਈ ਨੂੰ ਫੁੱਲ ਦੇ ਨਿਸ਼ਾਨ ਵਾਲਾ ਬਟਨ ਦਬਾ ਕੇ ਉਨ੍ਹਾਂ ਨੂੰ ਜੇਤੂ ਬਣਾਉਣ।

## ਭੰਤੇ ਅਭੀਪਸੰਨੋ ਦੀ ਯਾਦ 'ਚ ਸ਼ਰਧਾਂਜਲੀ ਸਮਾਗਮ




**ਮਾਹਿਲਪੁਰ, (ਨਿਰਮਲ ਸਿੰਘ ਮੁੱਗੋਵਾਲ)**-ਅੰਬੇਡਕਰ ਪੀਸ ਪਗੋਡਾ ਫਿਲੌਰ ਵਿਖੇ ਭੰਤੇ ਅਭੀਪਸੰਨੋ ਜੀ ਫਾਉਂਡਰ ਅੰਬੇਡਕਰ ਪੀਸ ਪਗੋਡਾ,ਜੋ ਕਿ 7 ਮਈ 2022 ਨੂੰ ਸਰੀਰਕ ਰੂਪ ਵਿੱਚ ਇਸ ਸੰਸਾਰ ਤੋਂ ਚਲੇ ਗਏ ਸਨ ਦੀ ਯਾਦ ਵਿਚ ਇਕ ਸ਼ਰਧਾਂਜਲੀ ਸਮਾਗਮ ਆਯੋਜਿਤ ਕੀਤਾ ਗਿਆ। ਇਸ ਮੌਕੇ ਸਭ ਤੋਂ ਪਹਿਲਾਂ ਬੁੱਧ ਵੰਦਨਾ, ਤ੍ਰੀਸ਼ਰਣ ਅਤੇ ਪੰਚਸ਼ੀਲ ਦਾ ਉਚਾਰਨ ਕੀਤਾ ਗਿਆ।

ਉਪਰੰਤ ਭੰਤੇ ਅਭੀਪਸੰਨੋ ਜੀ ਦੇ ਬੁੱਤ ਅੱਗੇ ਸ਼ਰਧਾ ਪੂਰਬਕ ਮੋਮਬੱਤੀ ਅਤੇ ਅਗਰਬੱਤੀ ਲਗਾ ਕੇ ਫੁੱਲ ਅਰਪਿਤ ਕੀਤੇ ਗਏ। ਇਸ ਤੋਂ ਬਾਅਦ ਸਭਨਾ ਨੇ ਸਮੂਹਕ ਤੌਰ ਤੇ ਧਿਆਨ ਸਾਧਨਾ ਕਰਕੇ ਭਿਖਸ਼ੂ ਅਭੀਪਸੰਨੋ ਜੀ ਦੇ ਕੀਤੇ ਪਰ ਉਪਕਾਰੀ ਕਾਰਜਾਂ ਨੂੰ ਯਾਦ ਕੀਤਾ। ਇਸ ਉਪਰੰਤ ਅੰਬੇਡਕਰ ਪੀਸ ਪਗੋਡਾ ਟਰੱਸਟ ਦੇ ਮੈਂਬਰ ਸੌਰਵ ਜੱਸਲ ਅਤੇ ਨਿਰਮਲ ਸਿੰਘ ਸੰਚਾਲਕ ਨਿਰਵਾਣੂ ਕੁਟੀਆਂ ਮਾਹਿਲਪੁਰ ਵੱਲੋਂ ਭੰਤੇ ਜੀ ਦੀ ਸਮਾਜ ਨੂੰ ਦੇਣ ਅਤੇ ਭਗਵਾਨ ਬੁੱਧ ਦੀਆਂ ਸਿੱਖਿਆਵਾਂ ਅਤੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦੇ ਮਿਸ਼ਨ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਲਈ ਭਿਕਸ਼ੂ ਅਭੀਪਸੰਨੋ ਜੀ ਵੱਲੋਂ ਕੀਤੇ ਉਪਰਾਲਿਆਂ 'ਤੇ ਚਰਚਾ ਕੀਤੀ ਗਈ। ਇਸ ਤੋਂ ਬਾਅਦ ਅੰਬੇਡਕਰ ਪੀਸ ਪਗੋਡਾ ਟਰੱਸਟ ਦੇ ਮੈਂਬਰਾਂ ਕਮਲਾ ਜੱਸਲ, ਸੌਰਵ ਜੱਸਲ,ਗੌਰਵ ਜੱਸਲ, ਸੁਖਜੀਤ ਕੌਰ ਅਤੇ ਨਵਪ੍ਰੀਤ ਕੌਰ ਵਲੋ ਭੰਤੇ ਅਭੀਪਸੰਨੋ ਅਤੇ ਲੇਟ ਵਰਿੰਦਰ ਜੱਸਲ ਫਾਉਂਡਰ ਮੈਂਬਰ ਅੰਬੇਡਕਰ ਪੀਸ ਪਗੋਡਾ ਜੀ ਦੀ ਯਾਦ ਵਿੱਚ ਬੂਟੇ ਲਗਾਏ ਗਏ। ਇਸ ਮੌਕੇ ਪਰਮਜੀਤ ਪੰਮਾ, ਹਰਨੇਕ ਕੁਮਾਰ, ਮਨਜਿੰਦਰ ਸਿੰਘ, ਬਲਵੰਤ ਰਾਣਾ, ਪਰਮਜੀਤ ਕੌਰ,ਮਮਤਾ, ਨੀਤਾ, ਕਿਰਨਾ, ਰੇਖਾ, ਦੀਆਂ, ਤਰਸੇਮ ਕੌਰ ਆਦਿ ਮੌਜੂਦ ਸਨ।

## ਨਰਸਿੰਗ ਕਾਲਜ 'ਚ ਮਨਾਇਆ ਅੰਤਰਰਾਸ਼ਟਰੀ ਰੈੱਡ ਕਰਾਸ ਦਿਵਸ



**ਅੱਡਾ ਸਰਾਂ , (ਕਾਜਲ )**- ਪਬਲਿਕ ਖਾਲਸਾ ਨਰਸਿੰਗ ਕਾਲਜ ਕੰਧਾਲਾ ਜੱਟਾਂ ਵਿਖੇ ਵਿਸ਼ਵ ਰੈੱਡ ਕਰਾਸ ਦਿਵਸ ਮਨਾਇਆ ਗਿਆ। ਕਾਲਜ ਕਮੇਟੀ ਦੇ ਪ੍ਰਧਾਨ ਪਰਮਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਪ੍ਰਿੰਸੀਪਲ ਸ਼ੈਲਿੰਦਰ ਸਿੰਘ ਪਰਮਾਰ ਦੀ ਅਗਵਾਈ ਵਿਚ ਮਨਾਏ ਗਏ ਇਸ ਦਿਵਸ ਦੌਰਾਨ ਵਿਦਿਆਰਥਣਾਂ ਇਸ ਦਿਨ ਦੀ ਮਹੱਤਤਾ ਬਾਰੇ ਦੱਸਿਆ ਗਿਆ। ਪ੍ਰਿੰਸੀਪਲ ਪਰਮਾਰ ਨੇ ਦੱਸਿਆ ਕਿ ਰੈੱਡ ਕਰਾਸ ਸੰਸਥਾ ਇਕ ਅੰਤਰਰਾਸ਼ਟਰੀ ਸੰਸਥਾ ਹੈ ਜੋ ਯੁੱਧ ਵਰਗੀਆਂ ਸੰਕਟਕਾਲੀਨ ਸਥਿਤੀਆਂ ਵਿਚ ਸੈਨਿਕਾਂ ਦੀ ਸਹਾਇਤਾ ਲਈ ਬਣਾਈ ਗਈ ਸੀ। ਜਿਸ ਨੂੰ ਜੀਨ ਹੈਨਰੀ ਡੂਰੈਂਟ ਦੁਆਰਾ ਸ਼ੁਰੂ ਕੀਤਾ ਗਿਆ ਸੀ ਪਰ ਅੰਤਰਰਾਸ਼ਟਰੀ ਤੌਰ 'ਤੇ ਇਸ ਦੀ ਸਥਾਪਨਾ 1863 ਵਿਚ ਜਿਨੀਵਾ, ਸਵਿਟਜ਼ਰਲੈਂਡ ਵਿਚ ਕੀਤੀ ਗਈ ਸੀ। ਇਸ ਦਿਨ ਨੂੰ ਅਧਿਕਾਰਤ ਤੌਰ 'ਤੇ ਪਹਿਲੀ ਵਾਰ ਸਾਲ 1984 ਵਿਚ ਮਨਾਇਆ ਗਿਆ ਅਤੇ ਫਿਰ ਇਸ ਨੂੰ ਵਿਸ਼ਵ ਰੈੱਡ ਕਰਾਸ ਦਿਵਸ ਦਾ ਨਾਂਅ ਦਿੱਤਾ ਗਿਆ। ਅੱਜ ਵੀ ਇਹ ਸੰਸਥਾ ਰਾਸ਼ਟਰੀ ਜਾਂ ਅੰਤਰਰਾਸ਼ਟਰੀ ਪੱਧਰ 'ਤੇ ਸੇਵਾ ਕਰਨ ਲਈ ਹਮੇਸ਼ਾ ਤਤਪਰ ਰਹਿੰਦੀ ਹੈ। ਜਿੱਥੇ ਕਈ ਵਾਰ ਸਰਕਾਰ ਵੀ ਕੁਝ ਨਹੀਂ ਕਰ ਸਕਦੀ, ਉੱਥੇ ਰੈੱਡ ਕਰਾਸ ਸੰਸਥਾ ਹੈ ਜੋ ਕਿ ਔਖੇ ਸਮੇਂ ਵਿਚ ਵੀ ਲੋਕਾਂ ਦੀ ਮਦਦ ਕਰਦੀ ਹੈ। ਉਨ੍ਹਾਂ ਦੱਸਿਆ ਕਿ ਨਰਸਿੰਗ ਵਿਦਿਆਰਥਣਾਂ ਲਈ ਰੈੱਡ ਕਰਾਸ ਸੰਸਥਾ ਦੇ ਮੂਲ ਸਿਧਾਂਤ 'ਮਨੁੱਖਤਾ, ਨਿਰਪੱਖਤਾ, ਸੁਤੰਤਰਤਾ, ਸਵੈ-ਇੱਛਤ ਸੇਵਾ, ਸਰਵਵਿਆਪਕਤਾ ਅਤੇ ਏਕਤਾ' ਬੇਹੱਦ ਜਰੂਰੀ ਹਨ ਅਤੇ ਇਨ੍ਹਾਂ ਆਦਰਸ਼ਾਂ ਨੂੰ ਮੁੱਖ ਰੱਖ ਕੇ ਵੱਖ-ਵੱਖ ਦੇਸ਼ਾਂ ਵਿਚ ਇਹ ਸੰਸਥਾਵਾਂ ਉਨ੍ਹਾਂ ਦੇ ਮਾਰਗ 'ਤੇ ਅੱਗੇ ਵਧ ਰਹੀਆਂ ਹਨ। ਇਸ ਮੌਕੇ ਨਵਨੀਤ ਕੌਰ,ਜਯਾ,ਕੋਮਲਪ੍ਰੀਤ ਕੌਰ,ਨਵਪ੍ਰੀਤ ਕੌਰ,ਪਵਨਪ੍ਰੀਤ ਕੌਰ,ਹਰਸਿਮਰਨ ਕੌਰ,ਬਲਵਿੰਦਰ ਕੌਰ ਆਦਿ ਮੌਜੂਦ ਸਨ।

## ਪੰਜਾਬ ਨੂੰ ਸਾਰੀਆਂ ਰਾਜਸੀ ਪਾਰਟੀਆਂ ਨੇ ਨਿਰਾਸ਼ ਕੀਤਾ : ਖੇੜਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਸੋਸ਼ਲਿਸ਼ਟ ਪਾਰਟੀ ਦੇ ਜ਼ਿਲਾ ਦਫਤਰ ਹੁਸ਼ਿਆਰਪੁਰ ਵਿੱਚ ਹੋਈ ਮੀਟਿੰਗ ਦੌਰਾਨ ਸੂਬਾ ਪ੍ਰਧਾਨ ਓਮ ਸਿੰਘ ਸਟਿਆਨਾ ਨੇ ਦੱਸਿਆ ਕਿ ਪਾਰਟੀ ਦੇ ਕੌਮੀ ਕਾਰਜਕਾਰਨੀ ਦੇ ਫੈਸਲੇ ਅਨੁਸਾਰ ਸੂਬਾ ਕਮੇਟੀ ਵੱਲੋਂ ਦਿੱਲੀ ਵਿੱਚ ਜੰਤਰ-ਮੰਤਰ ਵਿਖੇ ਪਹਿਲਵਾਨਾਂ ਦੀ ਹਿਮਾਇਤ ਕਰਨ ਦਾ ਫੈਸਲਾ ਕੀਤਾ ਹੈ। ਜ਼ਿਲ੍ਹਾ ਪ੍ਰਧਾਨ ਸਤਪਾਲ ਸਿੰਘ ਡਡਿਆਣਾ ਨੇ ਕਿਹਾ ਕਿ ਹਿੰਦ ਪਾਕਿ ਦੋਸਤੀ ਲਈ ਅੰਮ੍ਰਿਤਸਰ ਅਤੇ ਪਾਕਿਸਤਾਨ ਵਿੱਚ ਕਨਵੈਨਸ਼ਨਾਂ ਕੀਤੀਆਂ ਗਈਆਂ ਜਿਨ੍ਹਾਂ ਵਿੱਚ ਦੋਨਾਂ ਦੇਸ਼ਾਂ ਵਿਚਾਲੇ ਵਪਾਰ ਸ਼ੁਰੂ ਕਰਨ ਅਤੇ ਆਉਣ ਜਾਣ ਲਈ ਵੀਜ਼ਾ ਸ਼ਰਤਾਂ ਨਰਮ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਖੇਦ ਪ੍ਰਗਟ ਕਰਦਿਆਂ ਕਿਹਾ ਕਿ ਪਾਰਟੀ ਦੇ ਕੌਮੀ ਮੀਤ ਪ੍ਰਧਾਨ ਪ੍ਰੋ. ਸੰਦੀਪ ਪਾਂਡੇ, ਸੂਬਾ ਪ੍ਰਧਾਨ ਓਮ ਸਿੰਘ ਸਟਿਆਨਾ ਅਤੇ ਹੋਰ ਕਈ ਆਗੂਆਂ ਦੇ ਵੀਜ਼ੇ ਰੋਕ ਲਏ ਗਏ ਸਨ। ਇਸ ਮੌਕੇ ਬਲਵੰਤ ਸਿੰਘ ਖੇੜਾ ਨੇ ਦੇਸ਼ ਵਿੱਚ ਫਾਸ਼ੀ ਹਕੂਮਤ ਵਿਰੁੱਧ ਮੁੱਖ ਮੰਤਰੀ ਬਿਹਾਰ ਨਿਤਿਸ਼ ਕੁਮਾਰ ਵੱਲੋਂ ਸਾਂਝਾ ਫਰੰਟ ਬਣਾਉਣ ਦੀ ਪਹਿਲਕਦਮੀ ਦਾ ਸਵਾਗਤ ਕਰਦਿਆਂ ਕਿਹਾ ਕਿ ਪੰਜਾਬ ਦੀਆਂ ਸਾਰੀਆਂ ਪਾਰਟੀਆਂ ਨੇ ਲੋਕਾਂ ਨੂੰ ਨਿਰਾਸ਼ ਕੀਤਾ ਹੈ। ਉਨ੍ਹਾਂ ਸੂਬਾ ਕਮੇਟੀ ਵੱਲੋਂ ਜਲੰਧਰ ਜ਼ਿਮਨੀ ਚੋਣ ਵਿੱਚ ਕਾਂਗਰਸੀ ਉਮੀਦਵਾਰ ਪ੍ਰੋ.ਕਰਮਜੀਤ ਕੌਰ ਦੀ ਹਿਮਾਇਤ ਕਰਨ ਦਾ ਐਲਾਨ ਕੀਤਾ। ਇਸ ਮੌਕੇ ਬਲਵੀਰ ਸਿੰਘ ਗੜ੍ਹਸ਼ੰਕਰ,ਗਿਆਨ ਚੰਦ ਨਈਅਰ ਫਗਵਾੜਾ ਅਤੇ ਕਮਲਜੀਤ ਮੰਨਣ ਵੀ ਹਾਜ਼ਰ ਸਨ।

## 'ਪੀ.ਜੀ.ਆਈ. ਲੰਗਰ ਲੋੜਵੰਦ ਸੇਵਾ ਮਿਸ਼ਨ' ਦੇ ਸੇਵਾਦਾਰਾਂ 59ਵੀਂ ਲੰਗਰ ਸੇਵਾ ਭੇਜੀ



**ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)**- 'ਪੀ.ਜੀ.ਆਈ. ਲੰਗਰ ਲੋੜਵੰਦ ਸੇਵਾ ਮਿਸ਼ਨ' ਨੂਰਪੁਰਬੇਦੀ ਦੇ ਸਮੂਹ ਸੇਵਾਦਾਰਾਂ ਵੱਲੋਂ ਮੁੱਖ ਸੇਵਾਦਾਰ ਮਾ. ਚੰਨਣ ਸਿੰਘ ਸੈਨੀਮਾਜਰਾ ਦੀ ਅਗਵਾਈ ਹੇਠ ਪੀ.ਜੀ.ਆਈ. ਦੇ ਮਰੀਜ਼ਾਂ ਅਤੇ ਉਨਾਂ ਦੇ ਵਾਰਿਸਾਂ ਲਈ 59ਵੀਂ ਲੰਗਰ ਸੇਵਾ ਭੇਜੀ ਗਈ। ਇਸ ਮੌਕੇ ਵਿਸ਼ੇਸ਼ ਰੂਪ 'ਚ ਹਾਜ਼ਰ ਹੋਏ ਸੈਨੀਮਾਜਰਾ ਦੇ ਸਮਾਜਸੇਵੀ ਕੈਲਾਸ਼ ਲਾਡੀ ਨੇ ਲੰਗਰ ਵਾਹਨ ਨੂੰ ਝੰਡੀ ਦਿਖਾ ਕੇ ਰਵਾਨਾ ਕੀਤਾ। ਉਨਾਂ ਕਿਹਾ ਕਿ ਲੋੜਵੰਦਾਂ ਦੀ ਸੇਵਾ ਕਰਨਾ ਹੀ ਇਨਸਾਨ ਦਾ ਅਸਲ ਧਰਮ ਹੈ ਤਾਂ ਜੋ ਉਸਦਾ ਅਪਣਾ ਤੇ ਦੂਜਿਆਂ ਦਾ ਭਲਾ ਹੋ ਸਕੇ। ਇਸ ਮੌਕੇ ਉਨਾਂ ਸੇਵਾ ਮਿਸ਼ਨ ਨੂੰ ਲੰਗਰ ਸੇਵਾ ਲਈ ਆਪਣੀ ਤਰਫ਼ੋਂ ਉਚਿਤ ਨਗਦ ਆਰਥਿਕ ਸਹਾਇਤਾ ਰਾਸ਼ੀ ਵੀ ਪ੍ਰਦਾਨ ਕੀਤੀ। ਇਸ ਤੋਂ ਉਪਰੰਤ ਪੀ.ਜੀ.ਆਈ. ਵਿਖੇ ਪਹੁੰਚ ਕੇ ਸਮੂਹ ਸੇਵਾਦਾਰਾਂ ਤੇ ਮਿਸ਼ਨ ਦੇ ਮੈਂਬਰਾਂ ਨੇ ਮਰੀਜ਼ਾਂ ਤੇ ਉਨਾਂ ਦੇ ਵਾਰਿਸਾਂ ਨੂੰ ਲੰਗਰ ਵਰਤਾਇਆ। ਇਸ ਮੌਕੇ ਮਦਨ ਗੋਪਾਲ ਲਖਣੋਂ, ਓਮ ਪ੍ਰਕਾਸ਼ ਕਾਲੜਾ, ਜਸ਼ਨ ਭੱਗਲ, ਅਵਤਾਰ ਲਖਣੋਂ, ਜਸਪਾਲ ਫੌਜੀ, ਗਗਨ, ਬੱਗਾ, ਰਮਨ ਮੌਠਾਪੁਰ, ਲਾਲ ਸਿੰਘ, ਮੱਖਣ ਸਿੰਘ, ਰੂਬੀ ਭੁੱਲਰ, ਮਨੀ, ਗਿਆਨ ਚੰਦ, ਬਾਦਲ ਸੈਨੀਮਾਜਰਾ, ਗੁਰਪ੍ਰੀਤ ਤਖਤਗੜ੍ਹ, ਆਸ਼ੂ ਨਿਊਜ਼ੀਲੈਂਡ, ਬਲਵੀਰ ਸਿੰਘ ਤੇ ਅਤਿੰਦਰ ਕੈਨੇਡਾ ਸਹਿਤ ਭਾਰੀ ਸੰਖਿਆ 'ਚ ਸੇਵਾਦਾਰ ਤੇ ਸੇਵਾ ਮਿਸ਼ਨ ਦੇ ਮੈਂਬਰ ਹਾਜ਼ਰ ਸਨ।

## ਭਾਰਤੀ ਕਿਸਾਨ ਯੂਨੀਅਨ ਪੰਜਾਬ ਨਾਲ ਚੱਟਾਨ ਵਾਂਗ ਖੜ੍ਹੇ ਹਾਂ : ਖਹਿਰਾ



**ਮਹਿਤਪੁਰ (ਰਾਜਾ)** ਜਲੰਧਰ ਲੋਕ ਸਭਾ ਸੀਟ 'ਤੇ ਜਿਮਨੀ ਚੋਣ ਨੂੰ ਲੈ ਕੇ ਹਰ ਇਕ ਸਿਆਸੀ ਪਾਰਟੀ ਸਰਗਰਮ ਹੈ ਅਤੇ ਹਰ ਇਕ ਬੰਦੇ ਤੱਕ ਪਹੁੰਚ ਕੀਤੀ ਜਾ ਰਹੀ ਹੈ ਬੇਸ਼ੱਕ ਹਰ ਇਨਸਾਨ ਨੂੰ ਆਪਣੀ ਵੋਟ ਪਾਉਣ ਦਾ ਅਧਿਕਾਰ ਹੈ ਅਤੇ ਆਪਣੇ ਅਧਿਕਾਰ ਦੀ ਵਰਤੋਂ ਕਰਨਾ ਵੀ ਬਹੁਤ ਜਰੂਰੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਕਿਸਾਨ ਜੂਨੀਅਰ ਪੰਜਾਬ ਦੇ ਜ਼ਿਲ੍ਹਾ ਜਲੰਧਰ ਪ੍ਰਧਾਨ ਕੇਵਲ ਸਿੰਘ ਸਰਪੰਚ ਖਹਿਰਾ ਮੁਸਤਰਕਾ ਨੇ ਚੋਣਵੇਂ ਪੱਤਰਕਾਰਾਂ ਨਾਲ ਵਿਚਾਰ ਸਾਂਝੇ ਕਰਦਿਆਂ ਕੀਤਾ ਤੇ ਕਿਹਾ ਕਿ ਹਰ ਸਿਆਸੀ ਪਾਰਟੀ ਦਾ ਲੋਕ ਸਭਾ ਸੀਟ ਜਿੱਤਣ ਲਈ ਅੱਡੀ ਚੋਟੀ ਦਾ ਜ਼ੋਰ ਲੱਗਾ ਹੋਇਆ ਹੈ ਅਤੇ ਹਰ ਪਾਰਟੀ ਦਾ ਲੀਡਰ ਘਰ-ਘਰ ਜਾ ਕੇ ਵੋਟਾਂ ਮੰਗ ਰਿਹਾ ਹੈ, ਉਨ੍ਹਾਂ ਕਿਹਾ ਕਿ ਅਸੀਂ ਭਾਰਤੀ ਕਿਸਾਨ ਯੂਨੀਅਨ ਪੰਜਾਬ ਨਾਲ ਖੜ੍ਹੇ ਸੀ, ਖੜ੍ਹੇ ਹਾਂ ਅਤੇ ਹਮੇਸ਼ਾ ਖੜੇ ਰਹਾਂਗੇ, ਇਸ ਦੇ ਨਾਲ ਨਾਲ ਅਸੀਂ ਮੱਤਦਾਨ ਵੀ ਜਰੂਰ ਕਰਾਂਗੇ, ਭਾਵੇਂ ਕਿਸੇ ਪਾਰਟੀ ਨੂੰ ਕਰੀਏ, ਅਸੀਂ ਉਸ ਕੈਂਡੀਡੇਟ ਨੂੰ ਵੋਟ ਪਾਵਾਂਗੇ ਜੋ ਲੋਕਾਂ ਦੇ ਹੱਕ ਦੀ ਆਵਾਜ ਬਣੇਗਾ। ਜ਼ਿਲ੍ਹਾ ਪ੍ਰਧਾਨ ਨੇ ਕਿਹਾ ਕੇ ਅਸੀਂ ਉਹਨਾਂ ਦਲ-ਬਦਲੂ ਲੀਡਰਾਂ ਵਰਗੇ ਨਹੀਂ, ਜਿਹੜਾ ਪੱਲਾ ਭਾਰਾ ਵੇਖਿਆ ਓਧਰ ਬਹਿ ਗਏ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੋਗਾ ਜ਼ਿਲ੍ਹੇ ਦੇ ਯੂਥ ਪ੍ਰਧਾਨ ਅਤੇ ਪੰਜਾਬ ਦੇ ਕੌਮੀ ਜਨਰਲ ਸਕੱਤਰ ਸੁੱਖ ਗਿੱਲ ਤੋਤਾ ਸਿੰਘ ਵਾਲਾ, ਮਨਦੀਪ ਸਿੰਘ ਮੰਨਾ ਬੱਡੂਵਾਲ ਬਲਾਕ ਪ੍ਰਧਾਨ ਧਰਮਕੋਟ, ਨਿਰਮਲ ਸਿੰਘ ਇਕਾਈ ਪ੍ਰਧਾਨ, ਸਤਿਨਾਮ ਸਿੰਘ ਲੋਹਗੜ੍ਹ ਪ੍ਰਚਾਰ ਸਕੱਤਰ ਜ਼ਿਲ੍ਹਾ ਮੋਗਾ, ਤਲਵਿੰਦਰ ਗਿੱਲ ਯੂਥ ਪ੍ਰਧਾਨ ਅਤੇ ਹੋਰ ਕਿਸਾਨ ਆਗੂ ਹਾਜਰ ਸਨ।

## ਸੀ ਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਵਿਖੇ ਕਰਵਾਇਆ ਰੰਗਮੰਚ 2.0 ਈਵੈਂਟ



**ਜਲੰਧਰ (ਸ਼ੈਲੀ ਐਲਬਰਟ)**- ਸੀਟੀ ਇੰਸਟੀਚਿਊਟ ਆਫ਼ ਇੰਜੀਨੀਅਰਿੰਗ ਮੈਨੇਜਮੈਂਟ ਐਂਡ ਟੈਕਨਾਲੋਜੀ, ਸਾਊਥ ਕੈਂਪਸ ਦੇ ਵਿਭਾਗ ਵਲੋਂ ਰੰਗਮੰਚ 2.0-ਏ ਮੈਨੇਜਮੈਂਟ ਫੈਸਟ ਦਾ ਆਯੋਜਨ ਕੀਤਾ।ਇਸ ਅੰਤਰ ਕਾਲਜ ਮੁਕਾਬਲੇ ਵਿੱਚ ਵੱਡੀ ਗਿਣਤੀ ਵਿੱਚ ਵੱਖ-ਵੱਖ ਵਿੱਦਿਅਕ ਸੰਸਥਾਵਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਜਿਸ ਵਿੱਚ ਟ੍ਰੇਜ਼ਰ ਹੰਟ, ਡਾਂਸ, ਸਿੰਗਿੰਗ, ਫੈਸ਼ਨ ਸ਼ੋਅ, ਬਿਜ਼ਨਸ ਪਲਾਨ, ਕੁਇਜ਼, ਰੰਗੋਲੀ, ਮਹਿੰਦੀ ਕਲਾ, ਪੋਸਟਰ ਮੇਕਿੰਗ ਅਤੇ ਐਡ-ਮੈਡ ਸ਼ੋਅ ਵਰਗੇ ਮੁਕਾਬਲਿਆਂ ਵਿੱਚ ਭਾਗ ਲਿਆ ਗਿਆ । ਜਿਸ ਵਿਚ 16 ਵੱਖ-ਵੱਖ ਕਾਲਜਾਂ ਦੇ 350 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ। ਸਮਾਗਮ ਦਾ ਉਦੇਸ਼ ਰਚਨਾਤਮਕ ਅਤੇ ਨਵੀਨਤਾਕਾਰੀ ਵਿਚਾਰਾਂ ਨੂੰ ਅੱਗੇ ਲਿਆਉਣਾ ਸੀ। ਰੰਗਮੰਚ 2.0-ਏ ਮੈਨੇਜਮੈਂਟ ਫੈਸਟ ਦੀ ਓਵਰਆਲ ਟਰਾਫੀ ਅੰਮ੍ਰਿਤਸਰ ਗਰੁੱਪ ਆਫ ਕਾਲਜਿਜ਼ ਨੇ ਜਿੱਤੀ ਅਤੇ ਉਪ ਜੇਤੂ ਟਰਾਫੀ ਡੀਏਵੀਈਟੀ ਨੇ ਆਪਣੇ ਨਾਮ ਕੀਤੀ। ਮਹਿਮਾਨ ਅਤੇ ਜੱਜ ਵਜੋਂ, ਪ੍ਰਿੰਸੀ ਸੇਠ, ਇੱਕ ਪ੍ਰਸਿੱਧ ਡਾਂਸਰ ਅਤੇ ਇੱਕ ਵੱਕਾਰੀ ਡਾਂਸ ਅਕੈਡਮੀ ਦੇ ਮਾਲਕ, ਪ੍ਰੋ. ਪਰਮਜੀਤ ਅਤੇ ਡਾ:. ਹਰਗੁਣ ਸਿੰਘ ਨੇ ਸ਼ਿਰਕਤ ਕੀਤੀ । ਸੀਟੀ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਮੈਨੇਜਿੰਗ ਡਾਇਰੈਕਟਰ ਡਾ. ਮਨਬੀਰ ਸਿੰਘ ਨੇ ਕਿਹਾ ਕਿ ਅਜਿਹੇ ਈਵੈਂਟ ਵਿਦਿਆਰਥੀਆਂ ਲਈ ਵਰਦਾਨ ਹੁੰਦੇ ਹਨ। ਕਿਉਂਕਿ ਇਹ ਟੀਮ ਵਰਕ ਦੀ ਭਾਵਨਾ, ਆਪਸੀ ਸਾਂਝ ਅਤੇ ਜਿੱਤਣ ਦੀ ਇੱਛਾ ਪੈਦਾ ਕਰਦੇ ਹਨ। ਕੈਂਪਸ ਡਾਇਰੈਕਟਰ ਡਾ. ਗੁਰਪ੍ਰੀਤ ਸਿੰਘ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਆਪਣੀ ਪ੍ਰਤਿਭਾ ਅਤੇ ਹੁਨਰ ਦਾ ਪ੍ਰਦਰਸ਼ਨ ਕਰਨ ਲਈ ਅਜਿਹੇ ਪਲੇਟਫਾਰਮ ਮੁਹੱਈਆ ਕਰਵਾਏ ਜਾਣੇ ਚਾਹੀਦੇ ਹਨ। ਇਹ ਉਹਨਾਂ ਨੂੰ ਆਪਣੀ ਪੂਰੀ ਸਮਰੱਥਾ ਤੱਕ ਪਹੁੰਚਣ ਦੇ ਯੋਗ ਬਣਾਏਗਾ । ਖੋਜ ਅਤੇ ਯੋਜਨਾ ਦੇ ਨਿਰਦੇਸ਼ਕ ਡਾ. ਜਸਦੀਪ ਕੌਰ ਧਾਮੀ ਨੇ ਕਿਹਾ ਕਿ ਵਿਦਿਆਰਥੀਆਂ ਦੀ ਤਰਕਸ਼ੀਲ ਸੋਚ ਅਤੇ ਆਲੋਚਨਾਤਮਕ ਸੋਚ ਨੂੰ ਵਧਾਉਣਾ ਅਤੇ ਉਨ੍ਹਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਗਟ ਕਰਨ ਲਈ ਉਤਸ਼ਾਹਿਤ ਕਰਨਾ ਜ਼ਰੂਰੀ ਹੈ, ਜੋ ਕਿ ਅਜਿਹੇ ਸਮਾਗਮਾਂ ਤੋਂ ਹੀ ਸੰਭਵ ਹੁੰਦਾ ਹੈ । ਵਿਭਾਗ ਦੇ ਮੁਖੀ ਨਿਤਨ ਅਰੋੜਾ ਨੇ ਕਿਹਾ ਕਿ ਅਕਾਦਮਿਕ ਅਧਿਐਨ ਅਕਾਦਮਿਕ ਪ੍ਰਾਪਤੀ ਦਾ ਅਨਿੱਖੜਵਾਂ ਅੰਗ ਹੈ । ਮੁਕਾਬਲਾ ਅਤੇ ਇੱਕ ਟੀਮ ਵਿੱਚ ਹੋਣਾ ਇੱਕ ਵਿਅਕਤੀ ਨੂੰ ਮਜ਼ਬੂਤ ਬਣਾਉਂਦਾ ਹੈ ਅਤੇ ਸਹਿਯੋਗ ਅਤੇ ਸਮਝ ਨੂੰ ਵਿਕਸਤ ਕਰਨ ਵਿੱਚ ਮਦਦ ਕਰਦਾ ਹੈ।

## ਹਨੂਮਤ ਇੰਟਰਨੈਸ਼ਨਲ ਪਬਲਿਕ ਸਕੂਲ 'ਚ ਮਨਾਇਆ ਗਿਆ ਵਰਲਡ ਲਾਫਟਰ ਦਿਵਸ



**ਗੁਰਾਇਆ (ਬਿੰਦਰ ਸੁੰਮਨ)**: ਵਿਸ਼ਵ ਲਾਫਟਰ ਦਿਵਸ ਹਰ ਸਾਲ ਲੋਕਾਂ ਵਿੱਚ ਖੁਸ਼ੀਆਂ ਫੈਲਾਉਣ ਦੇ ਉਦੇਸ਼ ਨਾਲ ਮਨਾਇਆ ਜਾਂਦਾ ਹੈ। ਬਹੁਤ ਘੱਟ ਲੋਕ ਜਾਣਦੇ ਹੋਣਗੇ ਕਿ ਇਹ ਦਿਨ ਭਾਰਤ ਤੋਂ ਸ਼ੁਰੂ ਹੋਇਆ ਸੀ! ਲਾਫਟਰ ਡੇ ਮਨਾਉਣ ਦਾ ਮੁੱਖ ਮਕਸਦ ਆਪਣੇ ਮਾਨਸਿਕ ਤਣਾਅ ਨੂੰ ਘੱਟ ਕਰਨਾ ਹੈ। ਚਿਹਰੇ ਦੀਆਂ ਹਰਕਤਾਂ ਵਿਅਕਤੀ ਦੀ ਮਾਨਸਿਕ ਸਥਿਤੀ ਨੂੰ ਦਰਸਾ ਸਕਦੀਆਂ ਹਨ! ਨਾਲ ਹੀ, ਮਾਹਿਰਾਂ ਦਾ ਇਹ ਵੀ ਮੰਨਣਾ ਹੈ ਕਿ ਹਾਸਾ ਸਿਹਤ ਲਈ ਸਭ ਤੋਂ ਵਧੀਆ ਦਵਾਈਆਂ ਵਿੱਚੋਂ ਇੱਕ ਹੈ। ਇੰਨਾ ਹੀ ਨਹੀਂ, ਕਈ ਅਧਿਐਨਾਂ ਵਿੱਚ ਇਹ ਵੀ ਸਾਬਤ ਹੋ ਚੁੱਕਾ ਹੈ ਕਿ ਹੱਸਣਾ ਸਿਹਤ ਲਈ ਚੰਗਾ ਹੈ! ਇਸ ਉਦੇਸ਼ ਦੀ ਪੂਰਤੀ ਲਈ ਹਨੂਮਤ ਇੰਟਰਨੈਸ਼ਨਲ ਪਬਲਿਕ ਸਕੂਲ ਵਿਖੇ ਵਿਸ਼ਵ ਲਾਫਟਰ ਦਿਵਸ ਮਨਾਇਆ ਗਿਆ! ਇਸ ਮੌਕੇ ਅਨਿਲ ਕੋਛੜ (ਸਾਬਕਾ ਪ੍ਰਧਾਨ-ਭਾਰਤੀ ਯੋਗਾ ਸੰਸਥਾਨ), ਸੰਦੀਪ ਮਲਹੋਤਰਾ ਅਤੇ ਸੰਦੀਪ ਗਰਗ ਵਿਦਿਆਰਥੀ ਹਾਜ਼ਰ ਸਨ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਹੱਸਣ ਲਈ ਵੱਖ-ਵੱਖ ਯੋਗਾ ਟ੍ਰਿਕਸ ਸਿਖਾਏ। ਇਸ ਵਿੱਚ ਵਿਦਿਆਰਥੀਆਂ ਨੇ ਬੜੇ ਹੀ ਉਤਸ਼ਾਹ ਨਾਲ ਭਾਗ ਲਿਆ! ਇਸ ਵਿੱਚ ਵਿਦਿਆਰਥੀਆਂ ਦੇ ਨਾਲ-ਨਾਲ ਸਮੂਹ ਅਧਿਆਪਕਾਂ ਨੇ ਵੀ ਭਾਗ ਲਿਆ। ਸੰਦੀਪ ਵੱਲੋਂ ਦੱਸਿਆ ਗਿਆ ਕਿ ਹੱਸਣ ਨਾਲ ਸਾਡਾ ਤਣਾਅ ਘੱਟ ਹੁੰਦਾ ਹੈ, ਜਿਸ ਨਾਲ ਕਈ ਬਿਮਾਰੀਆਂ ਨੂੰ ਕਾਬੂ ਕੀਤਾ ਜਾ ਸਕਦਾ ਹੈ! ਪ੍ਰਿੰਸੀਪਲ ਆਰਤੀ ਸੋਬਤੀ ਨੇ ਧੰਨਵਾਦ ਕੀਤਾ। ਮੈਡਮ ਸੋਬਤੀ ਨੇ ਕਿਹਾ ਕਿ ਹੱਸਣ ਨਾਲ ਖੂਨ ਦੀਆਂ ਨਾੜੀਆਂ ਨੂੰ ਵਧੀਆ ਢੰਗ ਨਾਲ ਕੰਮ ਕਰਨ ਵਿਚ ਮਦਦ ਮਿਲਦੀ ਹੈ ਜੋ ਕਿ ਦਿਲ ਅਤੇ ਦਿਮਾਗ ਲਈ ਵਧੀਆ ਹੈ।

## ਸ਼ਰਧਾਲੂਆਂ ਦਾ ਬਾਰ੍ਹਵਾਂ ਜੱਥਾ ਕਰਤਾਰਪੁਰ ਸਾਹਿਬ (ਪਾਕਿ) ਵਿਖੇ ਹੋਇਆ ਨਤਮਸਤਕ




**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾ ਪੁਰੀਆ)**-ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਅਸਥਾਨ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਕਰਤਾਰਪੁਰ ਸਾਹਿਬ (ਪਾਕਿਸਤਾਨ) ਦੇ ਦਰਸ਼ਨਾਂ ਲਈ ਗੁਰੂ ਨਾਨਕ ਮਿਸ਼ਨ ਸੇਵਾ ਸੁਸਾਇਟੀ ਅਤੇ ਗੁਰੂ ਕੀ ਰਸੋਈ ਵਲੋਂ ਭੇਜਿਆ ਗਿਆ 96 ਮੈਂਬਰਾਂ ਦਾ ਬਾਰਵਾਂ ਜੱਥਾ ਦਰਸ਼ਨ ਦੀਦਾਰ ਕਰਕੇ ਦੇਰ ਰਾਤ ਵਾਪਿਸ ਪਰਤ ਆਇਆ। ਸੋਸਾਇਟੀ ਦੇ ਮੁੱਖ ਸੇਵਾਦਾਰ ਸੁਰਜੀਤ ਸਿੰਘ ਨੇ ਦੱਸਿਆ ਕਿ ਦੇਸ਼ ਦੀ ਵੰਡ ਮਗਰੋਂ ਨਾਨਕ ਨਾਮ ਲੇਵਾ ਹਰ ਸਿੱਖ ਵਲੋਂ ਕਰਤਾਰਪੁਰ ਦਾ ਲਾਂਘਾ ਖੋਲਣ ਵਾਲੀ ਅਰਦਾਸ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਪ੍ਰਵਾਨ ਹੋਈ ਅਤੇ ਅੱਜ ਹਰ ਦੇਸ਼ ਵਾਸੀ ਬਿਨਾਂ ਵੀਜ਼ਾ ਤੋਂ ਉਸ ਅਸਥਾਨ ਦੇ ਦਰਸ਼ਨ ਕਰ ਸਕਦਾ ਹੈ। ਵਾਹਿਗੁਰੂ ਦੀ ਕਿਰਪਾ ਸਦਕਾ ਇਸ ਅਸਥਾਨ ਦੇ ਦਰਸ਼ਨ ਕਰਾਉਣ ਦੀ ਸੇਵਾ ਕਰਾਉਣ ਵਿਚ ਯੋਗਦਾਨ ਪਾਉਣ ਦਾ ਸੁਭਾਗ ਗੁਰੂ ਨਾਨਕ ਮਿਸ਼ਨ ਸੇਵਾ ਸੋਸਾਇਟੀ ਨੂੰ ਵੀ ਪ੍ਰਾਪਤ ਹੋਇਆ ਹੈ ਅਤੇ ਸੋਸਾਇਟੀ ਹਰ ਮਹੀਨੇ ਕਰਤਾਰਪੁਰ ਸਾਹਿਬ ਦੀ ਯਾਤਰਾ ਲਈ ਜੱਥੇ ਭੇਜਣ ਦੀ ਸੇਵਾ ਕਰ ਰਹੀ ਹੈ। ਇਸ ਲੜੀ ਤਹਿਤ ਪਿਛਲੇ ਇਕ ਸਾਲ ਦੌਰਾਨ ਭੇਜੇ ਜਾ ਰਹੇ ਸ਼ਰਧਾਲੂਆਂ ਦੇ ਜੱਥਿਆਂ ਦੀ ਲੜੀ ਦਾ ਬਾਰਵਾਂ ਜੱਥਾ ਇਸ ਅਸਥਾਨ ਦੇ ਦਰਸ਼ਨ ਕਰਕੇ ਦੇਰ ਰਾਤ ਵਾਪਿਸ ਪਰਤਿਆ। ਇਸ ਮੌਕੇ ਜੱਥੇ ਦੇ ਮੈਂਬਰਾਂ ਵਲੋਂ ਭਾਈ ਗੋਬਿੰਦ ਸਿੰਘ, ਭਾਈ ਮਨਦੀਪ ਸਿੰਘ, ਮੀਤ ਗ੍ਰੰਥੀ ਭਾਈ ਰਕੇਸ਼ ਸਿੰਘ ਅਤੇ ਭਾਈ ਬਿਕਰਮ ਸਿੰਘ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਸੁਰਜੀਤ ਸਿੰਘ ਵਲੋਂ ਇਹ ਵੀ ਦੱਸਿਆ ਗਿਆ ਕਿ ਗੁਰੂ ਨਾਨਕ ਮਿਸ਼ਨ ਸੇਵਾ ਸੋਸਾਇਟੀ ਅਤੇ ਗੁਰੂ ਕੀ ਰਸੋਈ ਵਲੋਂ 105 ਮੈਂਬਰਾਂ ਦਾ ਅਗਲਾ ਅਤੇ ਤੇਰਵਾਂ ਜੱਥਾ 21 ਮਈ ਨੂੰ ਕਰਤਾਰਪੁਰ ਸਾਹਿਬ ਦੀ ਯਾਤਰਾ ਲਈ ਭੇਜਿਆ ਜਾਵੇਗਾ। ਜੱਥੇ ਦੇ ਮੈਂਬਰਾਂ ਵਿਚ ਜਗਜੀਤ ਸਿੰਘ, ਗਿਆਨ ਸਿੰਘ, ਮਨਜੀਤ ਸਿੰਘ ਸੈਣੀ, ਹਰਜਿੰਦਰ ਸਿੰਘ ਰਾਏ, ਗੁਰਿੰਦਰ ਸਿੰਘ, ਨਵਦੀਪ ਸਿੰਘ, ਗੁਰਦੀਪ ਸਿੰਘ ਤੋਂ ਇਲਾਵਾ ਬੰਗਾ, ਗੜ੍ਹਸ਼ੰਕਰ, ਪਿੰਡ ਮੋਰਾਂਵਾਲੀ, ਗੜ ਪਧਾਨਾ, ਡੋਗਰਪੁਰ, ਰੱਕੜ ਬੇਟ, ਜੈਨਪੁਰ, ਬੜਵਾ ਅਤੇ ਚੱਕ ਗੁਜਰਪੁਰ ਤੋਂ ਸੰਗਤਾਂ ਵੀ ਸ਼ਾਮਲ ਸਨ।

## ਗੱਠਜੋੜ ਦੀ ਗੁਰਾਇਆ ਰੈਲੀ 'ਚ ਉਮੜਿਆ ਜਨ-ਸੈਲਾਬ



**ਫਿਲੌਰ (ਬੀ ਐਸ ਕੈਨੈਡੀ)** ਪਿੰਡ ਅੱਟਾ ਨੇੜੇ ਹੋਈ ਰੈਲੀ 'ਚ ਉਮੜਿਆ ਜਨ ਸੈਲਾਬ 13 ਮਈ ਨੂੰ ਆਉਣ ਵਾਲੇ ਨਤੀਜਿਆਂ ਵੱਲ ਇਸ਼ਾਰਾ ਕਰ ਰਿਹਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੀਤਾ। ਉਨ੍ਹਾਂ ਕਿਹਾ ਕਿ ਮਰਹੂਮ ਪ੍ਰਕਾਸ਼ ਸਿੰਘ ਬਾਦਲ ਨੂੰ ਸੱਚੀ ਸ਼ਰਧਾਂਜਲੀ ਇਹੋ ਹੋਵੇਗੀ ਕਿ ਗੱਠਜੋੜ ਦੇ ਸਮੂਹ ਆਗੂ ਤੇ ਵਰਕਰ ਗੱਠਜੋੜ ਦੀਆਂ ਨੀਤੀਆਂ ਤੇ ਪ੍ਰੋਗਰਾਮਾਂ ਨੂੰ ਲੋਕਾਂ ਤੱਕ ਲੈ ਕੇ ਜਾਣ ਤੇ ਗੱਠਜੋੜ ਦੇ ਉਮੀਦਵਾਰ ਡਾ. ਸੁਖਵਿੰਦਰ ਕੁਮਾਰ ਸੁੱਖੀ ਨੂੰ ਵੱਡੀ ਲੀਡ ਨਾਲ ਜਿਤਾ ਕੇ ਸੰਸਦ ਵਿੱਚ ਭੇਜਿਆ ਜਾਵੇ। ਬਸਪਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਜਲੰਧਰ ਹਲਕੇ ਦੇ ਸਮੂਹ ਬਸਪਾ ਵਰਕਰਾਂ ਨੂੰ ਭੈਣ ਮਾਇਆਵਤੀ ਦਾ ਸੰਦੇਸ਼ ਹੈ ਕਿ ਉਹ ਦਲਿਤ ਵਿਰੋਧੀ ਕਾਂਗਰਸ ਤੇ ਆਪ ਨੂੰ ਸਬਕ ਸਿਖਾਉਣ ਲਈ ਗੱਠਜੋੜ ਦੇ ਸਾਂਝੇ ਉਮੀਦਵਾਰ ਡਾ. ਸੁਖਵਿੰਦਰ ਕੁਮਾਰ ਸੁੱਖੀ ਨੂੰ ਤੱਕੜੀ ਦਾ ਬਟਨ ਦਬਾਕੇ ਕਾਮਯਾਬ ਬਣਾਉਣ। ਬਸਪਾ ਆਗੂ ਅਵਤਾਰ ਸਿੰਘ ਕਰੀਮਪੁਰੀ ਨੇ ਪਿੰਡ ਮਤਫੱਲੂ ਤੋਂ ਬਹੁਜਨ ਸਮਾਜ ਪਾਰਟੀ ਦੀ ਸਰਪੰਚ ਨਾਲ ਆਮ ਆਦਮੀ ਪਾਰਟੀ ਦੇ ਵਿਧਾਇਕ ਵੱਲੋਂ ਕੀਤੇ ਦੁਰਵਿਹਾਰ ਬਾਰੇ ਬੋਲਦਿਆਂ ਗੱਠਜੋੜ ਦੇ ਵਰਕਰਾਂ ਨੂੰ ਇਨ੍ਹਾਂ ਦਲਿਤ ਵਿਰੋਧੀ ਤਾਕਤਾਂ ਨੂੰ ਸਬਕ ਸਿਖਾਉਣ ਦੀ ਅਪੀਲ ਕੀਤੀ।

## ਸੈਦਪੁਰ ਝਿੜੀ 'ਚ ਸਾਹੋਕੇ ਨੇ ਘਰੋ-ਘਰੀ ਵੋਟਾਂ ਮੰਗੀਆਂ



**ਸ਼ਾਹਕੋਟ (ਗਿਆਨ ਸੈਦਪੁਰੀ)**—ਭੁਪਿੰਦਰ ਸਿੰਘ ਸਾਹਕੋ ਹਲਕਾ ਇੰਚਾਰਜ ਕਾਂਗਰਸ ਪਾਰਟੀ ਨਿਹਾਲ ਸਿੰਘ ਵਾਲਾ ਨੇ ਪਿੰਡ ਸੈਦਪੁਰ ਝਿੜੀ ਵਿੱਚ ਕਾਂਗਰਸੀ ਉਮੀਦਵਾਰ ਪ੍ਰੋ: ਕਰਮਜੀਤ ਕੌਰ ਚੌਧਰੀ ਦੇ ਹੱਕ ਵਿੱਚ ਘਰੋ- ਘਰੀ ਜਾ ਕੇ ਵੋਟਾਂ ਮੰਗੀਆ। ਸਾਹੋਕੇ ਦੀ ਅਪੀਲ ਨੂੰ ਪਿੰਡ ਵਾਸੀਆਂ ਨੇ ਭਰਪੂਰ ਹੁੰਗਾਰਾ ਦਿੱਤਾ। ਉਹ ਛੋਟੇ ਛੋਟੇ ਬੱਚਿਆਂ ਨੂੰ ਦੁਲਾਰਦੇ ਰਹੇ। ਬਹੁਤ ਸਾਰੇ ਬੱਚਿਆਂ ਨੇ ਸਾਹੋਕੇ ਨਾਲ ਤਸਵੀਰਾਂ ਖਿਚਾ ਕੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਪਿੰਡ ਦੇ ਸਰਪੰਚ ਨਰਿੰਦਰ ਪਾਲ ਸਿੰਘ ਭੱਟੀ, ਸੁਖਵਿੰਦਰ ਸਿੰਘ ਸੋਖਾ, ਅਮਰੀਕ ਸਿੰਘ ਮੈਂਬਰ ਪੰਚਾਇਤ, ਅਮਨ ਮਸੀਹ, ਸ਼ਾਮ ਲਾਲ ( ਦੋਵੇਂ ਸਾਬਕਾ ਪੰਚ) ਤਰਸੇਮ ਸਿੰਘ ਧੰਜੂ, ਨਿੱਕੂ ਧੰਜੂ, ਰਣਜੀਤ ਸਿੰਘ ਰਾਣਾ, ਪ੍ਰੀਤਮ ਸਿੰਘ ਸਾਬਕਾ ਸਰਪੰਚ ਆਦਿ ਭੁਪਿੰਦਰ ਸਿੰਘ ਸਾਹੋਕੇ ਦੇ ਨਾਲ ਸਨ।

## ਸ਼ੁਸੀਲ ਰਿੰਕੂ ਦੇ ਹੱਕ 'ਚ ਪਿੰਡਾਂ ਦੇ ਤੂਫਾਨੀ ਦੌਰੇ

**ਫਿਲੌਰ (ਨਿਰਮਲ)**- ਜਲੰਧਰ ਲੋਕ ਸਭਾ ਜ਼ਿਮਨੀ ਚੋਣ 'ਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸ਼ੁਸੀਲ ਕੁਮਾਰ ਰਿੰਕੂ ਦੇ ਹੱਕ 'ਚ ਆਮ ਆਦਮੀ ਪਾਰਟੀ ਦੇ ਜੁਆਇੰਟ ਸਕੱਤਰ ਪੰਜਾਬ ਅਤੇ ਹਲਕਾ ਇੰਚਾਰਜ ਫਿਲੌਰ ਪ੍ਰਿੰਸੀਪਲ ਪ੍ਰੇਮ ਕੁਮਾਰ ਵੱਲੋਂ ਹਲਕਾ ਦੇ ਵੱਖ-ਵੱਖ ਪਿੰਡਾਂ ਵਿੱਚ ਤੂਫਾਨੀ ਦੌਰੇ ਕੀਤੇ ਜਾ ਰਹੇ ਹਨ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਕਿਹਾ ਕਿ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੀ ਹਾਲਤ ਇੰਨੀ ਮਾੜੀ ਹੋ ਚੁੱਕੀ ਹੈ ਕਿ ਲੋਕ ਹੁਣ ਇਨ੍ਹਾਂ ਦੇ ਆਗੂਆ ਨੂੰ ਦੇਖਣਾ ਪਸੰਦ ਨਹੀਂ ਕਰਦੇ। ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਆਗੂਆ ਨੇ ਸੱਤਾ ਵਿੱਚ ਰਹਿੰਦਿਆਂ ਲੋਕ-ਪੱਖੀ ਕੰਮ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਨੇ ਪੰਜਾਬ ਵਿੱਚੋਂ ਭ੍ਰਿਸ਼ਟਾਚਾਰ ਨੂੰ ਖਤਮ ਕਰ ਦਿੱਤਾ ਹੈ। ਅਸੀਂ ਇਕ ਸਾਲ ਅੰਦਰ ਸੈਂਕੜੇ ਭ੍ਰਿਸ਼ਟ ਅਫਸਰਾਂ, ਮੁਲਾਜ਼ਮਾਂ ਅਤੇ ਆਗੂਆ ਖਿਲਾਫ਼ ਕਾਰਵਾਈ ਕਰਕੇ ਉਨ੍ਹਾਂ ਨੂੰ ਜੇਲ੍ਹ ਭੇਜ ਦਿੱਤਾ ਹੈ। ਲੋਕ ਸਭਾ ਜ਼ਿਮਨੀ ਚੋਣ ਜਲੰਧਰ ਆਮ ਆਦਮੀ ਪਾਰਟੀ ਦੇ ਉਮੀਦਵਾਰ ਨੂੰ ਜਿਤਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਉਮੀਦਵਾਰ ਸ਼ੁਸੀਲ ਕੁਮਾਰ ਰਿੰਕੂ ਦੀ ਜਿੱਤ ਸਾਡੇ ਹੌਂਸਲੇ ਜਰੂਰ ਬੁਲੰਦ ਕਰੇਗੀ, ਜਿਸ ਤੋਂ ਬਾਅਦ ਅਸੀਂ ਪੰਜਾਬ ਦੇ ਵਿਕਾਸ ਲਈ ਹੋਰ ਵੀ ਉਤਸ਼ਾਹ ਨਾਲ ਸਖਤ ਮਿਹਨਤ ਕਰਾਂਗੇ। ਸ਼ੁਸੀਲ ਰਿੰਕੂ ਲੋਕ ਸਭਾ ਵਿੱਚ ਪੰਜਾਬ ਅਤੇ ਜਲੰਧਰ ਲਈ ਆਵਾਜ਼ ਉਠਾਉਣਗੇ ਅਤੇ ਜਲੰਧਰ ਦੇ ਵਿਕਾਸ ਲਈ ਕੇਂਦਰੀ ਫੰਡ ਲੈ ਕੇ ਆਉਣਗੇ।

## ਬ੍ਰਿਜ ਭੂਸ਼ਣ ਨੂੰ ਗ੍ਰਿਫਤਾਰ ਕਰਨ ਦੀ ਮੰਗ

**ਜਲੰਧਰ, (ਨਵਾਂ ਜ਼ਮਾਨਾ ਸਰਵਿਸ)** - ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਨ ਸ਼ਰਨ ਸਿੰਘ ਵੱਲੋਂ ਪਹਿਲਵਾਨ ਲੜਕੀਆਂ ਦੇ ਜਿਨਸੀ ਸ਼ੋਸ਼ਨ ਦੇ ਖਿਲਾਫ਼ ਸੁਪਰੀਮ ਕੋਰਟ ਦੇ ਨਿਰਦੇਸ਼ ਮੁਤਾਬਿਕ ਐਫ. ਆਈ. ਆਰ. ਦਰਜ ਕਰਨ ਦੇ ਬਾਵਜੂਦ ਪ੍ਰਧਾਨ ਨੂੰ ਅਹੁਦੇ ਤੋਂ ਬਰਖਾਸਤ ਅਤੇ ਗ੍ਰਿਫਤਾਰ ਨਾ ਕਰਨ ਦੀ ਨਿਖੇਧੀ ਕਰਦਿਆਂ ਸੀ. ਪੀ. ਆਈ. (ਐਮ-ਐਲ) ਦੀ ਪੰਜਾਬ ਸੂਬਾ ਕਮੇਟੀ ਨੇ ਸੰਘਰਸ਼ ਕਰ ਰਹੀਆਂ ਪਹਿਲਵਾਨ ਲੜਕੀਆਂ ਦੀ ਹਮਾਇਤ ਵਿੱਚ ਜ਼ੋਰਦਾਰ ਆਵਾਜ਼ ਬੁਲੰਦ ਕਰਨ ਦਾ ਸੱਦਾ ਦਿੱਤਾ।

ਪਾਰਟੀ ਦੀ ਸੂਬਾ ਕਮੇਟੀ ਵੱਲੋਂ ਪ੍ਰੈਸ ਦੇ ਨਾਂਅ ਜਾਰੀ ਬਿਆਨ ਵਿੱਚ ਪਾਰਟੀ ਆਗੂ ਕਾਮਰੇਡ ਅਜਮੇਰ ਸਿੰਘ ਨੇ ਕਿਹਾ ਕਿ ਬ੍ਰਿਜ ਭੂਸ਼ਨ ਸ਼ਰਨ ਸਿੰਘ ਦੇ ਖਿਲਾਫ ਕਾਰਵਾਈ ਕੀਤੇ ਜਾਣ ਲਈ 18 ਜਨਵਰੀ ਨੂੰ ਜੰਤਰ-ਮੰਤਰ ਉੱਪਰ ਧਰਨਾ ਦਿੱਤਾ ਗਿਆ ਸੀ। ਖੇਡ ਮੰਤਰਾਲੇ ਵੱਲੋਂ ਦੋਸ਼ਾਂ ਦੀ ਪੜਤਾਲ ਕਰਕੇ ਕਾਰਵਾਈ ਕਰਨ ਅਤੇ ਇਨਸਾਫ ਦੇਣ ਦਾ ਭਰੋਸਾ ਦਿੱਤਾ ਗਿਆ ਸੀ। ਪ੍ਰੰਤੂ 5 ਅਪ੍ਰੈਲ ਨੂੰ ਕਮੇਟੀ ਵੱਲੋਂ ਪਹਿਲਵਾਨ ਲੜਕੀਆਂ 'ਤੇ ਅਜਿਹੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਸਹੀ ਢੰਗ ਨਾ ਅਪਣਾਏ ਜਾਣ ਦਾ ਦੋਸ਼ ਲਾਉਣ ਕਾਰਨ, ਨਿਗਰਾਨ ਕਮੇਟੀ ਦੀ ਰਿਪੋਰਟ 'ਚ ਦੇਰੀ ਕਾਰਨ ਭਰੋਸਾ ਉਠ ਗਿਆ ਹੈ। ਸਬਰ ਦਾ ਪਿਆਲਾ ਭਰ ਜਾਣ 'ਤੇ ਪਹਿਲਵਾਨ ਲੜਕੀਆਂ ਮੁੜ ਧਰਨਾ ਲਾਉਣ ਲਈ ਮਜਬੂਰ ਹੋਈਆਂ। ਸਰਕਾਰ ਵੱਲੋਂ ਮਾਮਲੇ ਦੀ ਗੰਭੀਰਤਾ ਦੀ ਅਣਦੇਖੀ ਕਾਰਨ ਪਹਿਲਵਾਨਾਂ ਨੂੰ ਸੁਪਰੀਮ ਕੋਰਟ ਦਾ ਦਰਵਾਜਾ ਖੜਕਾਉਣਾ ਪਿਆ। ਤਦ ਮਜਬੂਰੀ ਵੱਸ ਐਫ.ਆਈ.ਆਰ. ਦਰਜ ਕੀਤੀ ਗਈ, ਪਰ ਹਾਲੇ ਉਸਨੂੰ ਅਹੁਦੇ ਤੋਂ ਬਰਖਾਸਤ ਨਹੀਂ ਕੀਤਾ ਗਿਆ ਅਤੇ ਨਾ ਹੀ ਗ੍ਰਿਫਤਾਰ ਕੀਤਾ ਗਿਆ। ਬ੍ਰਿਜ ਭੂਸ਼ਨ ਖਿਲਾਫ ਪਹਿਲਾਂ ਵੀ ਕਤਲਾਂ ਸਮੇਤ ਬਹੁਤ ਸਾਰੇ ਅਪਰਾਧਿਕ ਮਾਮਲੇ ਦਰਜ ਹਨ। ਸਰਕਾਰ ਵੱਲੋਂ ਜੰਤਰ-ਮੰਤਰ ਦੇ ਧਰਨੇ ਨੂੰ ਦੇਸ਼ ਦਾ ਅਕਸ ਖਰਾਬ ਕਰਨ ਅਤੇ ਡਸਿਪਲਨ ਭੰਗ ਕਰਨ ਦਾ ਗੁੰਮਰਾਹਕੁੰਨ ਪ੍ਰਚਾਰ ਕੀਤਾ ਜਾ ਰਿਹਾ ਹੈ। ਪਾਰਟੀ ਨੇ ਬ੍ਰਿਜ ਭੂਸ਼ਨ ਨੂੰ ਅਹੁਦੇ ਤੋਂ ਫੌਰੀ ਤੌਰ 'ਤੇ ਬਰਖਾਸਤ ਕਰਕੇ ਗ੍ਰਿਫਤਾਰ ਕਰਨ ਦੀ ਮੰਗ ਕੀਤੀ ਅਤੇ ਪਹਿਲਵਾਨ ਲੜਕੀਆਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਨ ਦਾ ਸੱਦਾ ਦਿੱਤਾ।

## ਜ਼ਿਮਨੀ ਚੋਣ 'ਚ 'ਆਪ' ਦੀ ਹਾਰ ਤੈਅ : ਚੌਧਰੀ



**ਫਿਲੌਰ (ਨਿਰਮਲ)**-ਜਲੰਧਰ ਜ਼ਿਮਨੀ ਚੋਣ ਪ੍ਰਚਾਰ ਨੂੰ ਜਾਰੀ ਰੱਖਦੇ ਹੋਏ ਫਿਲੌਰ ਦੇ ਵਿਧਾਇਕ ਵਿਕਰਮਜੀਤ ਸਿੰਘ ਚੌਧਰੀ ਨੇ ਕਿਹਾ ਕਿ ਲੋਕ ਭਗਵੰਤ ਮਾਨ ਸਰਕਾਰ ਤੋਂ ਤੰਗ ਆ ਚੁੱਕੇ ਹਨ ਅਤੇ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੀ ਹਾਰ ਪੱਕੀ ਹੈ। ਉਨ੍ਹਾਂ ਨੇ ਕਿਹਾ ਕਿ ਪਿਛਲੇ ਸਾਲ ਸੰਗਰੂਰ 'ਚ ਹਾਰ ਤੋਂ ਬਾਅਦ ਜਲੰਧਰ ਜ਼ਿਮਨੀ ਚੋਣ ਵੀ ਹਾਰਨ ਦਾ ਡਰ 'ਆਪ' ਆਗੂਆਂ ਨੂੰ ਸਤਾ ਰਿਹਾ ਹੈ, ਜਿਸ ਕਾਰਨ ਉਹ ਵੋਟਰਾਂ ਨੂੰ ਡਰਾਉਣ ਧਮਕਾਉਣ ਅਤੇ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਕਰਨ 'ਚ ਲੱਗੇ ਹੋਏ ਹਨ। ਵਿਧਾਨ ਸਭਾ ਹਲਕਾ ਫਿਲੌਰ ਦੇ ਰਸੂਲਪੁਰ, ਭਾਰ ਸਿੰਘ ਪੁਰਾ, ਢੱਕ ਮਜਾਰਾ, ਮੰਡੀ, ਝੁੱਗੀਆਂ ਮਹਾਂ ਸਿੰਘ, ਮੁਠੱਡਾ ਕਲਾਂ, ਅੱਟਾ ਅਤੇ ਗੁਰਾਇਆ ਵਿਖੇ ਚੋਣ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਚੌਧਰੀ ਨੇ ਕਿਹਾ ਕਿ ਜਲੰਧਰ ਦੀ ਹਰ ਗਲੀ, ਵਾਰਡ ਅਤੇ ਪਿੰਡ ਵਿੱਚ 'ਆਪ' ਵਿਰੋਧੀ ਲਹਿਰ ਚੱਲ ਰਹੀ ਹੈ, ਅਤੇ ਵੱਡੀ ਹਾਰ ਤੋਂ ਡਰੀ 'ਆਪ' ਸਰਕਾਰ ਪੁਲਸ ਅਤੇ ਬੀ.ਡੀ.ਪੀ.ਓਜ਼ ਰਾਹੀਂ ਡਰਾਉਣ-ਧਮਕਾਉਣ ਦੀਆਂ ਚਾਲਾਂ ਚੱਲ ਰਹੀ ਹੈ। ਚੌਧਰੀ ਨੇ ਕਿਹਾ ਕਿ ਪਿਛਲੇ ਸਾਲ ਸੰਗਰੂਰ ਜ਼ਿਮਨੀ ਚੋਣ ਹਾਰਨ ਤੋਂ ਬਾਅਦ 'ਆਪ' ਨੂੰ ਜਲੰਧਰ 'ਚ ਵੀ ਵੱਡੀ ਹਾਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਲੋਕਾਂ ਨੇ 'ਐਡ ਆਦਮੀ ਪਾਰਟੀ' ਨੂੰ ਨਕਾਰ ਦਿੱਤਾ ਹੈ ਅਤੇ ਉਹ 10 ਮਈ ਨੂੰ ਕਾਂਗਰਸ ਉਮੀਦਵਾਰ ਕਰਮਜੀਤ ਕੌਰ ਚੌਧਰੀ ਨੂੰ ਵੋਟਾਂ ਪਾਉਣ ਲਈ ਉਤਸਕ ਹਨ।